ਪੀਜ਼ਾ ਸਟੋਰ ਵਿਕਾਊ ਹੈ
Here is great opportunity to buy running pizza business for small investment. Nice shopping center on busy street. Need to sell quick due to the family reason
Please contact Paul for details
916-613-9643
(English only)

ਹਫਤਾਵਾਰੀ
# ਦੇਸ਼ ਦੁਆਬਾ
VOL - 4 ISSUE -46-48
March 2, 2016
Postal Address
5101 Doe Hollow Pl, Antelope, CA-95843
www.deshdoaba.com
www.ambedkartimes.com

Golden State Truck Sales Inc.

ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

## ਬਹੁਜਨ ਸਮਾਜ ਦੇ ਨਿਧੜਕ ਵਿਦਵਾਨ ਸਵ: ਸੀ. ਐੱਲ. ਚੁੰਬਰ ਨੂੰ ਉੱਚ ਸ਼ਖ਼ਸ਼ੀਅਤਾਂ ਵਲੋਂ ਭਾਵ ਭਿੰਨੀਆਂ ਸ਼ਰਧਾਂਜ਼ਲੀਆਂ ਭੇਂਟ



**ਜਲੰਧਰ (ਰੇਸ਼ਮ ਕਰਨਾਣਵੀ)–** ਬਹੁਜਨ ਸਮਾਜ ਦੇ ਚਿੰਤਕ, ਸਮਾਜਿਕ, ਰਾਜਨੀਤਕ ਅਤੇ ਧਾਰਮਿਕ ਗੂੜ੍ਹ ਗਿਆਤਾ, ਨਿਧੜਕ ਬੁਲਾਰੇ, ਕੌਮੀ ਉਡਾਰੀਆਂ ਮੈਗਜ਼ੀਨ ਦੇ ਮੁੱਖ ਸੰਪਾਦਕ, ਬਹੁਜਨ ਬੁਲੇਟਨ ਦੇ ਸੰਚਾਲਕ, ਆਦਿ ਧਰਮ ਦੇ ਬਾਨੀ ਗ਼ਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ ਦੇ ਸੰਘਰਸ਼ ਦੇ ਮੁਦੱਈ, ਹਰ ਤਰ੍ਹਾਂ ਦੇ ਗਿਆਨ ਦੀ ਜਿੰਦਾ ਲਾਇਬਰੇਰੀ, ਤਰਕ ਦੇ ਧਾਰਨੀ ਅਤੇ ਕੁਲਵਕਤੀ ਸਮਾਜਿਕ ਕਾਰਜ ਕਰਤਾ ਸ਼੍ਰੀ ਸੀ. ਐੱਲ. ਚੁੰਬਰ 6 ਫਰਵਰੀ

**(ਬਾਕੀ ਖਬਰ ਅਤੇ ਤਸਵੀਰਾਂ ਦੇਖੋ ਸਫਾ 16 ਅਤੇ 17 ਉਤੇ)**

# ਪੰਜਾਬ ਦੇ ਪਾਣੀਆਂ ਬਾਰੇ ਸੁਪਰੀਮ ਕੋਰਟ ਵਿੱਚ ਸੁਣਵਾਈ ਸ਼ੁਰੂ

## ਸਿਆਸੀ ਅਤੇ ਜਨਤਕ ਹਲਕਿਆਂ ਵਿਚ ਬਹਿਸ ਕਾਰਨ ਪਾਣੀ ਬਣੇਗਾ ਪੰਜਾਬ ਲਈ ਵੱਡਾ ਮੁੱਦਾ

**ਚੰਡੀਗੜ੍ਹ (ਬਿਊਰੋ)–** ਦਰਿਆਈ ਪਾਣੀਆਂ ਦੀ ਵੰਡ ਬਾਰੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵੱਲੋਂ ਬਣਾਏ ਗਏ ਟਰਮੀਨੇਸ਼ਨ ਆਫ ਵਾਟਰ ਐਗਰੀਮੈਂਟਸ ਐਕਟ-2004 ਬਾਰੇ ਰਾਸ਼ਟਰਪਤੀ ਵੱਲੋਂ ਮੰਗੇ ਸਪੱਸ਼ਟੀਕਰਨ ਉਤੇ ਸੁਪਰੀਮ ਕੋਰਟ ਵਿੱਚ ਸੁਣਵਾਈ ਸ਼ੁਰੂ ਹੋਣ ਨਾਲ ਪੰਜਾਬ ਵਿੱਚ ਸੱਤਾਧਾਰੀ ਅਕਾਲੀ-ਭਾਜਪਾ ਗੱਠਜੋੜ ਨੂੰ ਹੱਥਾਂ-ਪੈਰਾਂ ਦੀ ਪੈ ਗਈ ਹੈ। ਪਾਣੀਆਂ ਦਾ ਮਸਲਾ ਸਮਾਜਿਕ, ਆਰਥਿਕ ਅਤੇ ਸਿਆਸੀ ਤੌਰ ’ਤੇ ਬੇਹੱਦ ਅਹਿਮ ਹੈ, ਜਿਸ ਕਾਰਨ ਅਕਾਲੀ-ਭਾਜਪਾ ਆਗੂਆਂ ਨੇ ਇਸ ਨੂੰ ਦਿੱਲੀ ਦਰਬਾਰ ਵਿੱਚ ਉਠਾਉਣ ਦਾ ਫ਼ੈਸਲਾ ਕੀਤਾ ਹੈ। ਅੱਜ ਇਥੇ ਪੰਜਾਬ ਕੈਬਨਿਟ ਦੀ ਬੈਠਕ ਵਿੱਚ ਇਸ ਮਸਲੇ ਉਤੇ ਵਿਸਥਾਰ-ਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ। ਬਾਅਦ ’ਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ’ਦਿ ਟ੍ਰਿਬਿਊਨ’ ਨੂੰ ਦੱਸਿਆ ਕਿ ਅਕਾਲੀ ਤੇ ਭਾਜਪਾ ਨੇ ਕੇਂਦਰ ਅੱਗੇ ਪਾਣੀ ਬਾਰੇ ਪੰਜਾਬ ਦਾ ਪੱਖ ਰੱਖਣ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਕਿਹਾ, ’ਪਾਣੀ ਪੰਜਾਬ ਦੀ ਜੀਵਨ ਰੇਖਾ ਹੈ। ਦੇਸ਼ ਦੇ ਅੰਨ ਭੰਡਾਰ ਭਰਨ ਲਈ ਪੰਜਾਬ ਨੇ ਧਰਤੀ ਹੇਠਲੇ ਪਾਣੀ ਤੇ ਮਿੱਟੀ ਦੀ ਉਪਜਾਊ ਸ਼ਕਤੀ ਦੀ ਬਲੀ ਦਿੱਤੀ ਹੈ। ਪੰਜਾਬ ਬਦੌਲਤ ਹੀ ਖਾਧ ਸੁਰੱਖਿਆ ਦੀ ਟੀਚਾ ਹਾਸਲ ਕੀਤਾ ਗਿਆ ਹੈ ਅਤੇ ਭਵਿੱਖ ਵਿੱਚ ਵੀ ਸੂਬੇ ’ਚ ਪਾਣੀ ਦੀ ਉਪਲੱਬਧਤਾ ’ਤੇ ਖਾਧ ਸੁੱਖਿਆ ਨਿਰਭਰ ਕਰੇਗੀ। ਪੰਜਾਬ ਕਿਸੇ ਨੂੰ ਵੀ ਦਰਿਆਈ ਪਾਣੀ ਨਹੀਂ ਦੇ ਸਕਦਾ।’ ਇਸ ਮਸਲੇ ’ਤੇ ਵਿਚਾਰ ਲਈ ਮੁੱਖ ਮੰਤਰੀ ਬਾਦਲ ਨੇ ਅਕਾਲੀ ਦਲ ਦੀ ਕੋਰ ਕਮੇਟੀ ਦੀ ਭਲਕੇ ਬੈਠਕ ਸੱਦ ਲਈ ਹੈ। ਪਾਣੀ ਦੀ ਵੰਡ ਕਾਰਨ ਪੰਜਾਬ ’ਚ ਇਕ ਦਹਾਕੇ ਤਕ ਸਿਆਸੀ ਤੇ ਸਮਾਜਿਕ ਉੱਥਲ ਪੁੱਥਲ ਤੋਂ ਇਲਾਵਾ ਹਿੰਸਾ ਦੀ ਵਗੀ ਹਨੇਰੀ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਭਾਵੇਂ ਹੁਣ ਇਸ ਮਸਲੇ ਦੀ ਰਾਜਸੀ ਮਹੱਤਤਾ ਘੱਟ ਗਈ ਹੈ ਪਰ ਇਸ ਨਾਲ ਆਰਥਿਕਤਾ ਅਤੇ ਸਰਹੱਦੀ ਸੂਬੇ ਦੇ ਹਾਲਾਤ ਮੁੜ ਵਿਗੜ ਸਕਦੇ ਹਨ। ਉਨ੍ਹਾਂ ਦੱਸਿਆ, ’ਅਸੀਂ ਇਸ ਬਾਰੇ ਕੈਬਨਿਟ ਮੀਟਿੰਗ ਵਿੱਚ ਵਿਚਾਰ ਕੀਤਾ ਹੈ ਅਤੇ ਬੈਠਕ ਵਿੱਚ ਭਾਜਪਾ ਦੇ ਤਿੰਨੇ ਮੰਤਰੀ ਹਾਜ਼ਰ ਸਨ। ਭਾਜਪਾ ਦੇ ਵਜ਼ੀਰਾਂ ਨੇ ਵੀ ਇਸ ਮਾਮਲੇ ਨੂੰ ਕੇਂਦਰ ਕੋਲ ਉਠਾਉਣ ਲਈ ਸਹਿਮਤੀ ਦਿੱਤੀ ਹੈ। ਸੂਤਰਾਂ ਮੁਤਾਬਕ ਹਰਿਆਣਾ ਨਾਲ ਪਾਣੀਆਂ ਦੀ ਵੰਡ ਬਾਰੇ ਢੁਕਵਾਂ ਟ੍ਰਿਬਿਊਨਲ ਬਣ-ਾਉਣ ਲਈ ਪੰਜਾਬ ਨੇ ਪਿਛਲੇ ਸਾਲ ਹੀ ਸੁਪਰੀਮ ਕੋਰਟ ਦਾ ਦਰਵਾਜਾ ਖੜਕਾ ਦਿੱਤਾ ਸੀ। ਸੂਤਰਾਂ ਮੁਤਾਬਕ ਸਿੰਜਾਈ ਵਿਭਾਗ ਨੇ ਮੰਤਰੀਆਂ ਨੂੰ ਦੱਸਿਆ ਕਿ ਪਿਛਲੇ ਸਮੇਂ ਦੌਰਾਨ ਰਾਵੀ ਤੇ ਬਿਆਸ ਦਾ ਪਾਣੀ ਵੱਡੇ ਪੱਧਰ ’ਤੇ ਘਟਿਆ ਹੈ। ਮੰਤਰੀਆਂ ਨੂੰ ਦੱਸਿਆ ਗਿਆ ਕਿ ਸਾਲ 1981 ਵਿੱਚ 17.17 ਮਿਲੀਅਨ ਏਕੜ ਫੁੱਟ (ਐਮਏਐਫ) ਪਾਣੀ ਸੀ, ਜੋ ਸਾਲ 2002 ਤਕ ਘੱਟ ਕੇ 14.37 ਐਮਏਐਫ ਰਹਿ ਗਿਆ। ਸਾਲ 2002 ਤੋਂ 2013 ਤਕ ਪਾਣੀ ਘੱਟ ਕੇ 13.38 ਐਮ ਏ ਐਫ ਹੀ ਰਹਿ ਗਿਆ ਹੈ।



ਭਾਜਪਾ ਦੇ ਮੰਤਰੀ ਮਦਨ ਮੋਹਨ ਮਿੱਤਲ ਨੇ ਕਿਹਾ ਕਿ ਪੰਜਾਬ ਭਾਜਪਾ ਇਸ ਮਸਲੇ ਉਤੇ ਅਕਾਲੀ ਦਲ ਨਾਲ ਖੜ੍ਹੀ ਹੈ ਅਤੇ ਕੈਬਨਿਟ ਮੀਟਿੰਗ ਬਾਅਦ ਉਨ੍ਹਾਂ ਨੇ ਮੁੱਖ ਮੰਤਰੀ ਨਾਲ ਇਸ ਬਾਰੇ ਵੱਖਰੇ ਤੌਰ ’ਤੇ ਬੈਠਕ ਕੀਤੀ ਹੈ। ਸ੍ਰੀ ਮਿੱਤਲ ਨੇ ਕਿਹਾ, ’ਅਸੀਂ ਪਹਿਲਾਂ ਪੰਜਾਬ ਭਾਜਪਾ ਪ੍ਰਧਾਨ ਕਮਲ ਸ਼ਰਮਾ ਨੂੰ ਮਿਲਾਂਗੇ।

ਬਾਅਦ ਵਿੱਚ ਉਹ ਕੇਂਦਰੀ ਲੀਡਰਸ਼ਿਪ ਤੋਂ ਸਮਾਂ ਲੈਣਗੇ। ਅਸੀਂ ਦਿੱਲੀ ’ਚ ਕੌਮੀ ਲੀਡਰਸ਼ਿਪ ਕੋਲ ਪੰਜਾਬ ਦਾ ਪੱਖ ਜ਼ੋਰਦਾਰ ਢੰਗ ਨਾਲ ਉਠਾਵਾਂਗੇ।’ ਉਨ੍ਹਾਂ ਦੱਸਿਆ ਕਿ ਅਦਾਲਤ ’ਚ ਇਸ ਕੇਸ ’ਤੇ 8 ਮਾਰਚ ਨੂੰ ਹੋਣ ਵਾਲੀ ਬਹਿਸ ਤੋਂ ਪਹਿਲਾਂ ਕੌਮੀ ਲੀਡਰਸ਼ਿਪ ਨਾਲ ਵਿਚਾਰ ਕੀਤਾ ਜਾਵੇਗਾ। ਭਾਜਪਾ ਆਗੂ ਨੇ ਕਿਹਾ ਕਿ ਇਹ ਮਸਲਾ ਬੇਹੱਦ ਸੰਵੇਦਨਸ਼ੀਲ ਹੈ ਅਤੇ ਇਹ ਹਰਿਆਣਾ ਦੇ ਜਾਟ ਅੰਦੋਲਨ ਨਾਲੋਂ ਵੀ ਭਿਆਨਕ ਹੋ ਸਕਦਾ ਹੈ।


SANDHU
IMMIGRATION CONSULTANT
Passports, Visas, Green Cards, Notary, Immigration Forms
Citizenship, Study Visas, Family Immigration Visas
MANDEEP SANDHU
msandhu2014@gmail.com
SANDHU
Tours And Travels
(CST# 2122162-50)
Email: sandhutat@gmail.com.
WE OPEN 7-DAYS A WEEK
Note: I am not an Immigration Attorney.
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

ਰਿਪੋਰਟ ਸਫ 12 ਅਤੇ ਤਸਵੀਰਾਂ ਸਫਾ 31, 32 ਤੇ ਦੇਖੋ



Raja
SWEETS & CATERING

ITEMS SERVING
Authorized Caterer for Major 5-Star Hotels
Additional Services
Warmers, Chaffing Dishes, Chind & Silverware, Linen Rental, Walters, Barlenders
All Kinds of Sweets, Snacks, Chaat Stall, North Indian Cuisine, Flude Kulfi Stall, On Site Tandoon
Catering Services
Wedding Ceremonies, Receptions, Birthday Parties, Corporate Events, Religious Gatherings, Picnic/Bar-B-Que
Contact Us:
RAJA SWEETS & CATERING
WORK (510) 489-9100
CELL (510) 715-1619
www.rajasweets.com
Email: msbains@rajasweets.com

AAA
AUTO AND BODY WORKS
We Do Complete Engine Transmission, Body and Paint Work We Sell Used Cars at a Good Price

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
Free Estimates Free Towing

Prop: Jasbir Singh Takhar
510-755-2132
510- 733- 2222
1421 Industrial PKWY West#F Hayward, CA 94544
Harmandeep Singh

TANDOOR
Indian Restaurant
27167 Mission Blvd. Hayward, CA 95544
ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ
We are open seven days 11 AM to 10 PM
ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
Contact Us:
Ph. 510-885-1212, Fax. 510-885-1532


RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY
INVESTMENT REALTY

Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL TO HAPPY
Cell: (415) 706-7027
Ph: (209) 478-0285
Fax: (209) 477-3206
WE ACCEPT FOOD STAMPS
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916- 396-8939
916-338-5511
Email: IndiaMarketRoseville@gmail.com


Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਬ ਵੀਬ ਡੀਬ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਬ ਪੀਬ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook.
rajasweetsandcatering
Follow us on Twitter
rajasweets

ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ



# ਗੁਰਦੁਆਰਾ ਧਾਰਮਿਕ ਪ੍ਰਚਾਰ ਸੁਸਾਇਟੀ ਲਿਵਰਮੋਰ

ਗੁਰੂ ਪਿਆਰੀ ਸਾਧ ਸੰਗਤ ਜੀ ਧੰਨ ਧੰਨ ਸਾਹਿਬ ਸ਼੍ਰੀ ਗੁਰੂ ਰਵੀਦਾਸ ਜੀ ਮਾਹਾਰਾਜ ਜੀ ਦੇ 639ਵੇ ਪ੍ਰਕਾਸ਼ ਦਿਵਸ Livermore Community Center, ਲਿਵਰਮੋਰ ਕੈਲੀਫੋਰਨੀਆ ਵਿਖੇ ਭਾਰੀ ਸ਼ਰਧਾ ਅਤੇ ਸੇਵਾ ਨਾਲ ਮਨਾਇਆ ਜਾ ਰਿਹਾ ਹੈ ਜਿਸ ਦਾ ਐਡਰੈਸ: 4444 East Ave.Livermore, California 94550 ਹੈ ਜਿਸ ਵਿੱਚ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ ਪੰਥ ਦੇ ਪ੍ਰਸਿੱਧ ਰਾਗੀ ਜਥੇ, ਢਾਡੀ ਜਥੇ ਅਤੇ ਕਥਾ ਵਾਚਕ ਪਹੁੰਚ ਰਹੇ ਹਨ। ਸਮੂਹ ਸੰਗਤਾਂ ਨੂੰ ਨਿਮਰਤਾ ਸਾਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਮਹਾਨ ਦਿਹਾੜੇ ਤੇ ਪਹੁੰਚ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



## ਪ੍ਰੋਗਰਾਮ

06 ਮਾਰਚ ਦਿਨ ਐਤਵਾਰ ਸਵੇਰੇ 9:00 ਵਜੇ
ਤੋਂ ਬਾਅਦ ਦੁਪਹਿਰ 2.00 ਵਜੇ ਤੱਕ

## ਗੁਰਦੁਆਰਾ ਧਾਰਮਿਕ ਪ੍ਰਚਾਰ ਸੁਸਾਇਟੀ ਲਿਵਰਮੋਰ

## Livermore Community Center

4444 East Ave.Livermore, California 94550-5053

: ਬੇਨਤੀ ਕਰਤਾ :

ਸ: ਜੋਗਾ ਸਿੰਘ ਹੀਰਾ (925) 719-4359, ਸ: ਜੀਤ ਸਿੰਘ (510) 750-2810,
ਸ: ਕੇਵਲ ਸਿੰਘ ਜੱਖੂ (209) 241-4117, ਸ:ਬਲਜੀਤ ਸਿੰਘ ਐਲ ਐਲ ਬੀ
(925) 457-4122, ਸ਼੍ਰੀ ਸੁਮੇਸ਼ ਸ਼ਰਮਾ ਫੋਨ: (619) 204-7529

# Grant Line Insurance Agency, Inc.


## DBA Sky High Insurance Agency

### One stop shop for all your Insurance needs

License#0J06225








ਸਾਡੇ ਕੋਲ ਟਰੱਕਿੰਗ, ਆਟੋ, ਘਰੇਲੂ, ਲਾਈਫ, ਵਰਕਰਜ਼ ਕੰਪਨਸੇਸ਼ਨ, ਕਮਰਸ਼ੀਅਲ, ਬੌਂਡ ਆਦਿ ਲਈ ਇੰਸ਼ੋਰੈਂਸ ਦੀਆਂ ਸੇਵਾਵਾਂ ਉਪਲਬਧ ਹਨ।

ਹਫਤੇ ਦੇ 6 ਦਿਨ

ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਵਜੇ ਸਵੇਰ ਤੋਂ 6:00 ਸ਼ਾਮ ਤੱਕ
ਸ਼ਨੀਵਾਰ ਸਵੇਰੇ 10 ਵਜੇ ਤੋਂ ਸ਼ਾਮੀ 3 ਵਜੇ ਤੱਕ

**Call for Free Quote**

**209-263-0860**

3244 W. Grant Line Rd., Tracy, CA 95304

Email:- Jas@Skyhighinsuranceagency.com
Website: www.skyhighinsuranceagency.com



ਜਸਵੀਰ ਕੌਰ
ਬਰੋਕਰ
925-895-8140

ਹਰਮਨ ਸਿੰਘ
ਏਜੰਟ
510-415-8154



ਟਰੱਕ ਡਰਾਇਵਰ ਵੀਰਾਂ ਲਈ

# ਪੈਸੇ ਬਚਾਉਣ ਅਤੇ ਕਮਾਉਣ ਦਾ ਸੁਨਹਿਰੀ ਮੌਕਾ

ਅੱਜ ਹੀ ਕਾਲ ਕਰੋ

TOLL FREE
1-800-381-0107



* ਘਰ ਵਾਪਸੀ 'ਤੇ ਲੋਡ ਨਹੀਂ ਮਿਲ ਰਿਹਾ ਤਾਂ ਸਾਨੂੰ ਕਾਲ ਕਰੋ
* ਡਿਸਪੈਚਰਾਂ ਤੋਂ ਤੁਹਾਡੇ ਪੈਸਿਆਂ ਨੂੰ ਬਚਾਉਣ ਦੀ ਕੋਸ਼ਿਸ਼ ਕਰਾਂਗੇ
* ਸਾਨੂੰ, ਡਿਸਪੈਚਰ ਤਜਰਬੇ ਜਾਂ ਬਿਨਾਂ ਤਜਰਬੇ ਦੇ ਹੋਣ, ਲੋੜ ਹੈ
* ਤੇਲ ਐਡਵਾਂਸ ਅਤੇ ਤੁਰੰਤ ਪੇਅ ਉਪਲੱਬਧ

# SKZ LLC. BROKERAGE

* CAN'T FIND A LOAD TO COME HOME?
* TIRED OF DISPATCHERS TAKING YOUR MONEY?
* We are looking for freight dispatchers with or without exprience
* Fuel ADVANCE AND QUICKPAY AVAILABLE!!

CALL Todal :-

DEEPA: 925-354-8122
R.G. : 408-896-1234
RAVI: 925-978-3674
SKZDUBLIN@GMAIL.COM

# ਗੁਰਦੁਆਰਾ ਨਾਨਕਸ਼ਰ ਫਰਿਜ਼ਨੋ ਵਿਖੇ ਸਲਾਨਾ ਅਖੰਡ ਪਾਠਾਂ ਦੀ ਲੜੀ ਦੇ ਸਮਾਪਤੀ 'ਤੇ ਮਹਾਨ ਕੀਰਤਨ ਸਮਾਗਮ ਹੋਏ

## 'ਖੁੱਲੇ ਪੰਡਾਲ ਵਿੱਚ ਸਜਾਏ ਗਏ ਮਹਾਨ ਕੀਰਤਨ ਦਰਬਾਰ'

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਉੱਭੀ ਧਾਲੀਆਂ / ਨੀਟਾ ਮਾਛੀਕੇ):** ਹਰ ਸਾਲ ਦੀ ਤਰ੍ਹਾਂ ਧੰਨ-ਧੰਨ ਬਾਬਾ ਨੰਦ ਸਿੰਘ ਜੀ ਅਤੇ ਧੰਨ-ਧੰਨ ਬਾਬਾ ਈਸ਼ਰ ਸਿੰਘ ਜੀ ਦੀ ਨਿੱਘੀ ਯਾਦ ਅੰਦਰ ਵਰੋਸਾਏ ਗੁਰਦੁਆਰਾ ਨਾਨਕਸ਼ਰ ਫਰਿਜ਼ਨੋ ਵਿਖੇ ਮਾਘ ਮਹੀਨੇ ਤੋਂ ਲਗਾਤਾਰ ਚਲ ਰਹੀ ਅਖੰਡ ਪਾਠਾ ਦੀ ਲੜੀ ਦੀ ਸਮਾਪਤੀ ਦੌਰਾਨ ਮਹਾਨ ਕੀਰਤਨ ਸਮਾਗਮ ਖੁੱਲੇ ਪੰਡਾਲ ਵਿੱਚ ਬਾਹਰ ਕਰਵਾਏ ਗਏ। ਜਿਸ ਦੌਰਾਨ ਬਹੁਤ ਸਾਰੇ ਕੀਰਤਨੀ ਜੱਥਿਆਂ ਅਤੇ ਧਰਮ ਪ੍ਰਚਾਰਕ ਬੁੱਧੀਜੀਵੀਆਂ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾ ਦੀ ਸਾਂਝ ਪਾਈ। ਸਵੇਰ ਸਮੇਂ ਅਖੰਡ ਪਾਠ ਸਾਹਿਬ ਦੇ ਭੋਗ ਅਤੇ ਕੀਰਤਨ ਦਰਬਾਰ ਸਾਹਿਬ ਦੇ ਅੰਦਰ ਹੋਏ। ਇਸ ਉਪਰੰਤ ਸੰਗਤਾਂ ਦੇ ਭਾਰੀ ਇਕੱਠ ਲਈ ਮਹਾਨ ਕੀਰਤਨ ਦਰਬਾਰ ਖੁੱਲੇ ਪੰਡਾਲ ਵਿੱਚ ਸਜਾਏ ਗਏ।

ਇਸ ਸਮਾਗਮ ਦੀ ਸੁਰੂਆਤ ਸਥਾਨਿਕ ਢੇਸੀ ਪਰਿਵਾਰ ਦੇ ਬੱਚਿਆ ਨੇ ਕੀਰਤਨ ਨਾਲ ਕੀਤੀ। ਇਸ ਬਾਅਦ ਭਾਈ ਹਰਭਜਨ ਸਿੰਘ ਜੀ ਦਾ ਕੀਤਤਨੀ ਜੱਥਾ, ਭਾਈ ਰਾਜਾ ਸਿੰਘ ਅਤੇ ਭਾਈ ਪਰਮਿੰਦਰ ਸਿੰਘ ਜੀ ਦਾ ਕੀਰਤਨੀ ਜੱਥਾ, ਗੁਰੂਘਰ ਦੇ ਹਜ਼ੂਰੀ ਰਾਗੀ ਭਾਈ ਸੁਖਜਿੰਦਰ ਸਿੰਘ ਜੀ ਦਾ ਕੀਰਤਨੀ ਜੱਥਾ ਆਦਿਕ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਇਸ ਸਮੇਂ ਪ੍ਰਸਿੱਧ ਪ੍ਰਚਾਰਕ ਭਾਈ ਗੁਰਦੇਵ ਸਿੰਘ




ਦੀਵਾਨਾ ਨੇ ਸੰਗਤਾਂ ਨਾਲ ਨਾਨਕਸ਼ਰ ਕਲੇਰਾਂ ਦੇ ਇਤਿਹਾਸ ਬਾਰੇ ਸੰਖੇਪ ਝਾਤ ਪਾਈ। ਜਦ ਕਿ ਇਸ ਸਮਾਗਮ ਦੌਰਾਨ ਭਾਰਤ ਤੋਂ ਪਹੁੰਚੇ ਭਾਈ ਚਮਨਜੀਤ ਸਿੰਘ ਜੀ ਲਾਲ ਦਿੱਲੀ ਵਾਿ-ਲਆ ਦੇ ਜੱਥੇ ਨੇ ਦੋ ਘੰਟੇ ਦੇ ਕਰੀਬ ਸੰਗਤਾਂ ਨੂੰ ਨਿਰੋਲ ਸਬਦ ਗੁਰਬਾਣੀ ਅਤੇ ਇਤਿਹਾਸ ਨਾਲ ਜੋੜਿਆ। ਉਨ੍ਹਾਂ ਗੁਰਮਤਿ ਜੀਵਨ ਦੀ ਜਾਂਚ ਅਤੇ ਸੰਗਤਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਲੜ ਲੱਗਣ ਦੀ ਗੱਲ ਕੀਤੀ। ਜਦ ਕਿ ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਬੁਲਾਰਿਆਂ ਨੇ ਆਪਣੀ ਹਾਜ਼ਰੀ ਭਰੀ।

ਸਮਾਗਮ ਦੀ ਸਮਾਪਤੀ ਸਮੇਂ ਗੁਰੂਘਰ ਦੇ ਪ੍ਰਬੰਧਕ ਬਾਬਾ ਕਰਤਾਰ ਸਿੰਘ ਜੀ ਅਤੇ ਭਾਈ ਗੁਰਦੇਵ ਸਿੰਘ ਮੁਹਾਰ ਨੇ ਭਾਈ ਚਮਨਜੀਤ ਸਿੰਘ ਲਾਲ ਅਤੇ ਬਾਕੀ ਜੱਥਿਆਂ ਅਤੇ ਸੇਵਾਦਾਰਾ ਨੂੰ ਸਨਮਾਨਿਤ ਕੀਤਾ। ਭਾਈ ਗੁਰਦੇਵ ਸਿੰਘ ਮੁਹਾਰ ਵੱਲੋਂ ਸੰਗਤ ਦਾ ਸਹਿਯੋਗ ਲਈ ਧੰਨਵਾਦ ਵੀ ਕੀਤਾ ਗਿਆ ਅਤੇ ਭਵਿੱਖ ਵਿੱਚ ਗੁਰੂਘਰ ਦੀ ਨਵੀਂ ਇਮਾਰਤ ਦੇ ਸੰਬੰਧ ਵਿੱਚ ਵਿਚਾਰਾ ਦੀ ਸਾਂਝ ਪਾਉਦੇ ਹੋਏ ਦੱਸਿਆ ਕਿ ਛੇਤੀ ਹੀ ਇਹ ਕਾਰਜ ਸਪੂੰਰਨ ਕਰ ਲਿਆ ਜਾਵੇਗਾ। ਸਟੇਜ਼ ਸੇਵਾ ਭਾਈ ਕੁਲਦੀਪ ਸਿੰਘ ਪ੍ਰਿਥੀਪੁਰੀਆਂ ਨੇ ਗੁਰਮਤਿ ਮਰਿਯਾਦਾ ਅੰਦਰ ਰਹਿੰਦੇ ਹੋਏ ਬਾਖੂਬੀ ਨਿਭਾਈ। ਇਸ ਸਮੇਂ ਵੱਖ-ਵੱਖ ਦੁਕਾਨਾ ਅਤੇ ਸਿੱਖ ਵਸਤਾਂ ਨਾਲ ਸੰਬੰਧਤ ਸਟਾਲ ਲੱਗੇ ਹੋਏ ਸਨ। ਇੱਥੇ ਭਾਈ ਗੁਰਜੰਟ ਸਿੰਘ ਗਿੱਲ ਅਤੇ ਸਾਥੀਆਂ ਦੁਆਰਾ ਨਵੀਂ ਪੀੜੀ ਨੂੰ ਦਸਤਾਰ ਬੰਨਣਾ ਸਿੱਖਾਉਣ ਦਾ ਸਟਾਲ ਵੀ ਖਿੱਚ ਦਾ ਕੇਂਦਰ ਰਿਹਾ। ਗੁਰੂ ਦਾ ਲੰਗਰ ਅਤੁੱਟ ਵਰਤਿਆਂ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਇਹ ਗੁਰਦੁਆਰਾ ਸਾਹਿਬ ਨਾਨਕਸ਼ਰ ਕਲੇਰਾਂ ਦੀ ਮਰਿਯਾਦਾ ਅਨੁਸਾਰ ਚਲਾਇਆ ਜਾ ਰਿਹਾ ਹੈ। ਜੋ ਸੰਗਤਾਂ ਲਈ ਦਿਨ-ਰਾਤ ਖੁੱਲਾ ਰਹਿੰਦਾ ਹੈ ਅਤੇ ਸਮੇਂ-ਸਮੇਂ ਦੁਨੀਆਂ ਭਰ ਤੋਂ ਕੀਰਤਨੀ ਜੱਥੇ ਅਤੇ ਧਾਰਮਿਕ ਪ੍ਰਚਾਰਕ ਆਪਣੀਆਂ ਹਾਜ਼ਰੀਆਂ ਭਰਦੇ ਹਨ।

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਅਖੰਡ ਪਾਠਾਂ ਦੀ ਲੜੀ ਤਹਿਤ ਭੋਗ ਪਾਏ







**ਰਿਓਲਿੰਡਾ (ਸੈਕਰਾਮੈਂਟੋ)–** ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੈਕਰਾਮੈਂਟੋ ਵਿਖੇ 13 ਮਾਰਚ ਨੂੰ ਕੱਢੇ ਜਾ ਰਹੇ ਨਗਰ ਕੀਰਤਨ ਦੇ ਸਬੰਧ ਵਿਚ ਅਖੰਡ ਪਾਠਾਂ ਦੀ ਚੱਲ ਰਹੀ ਲੜੀ ਤਹਿਤ 28 ਫਰਵਰੀ ਦਿਨ ਐਤਵਾਰ ਨੂੰ ਭੋਗ ਪਾਏ ਗਏ, ਜਿਸ ਦੀ ਆਰੰਭਤਾ ਸ਼ੁੱਕਰਵਾਰ ਨੂੰ ਕੀਤੀ ਗਈ।

ਇਹ ਅਖੰਡ ਪਾਠ ਸਾਹਿਬ ਸੰਤ ਦਰਸ਼ਨ ਦਾਸ ਦੀ 108ਵੀਂ ਬਰਸੀ ਡੇਰਾ ਨਗਰ ਦੇ ਸਬੰਧ ਵਿਚ ਰਖਾਏ ਗਏ ਸਨ, ਜਿਹਨਾਂ ਦੇ ਮੌਜੂਦਾ ਸਮੇਂ ਦੇ ਗੱਦੀ ਨਸ਼ੀਨ ਸੰਤ ਭਗਵਾਨ ਦਾਸ ਜੀ ਹਨ। ਇਹ ਸੇਵਾ ਸਤੀਸ਼ ਰੱਲ੍ਹ ਪਰਿਵਾਰ, ਕਰਨੈਲ ਵਿਰਕ, ਦਰਸ਼ਨ ਵਿਰਕ ਅਤੇ ਰਮੇਸ਼ ਬੰਗੜ ਪਰਿਵਾਰ ਅਤੇ ਬੀਬੀਆਂ ਦੇ ਯੋਗਦਾਨ ਸਦਕਾ ਕੀਤੀ ਗਈ। ਸਤੀਸ਼ ਰੱਲ੍ਹ ਨੇ ਸੰਤਾਂ ਦੀ ਜੀਵਨੀ ਉਤੇ ਵਿਸਥਾਰ ਪੂਰਵਕ ਚਾਨਣਾ ਪਾਇਆ ਅਤੇ ਦੱਸਿਆ ਕਿ ਸੰਤ ਦਰਸ਼ਨ ਦਾਸ ਜੀ ਪੂਰਨ ਬ੍ਰਹਮ ਗਿਆਨੀ ਸਨ। ਅਰਦਾਸ ਉਪਰੰਤ ਗੁਰੂ ਘਰ ਦੇ ਹਜ਼ੂਰੀ ਜਥੇ ਭਾਈ ਜਸਪਾਲ ਸਿੰਘ, ਭਾਈ ਨਿਰਮਲ ਸਿੰਘ ਨੇ ਨਗਰ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਉਪਰੰਤ ਮਹਿੰਦਰ ਸਿੰਘ ਧਾਮੀ, ਰਾਜਕੁਮਾਰ ਸੂਦ ਅਤੇ ਜੀਵਨ ਰੱਤੂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਅੰਤ ਵਿਚ ਗੁਰੂ ਕਾ ਲੰਗਰ ਅਤੁੱਟ ਵਰਤਿਆ।

ਸੈਕਰਾਮੈਂਟੋ ਦੀਆਂ ਸਮੂਹ ਸੰਗਤਾਂ ਅਤੇ ਗੁਰੂ ਘਰ ਦੀ ਕਮੇਟੀ ਵੱਲੋਂ ਸਾਰੀਆਂ ਸੰਗਤਾਂ ਨੂੰ ਹੱਥ ਜੋੜ ਕੇ ਬੇਨਤੀ ਕੀਤੀ ਜਾਂਦੀ ਹੈ ਕਿ 13 ਮਾਰ 2016 ਨੂੰ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਪਹੁੰਚਣ ਦੀ ਕਿਰਪਾਲਤਾ ਕਰਨੀ ਜੀ।

**ਰਿਪੋਰਟ ਜਸਵੰਤ ਸ਼ੀਮਾਰ**

# ਪੀ ਸੀ ਐੱਸ ਸੈਕਰਾਮੈਂਟੋ ਵਲੋਂ 'ਖਪਤਕਾਰੀ ਦੌਰ ਵਿਚ ਸਭਿਆਚਾਰ ਦੀ ਸੰਭਾਲ' ਦੇ ਮੁੱਦੇ ਉੱਤੇ ਗੱਲਬਾਤ

**ਸੈਕਰਾਮੈਂਟੋ (ਬਿਊਰੋ)–** ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਵਲੋਂ ਲੰਘੀ 6 ਫਰਵਰੀ ਨੂੰ ਇੱਥੋਂ ਦੇ 'ਪੂਜਾ ਗਰਿਲ' ਰੈਸਟੋਰੈਂਟ ਵਿੱਚ ਆਪਣੀ ਸਾਲਾਨਾ ਮੀਟਿੰਗ ਸੱਦੀ ਗਈ। ਇਸ ਇਕੱਤਰਤਾ ਵਿੱਚ ਇਸ ਸੰਸਥਾ ਦੇ ਸਮੂਹ ਪ੍ਰਬੰਧਕਾਂ ਨੇ ਭਾਗ ਲਿਆ। ਮੀਟਿੰਗ ਦਾ ਆਗਾਜ਼ ਇਸ ਸੰਸਥਾ ਦੇ ਰੂਹੇ ਰਵਾਂ ਰਛਪਾਲ ਸਿੰਘ ਫਰਵਾਲਾ ਅਤੇ ਬੀਬੀ ਮਨਦੀਪ ਕੌਰ ਵਲੋਂ ਆਏ ਮੈਂਬਰਾਂ ਨੂੰ ਨਿੱਘੀ ਜੀ ਆਇਆਂ ਆਖਦਿਆਂ ਕੀਤਾ ਗਿਆ। ਇਸ ਉਪਰੰਤ ਪਿਛਲੇ ਸਾਲ ਦੀ ਆਮਦਨ ਅਤੇ ਖ਼ਰਚ ਦਾ ਵੇਰਵਾ ਪੜ੍ਹ ਕੇ ਸੁਣਾਇਆ ਗਿਆ।

ਰਛਪਾਲ ਸਿੰਘ ਫਰਵਾਲਾ ਨੇ ਇਸ ਸੰਸਥਾ ਦੇ ਇਤਿਹਾਸ ਬਾਰੇ ਸੰਖੇਪ ਜਾਣਕਾਰੀ ਦਿੱਤੀ। ਉਹਨਾਂ ਦਸਿਆ ਕਿ ਪਿਛਲੇ 26 ਸਾਲਾਂ ਤੋਂ ਇਹ ਸੰਸਥਾ 'ਪੰਜਾਬੀ ਸਭਿਆਚਾਰ ਨੂੰ ਸੰਭਾਲਣ ਲਈ ਨਿਰੰਤਰ ਬਹੁਪੱਖੀ ਯਤਨ ਕਰਦੀ ਆ ਰਹੀ ਹੈ। ਇੱਕ ਮੋਢੀ ਸੰਸਥਾ ਦੇ ਤੌਰ ਤੇ ਇਸ ਦਾ ਮੂਲ ਮੰਤਵ ਹਮੇਸ਼ਾ ਨਵੀਂ ਪੀੜੀ ਨੂੰ ਅਮੀਰ ਪੰਜਾਬੀ ਵਿਰਸੇ ਪ੍ਰਤੀ ਜਾਗਰੂਕ ਕਰਦਿਆਂ ਇਸ ਨਾਲ ਜੋੜ ਕੇ ਰੱਖਣਾ ਰਿਹਾ ਹੈ।

ਮੁੱਖ ਮੁਦੇ ਵੱਲ ਮੁੜਦਿਆਂ ਹਰਜਿੰਦਰ ਪੰਧੇਰ ਨੇ ਦਸਿਆ ਕਿ ਇਸ ਖਪਤਕਾਰੀ ਦੌਰ ਵਿੱਚ ਪੂੰਜੀਵਾਦ ਕਿਵੇਂ ਸਭਿਆਚਾਰਕ ਕਦਰਾਂ ਕੀਮਤਾਂ ਨੂੰ ਕੋਝੀਆ ਚਾਲਾਂ ਦੁਆਰਾ




ਲਗਾਤਾਰ ਨਪੀੜਨ ਵਿੱਚ ਲੱਗਿਆ ਹੋਇਆ ਹੈ।

ਧੰਨ ਇਕਤ੍ਰਤਾ ਦੀ ਲਾਲਸਾ, ਸਸਤੀ ਸੁ਼ਹਰਤ ਅਤੇ ਲੱਚਰ ਕਿਸਮ ਦਾ ਮਨੋਰੰਜਨ ਮਨੁੱਖ ਨੂੰ ਆਏ ਦਿਨ ਅੰਦਰੋਂ ਖੋਖਲਾ ਕਰ ਰਹੇ ਹਨ। ਇਸ ਗੱਲ ਬਾਤ ਵਿੱਚ ਜਸਵੰਤ ਸ਼ਾਦ, ਕੰਵਲ ਬੰਗਾ, ਬੀਬੀ ਮਨਦੀਪ ਕੌਰ ਫਰਵਾਲਾ ਤੋਂ ਇਲਾਵਾ ਮੌ-ਜੂਦ ਹੋਰ ਮੈਂਬਰਾਂ ਨੇ ਵੀ ਭਰਵਾਂ ਹਿੱਸਾ ਲਿਆ। ਇਸ ਮੁੱਦੇ ਤੇ ਸਾਰਥਿਕ ਗੱਲਬਾਤ ਕਰਦਿਆਂ ਉਹਨਾਂ ਸੰਸਥਾਵਾਂ ਦੀ ਸ਼ਲਾਘਾ ਕੀਤੀ ਗਈ ਜੋ ਬਦਲਦੀ ਆਬੋ-ਹਵਾ ਦੌਰਾਨ ਪੰਜਾਬੀ ਸਭਿਆਚਾਰ ਦੀ ਨਰੋਈ ਵਿਰਾਸਤ ਨੂੰ ਸੰਭਾਲਣ ਹਿੱਤ ਆਪਣਾ ਯੋਗਦਾਨ ਪਾ ਰਹੀਆਂ ਹਨ।

ਮੀਟਿੰਗ ਵਿੱਚ: ਅਵਤਾਰ ਡੌਡ,ਕੰਵਲ ਬੰਗਾ, ਅਰਜਿੰਦਰ ਪਾਲ ਸਿੰਘ, ਸੁੱਖਰਾਜ ਔਲੱਖ, ਬਲਦੇਵ ਕੌਰ, ਪਰਦੀਪ ਕੌਰ, ਪਰਮਜੀਤ ਕੌਰ, ਹਰਪ੍ਰੀਤ ਕੌਰ ਸਹੋਤਾ, ਕਮਲ ਪ੍ਰੀਤ ਕੌਰ, ਅਮਰਿੰਦਰ ਪਾਲ ਕਾਹਲੋਂ, ਹਰਜਿੰਦਰ ਸਿੰਘ, ਤੀਰਥ ਸਿੰਘ ਸਹੋਤਾ, ਪਰਮਜੀਤ ਢਿਲੋਂ, ਅਜਾਇਬ ਸਿੰਘ ਕਾਹਲੋਂ, ਹਰਜਿੰਦਰ ਪੰਧੇਰ, ਜਸਵੰਤ ਸ਼ਾਦ, ਯਾਦਵਿੰਦਰ ਸਿੰਘ ਗਿੱਲ, ਬਖਸ਼ੀਸ ਗਿੱਲ, ਰਛਪਾਲ ਸਿੰਘ ਫਰਵਾਲਾ ਅਤੇ ਬੀਬੀ ਮਨਦੀਪ ਕੌਰ ਫਰਵਾਲਾ ਤੋਂ ਇਲਾਵਾ ਹੋਰ ਪਤਵੰਤੇ ਮੈਂਬਰਾਂ ਨੇ ਭਾਗ ਲਿਆ।

ਅੰਤ ਉਤੇ ਰਛਪਾਲ ਸਿੰਘ ਫਰਵਾਲਾ ਵਲੋਂ ਆਏ ਮੈਂਬਰਾਂ ਦਾ ਧੰਨਵਾਦ ਕਰਦਿਆਂ ਦੱਸਿਆ ਗਿਆ ਕਿ ਇਸ ਸਾਲ ਤੀਆਂ ਦਾ ਮੇਲਾ 24 ਜੁਲਾਈ ਦਿਨ ਐਤਵਾਰ ਨੂੰ ਐੱਸ ਈ ਐੱਸ ਹਾਲ ਐਲਕ ਗਰੋਵ ਵਿੱਚ ਪਹਿਲਾਂ ਵਾਂਗ ਦੁਪਹਿਰੇ ਇਕ ਵਜੇ ਸੁ਼ਰੂ ਕੀਤਾ ਜਾਵੇਗਾ। ਵਧੇਰੇ ਜਾਣਕਾਰੀ ਲਈ ਰਛਪਾਲ ਸਿੰਘ ਫਰਵਾਲਾ ਨੂੰ (916-880-0531) ਉੱਤੇ ਸੰਪਰਕ ਕੀਤਾ ਜਾ ਸਕਦਾ ਹੈ

**ਸਮੂਹ ਪ੍ਰਬੰਧਕੀ ਕਮੇਟੀ: ਪੀ ਸੀ ਐਸ ਸੈਕਰਾਮੈਂਟੋਂ**

# 16ਵੇਂ ਗਦਰੀ ਮੇਲੇ ਸਬੰਧੀ ਭਾਈਚਾਰੇ ਵਲੋਂ ਮਿਲ ਰਿਹੈ ਭਰਪੂਰ ਹੁੰਗਾਰਾ- ਅਣਖੀ

**ਫਰਿਜ਼ਨੋਂ (ਕੁਲਵੀਰ ਹੇਅਰ) –** ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋਂ ਵਲੋਂ 27 ਮਾਰਚ ਦਿੰਨ ਐਤਵਾਰ ਨੂੰ ਕਰਵਾਏ ਜਾਣ ਵਾਲੇ 16ਵੇਂ ਗਦਰੀ ਬਾਬਿਆਂ ਦੇ ਮੇਲੇ ਨੂੰ ਭਾਰਤੀ ਭਾਈਚਾਰੇ ਵਲੋਂ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਇਸ ਸਬੰਧੀ ਗੱਲ ਕਰਦਿਆਂ ਫੋਰਮ ਦੇ ਮੋਢੀ ਗੁਰਦੀਪ ਸਿੰਘ ਅਣਖੀ ਨੇ ਦੱਸਿਆ ਕਿ ਇਹ ਮੇਲਾ ਦੂਜੇ ਲਾਹੌਰ ਸਾਜਿਸ਼ ਕੇਸ ਦੀ ਸ਼ਤਾਬਦੀ ਨੂੰ ਸਮਰਪਿਤ ਹੈ ਅਤੇ ਇਸ ਸਬੰਧੀ ਹਰ ਵਰਗ ਜਿਵੇਂ ਖੇਡ, ਧਾਰਮਿਕ, ਸੱਭਿਆਚਾਰਕ ਸੰਸਥਾਵਾਂ ਅਤੇ ਆਮ ਲੋਕਾਂ ਵਲੋਂ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਇਸ 16ਵੇਂ ਮੇਲੇ ਵਿਚ ਮੁੱਖ ਮਹਿਮਾਨ ਬੀਬੀ ਰਘੁਬੀਰ ਕੌਰ



ਜਨਰਲ ਸਕੱਤਰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਹੋਣਗੇ। ਇਸ ਤੋਂ ਇਲਾਵਾ ਸਥਾਨਕ ਸੱਭਿਆਚਾਰਕ ਸੰਸਥਾਵਾਂ ਦੇ ਬੱਚਿਆਂ ਵਲੋਂ ਸੱਭਿਆਚਾਰਕ ਪ੍ਰੋਗਰਾਮ ਕੀਤੇ ਜਾਣਗੇ ਅਤੇ ਖਾਸ ਤੌਰ ਤੇ ਬੱਚਿਆਂ ਵਲੋਂ ਗੀਤ, ਕਵਿਤਾ ਅਤੇ ਹੋਰ ਆਈਟਮਾਂ ਪੇਸ਼ ਕੀਤੀਆਂ ਜਾਣਗੀਆਂ। ਇਸ ਮੌਕੇ ਲਗਾਈ ਜਾਣ ਵਾਲੀ ਫੋਟੋ ਪ੍ਰਦਰਸ਼ਨੀ ਵੀ ਖਿੱਚ ਦਾ ਕੇਂਦਰ ਬਣੇਗੀ। ਸਥਾਨਕ ਗਾਇਕ ਜੀਤਾ ਗਿੱਲ ਅਤੇ ਧਰਮਵੀਰ ਥਾਂਦੀ ਵਲੋਂ ਗੀਤਾਂ ਰਾਹੀਂ ਦੇਸ਼ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਜਾਵੇਗੀ। ਇਹ ਮੇਲਾ ਹਰ ਸਾਲ ਦੀ ਤਰ੍ਹਾਂ ਰੀ-ਜੈਂਸੀ ਪੈਲਿਸ ਕਲੋਵਿਸ ਵਿਖੇ ਹੋਵੇਗਾ। ਚਾਹ ਅਤੇ ਲੰਗਰ ਦਾ ਖਾਸ ਪ੍ਰਬੰਧ ਹੋਵੇਗਾ ਅਤੇ ਕਾਰ ਪਾਰਕਿੰਗ ਮੁਫਤ ਹੋਵੇਗੀ।

# ਫ਼ਿਰਕੂ ਦਹਿਸ਼ਤਗਰਦੀ ਖਿਲਾਫ਼ ਸੈਮੀਨਾਰ 27 ਮਾਰਚ ਨੂੰ ਮੁਲਕ ਦੇ ਚੋਟੀ ਦੇ ਬੁੱਧੀਜੀਵੀ ਅਪੂਰਵਾਨੰਦ ਹੋਣਗੇ ਮੁੱਖ ਵਕਤਾ

**ਜਲੰਧਰ–** ਦਿੱਲੀ ਯੂਨੀਵਰਸਿਟੀ, ਦਿੱਲੀ ਦੇ ਹਿੰਦੀ ਵਿਭਾਗ ਦੇ ਮੁਖੀ ਪ੍ਰੋ. ਅਪੂਰਵਾਨੰਦ 27 ਮਾਰਚ ਦਿਨ ਐਤਵਾਰ ਠੀਕ 11 ਵਜੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਸੈਮੀਨਾਰ 'ਚ ਮੁੱਖ ਵਕਤਾ ਹੋਣਗੇ। ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਦੇ ਪ੍ਰਧਾਨ ਦਰਬਾਰਾ ਸਿੰਘ ਢਿੱਲੋਂ, ਜਨਰਲ ਸਕੱਤਰ ਡਾ. ਰਘਬੀਰ ਕੌਰ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਜਾਣੇ-ਪਹਿਚਾਣੇ ਬੁੱਧੀਜੀਵੀ ਪ੍ਰੋ. ਅਪੂਰਵਾਨੰਦ ਦਾ ਕੂੰਜੀਵਤ ਭਾਸ਼ਣ 'ਲੋਕਾਂ ਦੇ ਜਮੂਰੀ ਹੱਕਾਂ, ਵਿਚਾਰਾਂ ਉਪਰ ਫ਼ਿਰਕੂ-ਫਾਸ਼ੀ ਤਾਕਤਾਂ ਵੱਲੋਂ ਬੋਲੇ ਹੱਲੇ ਦੀਆਂ



ਚੁਣੌਤੀਆਂ' ਉਪਰ ਕੇਂਦਰਤ ਹੋਏਗਾ। ਕਮੇਟੀ ਆਗੂਆਂ ਨੇ ਦੱਸਿਆ ਕਿ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਹੈਦਰਾਬਾਦ ਯੂਨੀਵਰਸਿਟੀ ਅਤੇ ਯਾਦਵਪੁਰ ਯੂਨੀਵਰਸਿਟੀ ਸਮੇਤ ਮੁਲਕ ਦੇ ਵਿਦਿਅਕ ਅਦਾਰਿਆਂ, ਤਰਕਸ਼ੀਲਾਂ, ਜਮਹੂਰੀ-ਅਤਪਸੰਦ ਲੋਕਾਂ, ਲੇਖਕਾਂ, ਵਿਦਿਆਰਥੀਆਂ ਅਤੇ ਕਿਰਤੀ ਲੋਕਾਂ ਦੇ ਹੱਕਾਂ ਲਈ ਜੂਝਣ ਵਾਲਿਆਂ ਉਪਰ ਜਿਵੇਂ ਕਾਤਲਾਨਾ ਹੱਲੇ ਬੋਲੇ ਗਏ, ਦੇਸ਼-ਧਰੋਹ ਦੇ ਕੇਸ ਮੜ੍ਹੇ ਗਏ। ਇਸ ਫ਼ਿਰਕੂ ਫਾਸ਼ੀ ਹਨੇਰੀ ਖਿਲਾਫ਼ ਡਟਵੀਂ ਆਵਾਜ਼ ਬੁਲੰਦ ਕਰਨ ਦੀ ਲੜੀ ਦੇ ਅੰਗ ਵਜੋਂ ਇਹ ਸੈਮੀਨਾਰ ਮਹੱਤਵਪੂਰਣ ਭੂਮਿਕਾ ਅਦਾ ਕਰੇਗਾ।

ਦੇਸ਼ ਦੁਆਬਾ

# ਅਸਹਿਣਸ਼ੀਲਤਾ ਬਾਰੇ ਐਮਨੈਸਟੀ ਇੰਟਰਨੈਸ਼ਨਲ ਦੀ ਰਿਪੋਰਟ

ਭਾਰਤ ਵਿਚ ਵੱਧ ਰਹੀ ਅਸਹਿਣਸ਼ੀਲਤਾ ਬਾਰੇ ਬਾਰੇ ਹਾਲ ਹੀ ਵਿਚ ਕੌਮਾਂਤਰੀ ਸੰਸਥਾ ਐਮਨੈਸਟੀ ਇੰਟਰਨੈਸ਼ਨਲ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ ਦਾ ਸਮਾਜ ਵਾਕਿਆ ਹੀ ਅਸਹਿਣਸ਼ੀਲਤਾ ਵੱਲ ਨੂੰ ਵਧਦਾ ਜਾ ਰਿਹਾ ਹੈ। ਕੌਮਾਂਤਰੀ ਪੱਧਰ ਤੇ ਮਨੁੱਖੀ ਅਧਿਕਾਰਾਂ ਦਾ ਪੱਖ ਪੂਰਨ ਵਾਲੀ ਇਸ ਸੰਸਥਾ ਦੀ ਇਸ ਰਿਪੋਰਟ ਦੇ ਅੰਕੜੇ ਵੀ ਹੈਰਾਨ ਕਰ ਦੇਣ ਵਾਲੇ ਹਨ। ਰਿਪੋਰਟ ਮੁਤਾਬਕ ਭਾਰਤ ਦੇ 80 ਫੀਸਦੀ ਤੋਂ ਜ਼ਿਆਦਾ ਲੋਕ ਇਸ ਵਕਤ ਸਮਾਜਿਕ, ਧਾਰਮਿਕ, ਆਰਥਿਕ ਅਤੇ ਰਾਜਨੀਤਿਕ ਤੌਰ ਤੇ ਅਸੁਰੱਖਿਆ ਦੀ ਭਾਵਨਾ ਤੋਂ ਪੀੜਤ ਹੋ ਗਏ ਹਨ। ਰਿਪੋਰਟ ਵਿਚ ਇਸ ਦੇ ਕਈ ਕਾਰਨ ਦੱਸੇ ਹਨ। ਸਭ ਤੋਂ ਅਹਿਮ ਕਾਰਨ ਇਹ ਹੈ ਕਿ ਭਾਰਤ ਦੀ ਸਿਆਸਤ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਸਮਝਣ ਦੀ ਬਜਾਏ ਭਰਮਾਊ ਰਾਜਨੀਤੀ ਕਰ ਰਹੀ ਹੈ। ਭਾਰਤ ਵਿਚ ਸਮਾਜਿਕ ਤੌਰ ਤੇ ਧਰਮ ਅਤੇ ਜਾਤਾਂ ਦੇ ਨਾਂ ਤੇ ਬਹੁਤ ਤੇਜ਼ੀ ਨਾਲ ਟਕਰਾਅ ਦੀਆਂ ਸੰਭਾਵਨਾਵਾਂ ਵਧਦੀਆਂ ਜਾ ਰਹੀਆਂ ਹਨ। ਹਾਲ ਹੀ ਵਿਚ ਹਰਿਆਣਾ ਵਿਚ ਜਾਟ ਰਾਖਵੇਂਕਰਨ ਦੀ ਮੰਗ ਨੂੰ ਲੈ ਕੇ ਹੋਏ ਅੰਦੋਲਨ ਦਰਮਿਆਨ ਹਜ਼ਾਰਾਂ ਕਰੋੜ ਦੀ ਸੰਪਤੀ ਸਾੜ ਦਿੱਤੀ ਗਈ, ਔਰਤਾਂ ਨਾਲ ਬਲਾਤਕਾਰ ਹੋਏ, ਕਈ ਜਾਨਾਂ ਚਲੀਆਂ ਗਈਆਂ। ਸਾਰਾ ਸਿਸਟਮ ਠੱਪ ਹੋ ਕੇ ਰਹਿ ਗਿਆ। ਸੜਕ ਆਵਾਜਾਈ ਬੰਦ ਹੋਣ ਕਾਰਨ ਪੰਜਾਬ ਦਾ ਦਿੱਲੀ ਨਾਲੋਂ ਸੰਪਰਕ ਟੁੱਟ ਗਿਆ ਅਤੇ ਵਿਦੇਸ਼ ਤੋਂ ਪੰਜਾਬ ਆਏ ਸੈਲਾਨੀਆਂ ਤੇ ਪ੍ਰਵਾਸੀ ਭਾਰਤੀਆਂ ਨੂੰ ਵਾਪਸ ਪਰਤਣ ਮੁਸਕਿਲਾਂ ਦਾ ਸਾਹ-ਮਣਾ ਕਰਨਾ ਪਿਆ। ਇਸ ਅੰਦੋਲਨ ਦੇ ਕਾਰਨ ਫਿਰਕਿਆਂ ਦੇ ਟਕਰਾਅ ਦੀ ਵੀ ਨੌਬਤ ਆਈ ਅਤੇ ਜਾਟ ਅਤੇ ਗੈਰ ਜਾਟਾਂ ਵਿਚਕਾਰ ਟਕਰਾਅ ਦਰਮਿਆਨ ਲੁਟੇਰਿਆਂ ਨੇ ਲੋਕਾਂ ਦੀ ਲੁੱਟਮਾਰ ਕੀਤੀ ਅਤੇ ਦਹਿਸ਼ਤ ਫੈਲਾਈ।

ਸਿਰਫ ਇਹੀ ਇਕ ਘਟਨਾ ਨਹੀਂ ਬਲਕਿ ਹੋਰ ਵੀ ਬਹੁਤ ਸਾਰੀਆਂ ਘਟਨਾਵਾਂ ਅਜਿਹੀਆਂ ਹਨ, ਜਿਹਨਾਂ ਵਿਚ ਲੋਕਾਂ ਦਾ ਬੇਕਾਬੂ ਹੁੰਦਾ ਗੁੱਸਾ ਸਪਸ਼ਟ ਝਲਕਦਾ ਨਜ਼ਰ ਆਉਂਦਾ ਹੈ। ਜਾਤ-ਪਾਤ ਤਾਂ ਭਾਰਤ ਵਿਚ ਇਕ ਵੱਡੀ ਸਮੱਸਿਆ ਹੈ ਹੀ, ਧਰਮ ਦੇ ਨਾਂ ਤੇ ਵੀ ਦਹਿਸ਼ਤ ਵਾਲਾ ਮਾਹੌਲ ਵਧਦਾ ਜਾ ਰਿਹਾ ਹੈ। ਕਿਸੇ ਧਰਮ ਦੇ ਖਿਲਾਫ ਕੋਈ ਵੀ ਵਿਅਕਤੀ ਕੁਝ ਨਾ ਕਹੇ ਤਾਂ ਚੰਗੀ ਗੱਲ ਹੈ ਪਰ ਉਸਾਰੂ ਬਹਿਸ ਨੂੰ ਰੋਕਣਾ ਅਤੇ ਲੋਕਾਂ ਦੀ ਆਵਾਜ਼ ਨੂੰ ਧਰਮ ਦੇ ਨਾਂ ਤੇ ਦਬਾਇਆ ਜਾ ਰਿਹਾ ਹੈ। ਸੁਲਝੇ ਹੋਏ ਵਿਚਾਰਾਂ ਦੇ ਸਵਾਗਤ ਦੀ ਥਾਂ ਤੇ ਕੱਟੜ ਦੇਸ਼ ਭਗਤੀ ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ ਅਤੇ ਵਿਰੋਧੀ ਆਵਾਜ਼ਾਂ ਨੂੰ ਬੰਦ ਕਰਵਾਉਣ ਲਈ ਜਬਰੀ ਹੱਥਕੰਡੇ ਵਰਤੇ ਜਾ ਰਹੇ ਹਨ। ਇਹਨਾਂ ਸਮੱਸਿਆਵਾਂ ਦੇ ਕਾਰਨ ਹੋਰ ਵੀ ਹਨ। ਭਾਰਤ ਵਿਚ ਆਬਾਦੀ ਜ਼ਿਆਦਾ ਵੱਧ ਜਾਣ ਕਾਰਨ ਅਤੇ ਰੁਜ਼ਗਾਰ ਅਤੇ ਸਹੂਲਤਾਂ ਦੀ ਘਾਟ ਹੋਣ ਦੇ ਕਾਰਨ ਵੀ ਅਸਹਿਣਸ਼ੀਲਤਾ ਵਧਦੀ ਹੈ ਪਰ ਸਮੱਸਿਆ ਉਦੋਂ ਆਉਂਦੀ ਹੈ ਜਦੋਂ ਇਸ ਵਿਚ ਰਾਜਸੀ ਦਖਲ ਵੱਧ ਜਾਂਦਾ ਹੈ। ਸਿਆਸਤਦਾਨ ਵੋਟਾਂ ਬਟੋਰਨ ਲਈ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਦੇ ਹਨ ਅਤੇ ਵੋਟ ਬੈਂਕ ਲਈ ਜਨਤਾ ਨੂੰ ਪਾੜਨ ਦੀ ਰਾਜਨੀਤੀ ਕੀਤੀ ਜਾਂਦੀ ਹੈ। ਇਹ ਵੀ ਭਾਰਤ ਵਿਚ ਵੱਧ ਰਹੀ ਅਸਹਿਣਸ਼ੀਲਤਾ ਦਾ ਅਹਿਮ ਕਾਰਨ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਸ਼ੰਕਾ-ਨਵਿਰਤੀ- 38



ਮੇਘ ਰਾਜ ਮਿੱਤਰ
+91-98887-87440

? ਕੀ ਘਰਾਂ ਵਿੱਚ ਚੱਲਣ ਵਾਲਾ ਹੀਟਰ ਵੀ ਜ਼ਹਿਰੀਲੀ ਗੈਸ ਪੈਦਾ ਕਰਦਾ ਹੈ?

* ਘਰਾਂ ਵਿੱਚ ਚੱਲਣ ਵਾਲਾ ਹੀਟਰ ਜ਼ਹਿਰੀਲੀ ਗੈਸ ਪੈਦਾ ਨਹੀਂ ਕਰਦਾ ਪਰ ਜਲਦੀ ਅੰਗੀਠੀ ਕਾਰਬਨ ਡਾਈਆਕਸਾਈਡ ਨੂੰ ਕਾਰਬਨ ਮੋਨੋਆਕਸਾਈਡ ਵਿੱਚ ਬਦਲ ਦਿੰਦੀ ਹੈ। ਜਿਸ ਕਾਰਨ ਕਮਰੇ ਵਿੱਚ ਸੁੱਤੇ ਪਏ ਵਿਅਕਤੀ ਮਰ ਜਾਂਦੇ ਹਨ।

? ਰਿਮੋਟ ਵਿੱਚੋਂ ਨਿਕਲਦੀ ਤਰੰਗ ਨੂੰ ਨਾ ਤਾਂ ਵੇਖਿਆ ਜਾ ਸਕਦਾ ਹੈ ਤੇ ਨਾ ਹੀ ਮਹਿਸੂਸ ਕੀਤਾ ਜਾ ਸਕਦਾ ਹੈ। ਪਰ ਉਸ ਨਾਲ ਟੀ. ਵੀ. ਚੱਲ ਪੈਂਦਾ ਹੈ। ਕੀ ਇਸ ਤਰ੍ਹਾਂ ਹੀ ਆਤਮਾ ਆਪਣਾ ਕੰਮ ਨਹੀਂ ਕਰਦੀ।

* ਰਿਮੋਟ ਵਿੱਚੋਂ ਤਰੰਗਾਂ ਅਸਲ ਵਿੱਚ ਅਦਿੱਖ ਰੌਸ਼ਨੀ ਦੀਆਂ ਪ੍ਰਕਾਸ਼ ਕਿਰਨਾਂ ਹੀ ਹੁੰਦੀਆਂ ਹਨ। ਜਿਹੜੀਆਂ ਟੀ. ਵੀ. ਵਿੱਚ ਲੱਗੇ ਫੋਟੋ ਇਲੈਕਟ੍ਰਿਕ ਸੈੱਲ ਤੇ ਆਪਣਾ ਪ੍ਰਭਾਵ ਪਾਉਂਦੀਆਂ ਹਨ। ਜਿਸ ਨਾਲ ਟੀ. ਵੀ. ਚਲਾਇਆ ਜਾਂ ਬੰਦ ਕੀਤਾ ਜਾ ਸਕਦਾ ਹੈ ਜਾਂ ਉਸ ਦੇ ਚੈਨਲ ਬੰਦ ਕੀਤੇ ਜਾ ਸਕਦੇ ਹਨ। ਸਰੀਰ ਵਿੱਚ ਆਤਮਾ ਨਾਂ ਦੀ ਕੋਈ ਸ਼ੈ* ਨਹੀਂ ਹੁੰਦੀ।

? ਰੋਟੀ ਪਕਾਉਣ ਤੋਂ ਬਾਅਦ ਜਦੋਂ ਤਵਾ ਉਤਾਰਦੇ ਹਾਂ ਤਾਂ ਉਸ ਵਿੱਚੋਂ ਚੰਗਿਆੜੇ ਜਿਹੇ ਕਿਉਂ ਨਿਕਲਦੇ ਹਨ, ਜਿਸਨੂੰ ਕਿ ਆਮ ਕਹਿ ਦੇਂਦੇ ਹਨ ਕਿ ਕੋਈ ਚੁਗਲੀਆਂ ਕਰਦਾ ਹੈ। ਇਹ ਚੰਗਿਆੜੇ ਕਦੇ-ਕਦੇ ਹੀ ਦੇਖਣ ਨੂੰ ਕਿਉਂ ਮਿਲਦੇ ਹਨ। ਜਦੋਂ ਕਿ ਤਵਾ ਤਾਂ ਹਰ ਰੋਜ਼ ਹੀ ਅੱਗ ਉਪਰ ਬਲਦਾ ਹੈ।

* ਕਈ ਵਾਰ ਕਾਰਬਨ ਦੇ ਅਣਜਾਲੇ ਕਣ ਤਵੇ ਦੇ ਥੱਲੇ ਜੰਮੇ ਰਹਿ ਜਾਂਦੇ ਹਨ। ਇਹੀ ਕਣ ਜਲਦੇ ਹਨ।

? ਕੰਪਿਊਟਰ ਦਾ ਵਾਇਰਸ ਕੀ ਹੈ? ਇਹ ਕੰਪਿਊਟਰ ਨੂੰ ਕਿਵੇਂ ਖਰਾਬ ਕਰ ਦਿੰਦਾ ਹੈ?

* ਕੰਪਿਊਟਰ ਵਾਇਰਸ ਇਕ ਅਜਿਹਾ ਪ੍ਰੋਗਰਾਮ ਹੁੰਦਾ ਹੈ ਜਿਸ ਨੂੰ ਕੰਪਿਊਟਰ ਵਿਚ ਪਏ ਡਾਟੇ ਨੂੰ ਨਸ਼ਟ ਕਰਨ ਲਈ ਪ੍ਰੋਗਰਾਮਿੰਗ ਕੀਤੀ ਹੁੰਦੀ ਹੈ। ਇਹ ਪ੍ਰੋਗਰਾਮ ਕਿਸੇ ਵਧੀਆ ਜਾਂ ਘਟੀਆ ਪ੍ਰੋਗਰਾਮ ਨਾਲ ਹੀ ਜੁੜ ਕੇ ਆ ਜਾਂਦਾ ਹੈ।

? ਬਿਜਲੀ ਦੀ ਵੱਡੀ ਲਾਈਨ ਦੇ ਕੋਲ ਦੀ ਗੁਜ਼ਰਦੇ ਸਮੇਂ ਉਸ ਵਿਚੋਂ ਆਵਾਜ਼ ਕਿਉਂ ਆਉਂਦੀ ਹੈ।

* ਲਾਈਨ ਨਾਲ ਹਵਾ ਟਕਰਾਉਣ ਕਾਰਨ ਪੈਦਾ ਹੋਈ ਆਵਾਜ਼ ਸੁਣਾਈ ਦਿੰਦੀ ਹੈ।

? ਕਲਾਈਡੋਸਕੋਪ ਕੀ ਹੈ।

* ਕਲਾਈਡੋਸਕੋਪ ਤਿੰਨ ਦਰਪਣਾਂ ਨੂੰ ਜੋੜ ਕੇ ਬਣਾਇਆ ਇੱਕ ਉਪਕਰਣ ਹੈ ਜਿਸ ਵਿੱਚ ਪਾਈਆਂ ਰੰਗ ਬਰੰਗੀਆਂ ਚੂੜੀਆਂ ਦੇ ਕੁਝ ਟੁਕੜਿਆਂ ਨਾਲ ਹਜ਼ਾਰਾਂ ਡਿਜ਼ਾਈਨਾਂ ਦੇ ਪ੍ਰਤੀਬਿੰਬ ਬਣ ਜਾਂਦੇ ਹਨ।

? ਜਦੋਂ ਅਸਮਾਨੀ ਬਿਜਲੀ ਚਮਕਦੀ ਹੈ ਤਾਂ ਕਹਿੰਦੇ ਹਨ ਕਿ ਫਸਲਾਂ ਨੂੰ ਚਾਨਣੀ ਮਾਰ ਜਾਂਦੀ ਹੈ। ਇਸ ਦੇ ਪਿੱਛੇ ਕੀ ਰਾਜ ਹੈ?

* ਸਿਰਫ਼ ਚਮਕ ਰਹੀ ਬਿਜਲੀ ਨਾਲ ਫਸਲਾਂ ਦਾ ਕੋਈ ਨੁਕਸਾਨ ਨਹੀਂ ਹੁੰਦਾ। ਨੁਕਸਾਨ ਤਾਂ ਗੜ੍ਹੇਮਾਰੀ ਨਾਲ ਜਾਂ ਤੇਜ਼ ਹਵਾ ਨਾਲ ਹੁੰਦਾ ਹੈ।

? ਜੇਕਰ ਅਸੀਂ ਯੂਰੀਆ ਰੇਹ ਨੂੰ ਪਾਣੀ ਵਿਚ ਪਾ ਕੇ ਘੋਲਦੇ ਹਾਂ ਤਾਂ ਪਾਣੀ ਠੰਡਾ ਕਿਉਂ ਹੋ ਜਾਂਦਾ ਹੈ?

* ਯੂਰੀਆ ਵਿੱਚ ਅਮੋਨੀਆ ਗੈਸ ਹੁੰਦੀ ਹੈ। ਜਦੋਂ ਇਸਨੂੰ ਪਾਣੀ ਵਿੱਚ ਪਾਉਂਦੇ ਹਾਂ ਤਾਂ ਇਸ ਵਿੱਚੋਂ ਅਮੋਨੀਆ ਦਾ ਵਾਸ਼ਪੀਕਰਨ ਹੋ ਜਾਂਦਾ ਹੈ। ਵਾਸ਼ਪੀਕਰਨ ਰਾਹੀਂ ਠੰਡ ਪੈਦਾ ਹੁੰਦੀ ਹੈ। ਇਸ ਲਈ ਪਾਣੀ ਠੰਡਾ ਹੋ ਜਾਂਦਾ ਹੈ।

? ਚਿਕਣੀ ਮਿੱਟੀ ਦਾ ਰਸਾਇਣਿਕ ਸੂਤਰ ਕੀ ਹੈ?

* ਮਿੱਟੀ ਦਾ ਰਸਾਇਣਿਕ ਨਾਂ ਸਿਲੀਕਾਆਕਸਾਈਡ ਹੁੰਦਾ ਹੈ ਅਤੇ ਰਸਾਇਣਿਕ ਸੂਤਰ Cj+ò

? ਪੱਥਰ ਕਿਵੇਂ ਬਣਦੇ ਹਨ।

* ਧਰਤੀ ਦੀਆਂ ਡੂੰਘਾਈਆਂ ਵਿੱਚ ਲਾਵਾ ਪਿਘਲੀ ਹੋਈ ਹਾਲਤ ਵਿਚ ਹੈ। ਜਦੋਂ ਜਵਾਲਾ ਮੁਖੀ ਫਟਦੇ ਹਨ ਤਾਂ ਇਹ ਲਾਵਾ ਬਾਹਰ ਆ ਜਾਂਦਾ ਹੈ ਅਤੇ ਲਾਵੇ ਦੇ ਜੰਮਣ ਨਾਲ ਚਟਾਨਾਂ ਹੋਂਦ ਵਿੱਚ ਆ ਜਾਂਦੀਆਂ ਹਨ। ਸਮੇਂ ਨਾਲ ਚਟਾਨਾਂ ਟੁੱਟਦੀਆਂ ਰਹਿੰਦੀਆਂ ਹਨ ਅਤੇ ਪਾਣੀ ਨਾਲ ਨੀਵੇਂ ਥਾਵਾਂ ਨੂੰ ਜਾਂਦੀਆਂ ਰਹਿੰਦੀਆਂ ਹਨ। ਹਜ਼ਾਰਾਂ ਮੀਲਾਂ ਦੀ ਪਾਣੀ ਵਿੱਚ ਯਾਤਰਾ ਅਤੇ ਪਾਣੀ ਅਤੇ ਧਰਤੀ ਨਾਲ ਟਕਰਾਓ ਇਹਨਾਂ ਨੂੰ ਗੋਲ ਕਰ ਦਿੰਦਾ ਹੈ ਅਤੇ ਇਹ ਸਮੁੰਦਰ ਵਿਚ ਜਾ ਡਿੱਗਦੀਆਂ ਹਨ। ਸਮੁੰਦਰ ਵਿਚ ਇਹਨਾਂ ਗੋਲ ਪੱਥਰਾਂ ਦੇ ਵਿਚਕਾਰ ਖਾਲੀ ਥਾਂ ਵਿਚ ਰੇਤ ਭਰ ਜਾਂਦੀ ਹੈ। ਅਤੇ ਫਿਰ ਜਦੋਂ ਕੋਈ ਜਵਾਲਾ ਮੁਖੀ ਫਟਦਾ ਹੈ ਤਾਂ ਇਹ ਗੋਲ ਪੱਥਰਾਂ ਵਾਲੇ ਪਹਾੜ ਉੱਭਰ ਆਉਂਦੇ ਹਨ।

ਹੁਸ਼ਿਆਰਪੁਰ ਤੋਂ ਅੱਗੇ ਮਿਲਣ ਵਾਲੇ ਗੋਲ ਪੱਥਰਾਂ ਵਾਲੇ ਪਹਾੜ ਇਸ ਤਰ੍ਹਾਂ ਹੀ ਹੋਂਦ ਵਿੱਚ ਆਏ ਹਨ। ਕਰੋੜਾਂ ਵਰ੍ਹਿਆਂ ਦੇ ਇਤਿਹਾਸ ਵਿੱਚ ਧਰਤੀ ਲੱਖਾਂ ਵਾਰ ਹਿੱਲ ਜੁੱਲ ਕਰਦੀ ਹੈ। ਇਸ ਤਰ੍ਹਾਂ ਬਹੁਤੇ ਪੱਥਰ ਪਿਘਲੇ ਹੋਏ ਲਾਵੇ ਦੇ ਬਣਦੇ ਹਨ।

? ਵਰਖਾ ਸੈਂਟੀਮੀਟਰਾਂ ਵਿੱਚ ਕਿਵੇਂ ਮਾਪੀ ਜਾਂਦੀ ਹੈ?

* ਵਰਖਾ ਮਾਪਣ ਲਈ ਇਕ ਅਜਿਹਾ ਸਿਲੰਡਰ ਬਰਸਾਤ ਵਿੱਚ ਰੱਖ ਦਿੱਤਾ ਜਾਂਦਾ ਹੈ ਇਸਦੇ ਮੂੰਹ ਵਿਚ ਕੀਪ ਲੱਗੀ ਹੁੰਦੀ ਹੈ ਅਤੇ ਇਸ ਕੀਪ ਦੀ ਗੋਲਾਈ ਵੀ ਸਿਲੰਡਰ ਦੀ ਗੋਲਾਈ ਦੇ ਬਰਾਬਰ ਹੁੰਦੀ ਹੈ ਅਤੇ ਇਕੱਠਾ ਹੋਇਆ ਪਾਣੀ ਸੈਂਟੀਮੀਟਰਾਂ ਵਾਲੀ ਸਕੇਲ ਤੋਂ ਪੜ੍ਹ ਲਿਆ ਜਾਂਦਾ ਹੈ।

? ਜਦੋਂ ਟੂਟੀ ਬੰਦ ਕੀਤੀ ਜਾਂਦੀ ਹੈ ਤਾਂ ਪਾਣੀ ਦੀ ਇੱਕ ਬੂੰਦ ਗੋਲ ਜਿਹੀ ਹੋ ਕੇ ਲਟਕਦੀ ਰਹਿੰਦੀ ਹੈ। ਇਸ ਦੇ ਪਿੱਛੇ ਕੀ ਸਿਧਾਂਤ ਕੰਮ ਕਰਦਾ ਹੈ। ਵਿਸਥਾਰ ਦੱਸਣਾ।

* 'ਤਲੀ ਤਣਾਓ' ਦੇ ਵਿਗਿਆਨਕ ਸਿਧਾਂਤ ਕਾਰਨ ਪਾਣੀ ਦੀ ਬੂੰਦ ਟੂਟੀ ਤੇ ਗੋਲਾ ਬਣ ਕੇ ਲਟਕਦੀ ਰਹਿੰਦੀ ਹੈ।


? ਰੇਲ ਗੱਡੀ (ਬਿਜਲੀ ਵਾਲੀ) ਕਿਸ ਸਿਧਾਂਤ ਤੇ ਕੰਮ ਕਰਦੀ ਹੈ।

* ਹਰੇਕ ਗੱਡੀ ਜਾਂ ਇੰਜਣ ਪਦਾਰਥ ਤੋਂ ਊਰਜਾ ਸਿਧਾਂਤ ਕੰਮ ਕਰਦਾ ਹੈ। ਊਰਜਾ ਕਿਸ ਚੀਜ਼ ਤੋਂ ਪ੍ਰਾਪਤ ਕਰਦਾ ਹੈ ਇਹ ਇੰਜਣ ਦੀ ਕਿਸਮ ਤੇ ਨਿਰਭਰ ਕਰਦਾ ਹੈ।

ਰੇਲ ਗੱਡੀ ਦਾ ਇੰਝਣ, ਬਾਹਰੋਂ ਊਰਜਾ ਪ੍ਰਾਪਤ ਕਰਦਾ ਹੈ ਜੋ ਕੋਇਲੇ, ਤੇਲ, ਉਚਾਈ ਤੋਂ ਪਾਣੀ ਡੇਗ ਕੇ ਜਾਂ ਯੂਰੇਨੀਅਮ ਤੋਂ ਪ੍ਰਾਪਤ ਕੀਤੀ ਜਾਂਦੀ ਹੈ।

? ਜਦੋਂ ਰਾਤ ਨੂੰ ਅਸੀਂ ਕਿਸੇ ਜਗਦੇ ਬਲਬ ਨੂੰ ਦੇਖ ਕੇ ਅੱਖ ਝਮਕਦੇ ਹਾਂ ਤਾਂ 3-4 ਕਿਰਨਾਂ ਸਿੱਧੀਆਂ ਸਾਡੀਆਂ ਅੱਖਾਂ ਵੱਲ ਆਉਂਦੀਆਂ ਹਨ। ਅਜਿਹਾ ਕਿਉਂ?

* ਪ੍ਰਕਾਸ਼ ਦਾ ਹਰੇਕ ਸੋਮਾ ਰੋਸ਼ਨੀ ਦੀਆਂ ਕਿਰਨਾਂ ਪੈਦਾ ਕਰਦਾ ਹੈ। ਜਦੋਂ ਅਸੀਂ ਸੁੱਤੇ ਉਠਦੇ ਹਾਂ ਤਾਂ ਸਾਡੀਆਂ ਅੱਖਾਂ ਆਪ ਮੁਹਾਰੇ ਹੀ ਪ੍ਰਕਾਸ਼ ਦੇ ਸੋਮੇ ਵੱਲ ਹੋ ਜਾਂਦੀਆਂ ਹਨ ਤੇ ਇਸ ਤਰ੍ਹਾਂ ਪ੍ਰਕਾਸ਼ ਦੇ ਸੋਮੇ ਤੋਂ ਆ ਰਹੀਆਂ ਕਿਰਨਾਂ ਸਾਡੀਆਂ ਅੱਖਾਂ ਵਿੱਚ ਪੈ ਜਾਂਦੀਆਂ ਹਨ। ਦਿਨ ਸਮੇਂ ਅਸੀਂ ਚੌਕਸ ਹੁੰਦੇ ਹਾਂ ਤੇ ਆਪਣੇ ਚਿਹਰੇ ਨੂੰ ਪ੍ਰਕਾਸ਼ ਦੀਆਂ ਸਿੱਧੀਆਂ ਕਿਰਨਾਂ ਤੋਂ ਪਾਸੇ ਕਰ ਲੈਂਦੇ ਹਾਂ।



# ਪੁਣਛਾਣ



ਪੰਮੀ ਲਾਲੋ ਮਜਾਰਾ
91-95011-43755

### ਫੂਲਕਾ ਦਾ ਕੱਦ ਵਧਿਆ ਤੇ ਭਗਵੰਤ ਮਾਨ ਦਾ ਘਟਿਆ

ਆਮ ਆਦਮੀ ਪਾਰਟੀ ਦੀ ਤਰਫੋਂ ਕਿਸ ਤਰ੍ਹਾਂ ਭਗਵੰਤ ਮਾਨ ਨੂੰ ਪੰਜਾਬ ਦੇ ਮੁੱਖ ਮੰਤਰੀ ਵਜੋਂ ਵੇਖਿਆ ਜਾਣ ਲੱਗਾ ਸੀ, ਉਸ ਨੂੰ ਗ੍ਰਹਿਣ ਲੱਗਦਾ ਨਜ਼ਰ ਆ ਰਿਹਾ ਹੈ। ਕਿਉਂਕਿ ਜਿਸ ਤਰ੍ਹਾਂ ਸਰਗਰਮ ਸਿਆਸਤ ਤੋਂ ਕਿਨਾਰਾ ਕਰਨ ਵਾਲੇ ਵਕੀਲ ਫੂਲਕਾ ਨੂੰ ਕੇਜਰੀਵਾਲ ਨੇ ਮਾਘੀ ਮੇਲੇ 'ਤੇ ਤਵੱਜੋਂ ਦਿੱਤੀ ਹੈ, ਉਸ ਨਾਲ ਭਗਵੰਤ ਮਾਨ ਦੇ ਮੱਥੇ 'ਤੇ ਵੱਟ ਪੈਣੇ ਲਾਜ਼ਮੀ ਹਨ। ਕੇਜਰੀਵਾਲ ਦਿੱਲੀ 'ਚੋਂ ਵਿਸ਼ੇਸ਼ ਜਹਾਜ਼ ਰਾਹੀਂ ਫੂਲਕਾ ਨੂੰ ਆਪਣੇ ਨਾਲ ਮਾਘੀ ਦੇ ਮੁਕਤਸਰ ਮੇਲੇ 'ਚ ਲੈ ਕੇ ਪਹੁੰਚੇ ਸੀ। ਇੱਥੋਂ ਤੱਕ ਕਿ ਹਲਕਾ ਦਾਖਾ ਤੋਂ ਫੂਲਕਾ ਨੇ ਵੋਟਰਾਂ ਨਾਲ ਸੰਵਾਦ ਰਚਾਉਣਾ ਵੀ ਸ਼ੁਰੂ ਕਰ ਦਿੱਤਾ ਹੈ।

### ਭਗਵੰਤ ਮਾਨ ਦਾ ਵਿਵਾਦਾਂ 'ਚ ਰਹਿਣਾ ਨੁਕਸਾਨ ਦਾ ਕਾਰਨ

ਕਮੇਡੀ ਕਰਨ ਲਈ ਕੁਝ ਵੀ ਬੋਲੀ ਜਾਓ, ਦਰਸ਼ਕ ਹਜ਼ਮ ਕਰ ਲੈਂਦੇ ਹਨ, ਪਰ ਸਿਆਸਤ ਵਿਚ ਅਜਿਹਾ ਹਰਗਿਜ਼ ਬਰਦਾਸ਼ਤ ਨਹੀਂ ਹੁੰਦਾ। ਜਿਸ ਤਰ੍ਹਾਂ ਭਗਵੰਤ ਮਾਨ ਤੇ ਸ਼ਰਾਬ ਪੀ ਕੇ ਸਟੇਜਾਂ ਤੇ ਬੋਲਣ ਦੇ ਇਲਜ਼ਾਮ ਲੱਗੇ ਹਨ, ਉਹ ਮੰਦਭਾਗੇ ਹਨ। ਭਗਵੰਤ ਮਾਨ ਨੇ ਇਕ ਹੋਰ ਵੀ ਕਈ ਮਹੀਨੇ ਪਹਿਲਾਂ ਲਲਕਾਰਾ ਮਾਰਿਆ ਸੀ ਕਿ ਮੈਂ ਖੁਲਾਸਾ ਕਰਾਂਗੇ ਕਿ ਕੁਝ ਲੋਕ ਅਮਰੀਕਾ ਕਨੇਡਾ ਜਾ ਕੇ ਗਰੌਸਰੀਆਂ ਦੇ ਮਾਲਿਸ਼ ਕਿਵੇਂ ਬਣ ਗਏ। ਸ਼ਾਇਦ ਏਦਾਂ ਦੇ ਵਿਵਾਦਮਈ ਬਿਆਨ ਹੀ ਮਾਨ ਲਈ ਗਲੇ ਦੀ ਹੱਡੀ ਬਣ ਗਏ। ਲੱਖ ਟਕੇ ਦਾ ਸਵਾਲ ਇਹ ਹੈ ਕਿ ਕੀ ਕੈਨੇਡਾ-ਅਮਰੀਕਾ 'ਚ ਗਰੌਸਰੀਆਂ ਦੇ ਮਾਲਕ 2017 ਦੀਆਂ ਚੋਣਾਂ 'ਚ ਆਪ ਦੀ ਫਿਰ ਵੀ ਆਰਥਿਕ ਮਦਦ ਕਰਨਗੇ।

### ਦਲਿਤ ਸਮਾਜ 'ਆਪ' 'ਚੋਂ ਮੂੰਹ ਮੋੜਨ ਲੱਗਾ

ਆਪ ਵੱਲੋਂ ਦਿੱਲੀ ਦੀ ਸੱਤਾ ਤੇ ਕਬਜ਼ਾ ਕਰ ਲੈਣ ਤੋਂ ਬਾਅਦ ਸਭ ਤੋਂ ਵੱਧ ਗੁੰਮਰਾਹ ਪੰਜਾਬ ਦਾ ਦਲਿਤ ਸਮਾਜ ਹੋਇਆ ਸੀ। ਇਸੇ ਕਰਕੇ ਹੀ ਪਿਛਲੀਆਂ ਲੋਕ ਸਭਾ ਚੋਣਾਂ 'ਚ ਪੰਜਾਬ ਬਸਪਾ ਨੂੰ ਨੁਕਸਾਨ ਵੀ ਹੋਇਆ ਸੀ। ਉਸ ਤੋਂ ਬਾਅਦ ਬਸਪਾ ਦੇ ਜਿਹੜੇ 2-4 ਵੱਡੇ ਆਗੂ ਪਾਰਟੀ ਛੱਡ ਕੇ ਆਪ ਵਿਚ ਗਏ ਸੀ, ਉਹ ਆਪ ਵਿਚ ਜਾ ਕੇ ਬੇਰੁਜ਼ਗਾਰ ਹੋ ਗਏ। ਨਾ ਕੋਈ ਕੰਮ ਨਾ ਕੋਈ ਕਾਰ। ਉਲਟਾ ਹਰਿੰਦਰ ਸਿੰਘ ਖਾਲਸਾ ਨੂੰ ਐਮ. ਪੀ. ਹੋਣ ਦੇ ਬਾਵਜੂਦ ਪਾਰਟੀ 'ਚੋਂ ਸਸਪੈਂਡ ਕਰ ਦਿੱਤਾ ਗਿਆ। ਜਲੰਧਰ ਦੀ ਰਾਖਵੀਂ ਸੀਟ ਤੋਂ ਲੱਖਾਂ ਵੋਟਾਂ ਲਿਜਾਣ ਵਾਲੀ ਯੋਗੇਂਦਰ ਯਾਦਵ ਦੀ ਸਮਰਥਕ ਜਿਉਤੀ ਮਾਨ ਨਾਲ ਵੀ ਇਹੀ ਵਰਤਾਓ ਹੋਇਆ। ਲੱਖ ਟਕੇ ਦਾ ਸਵਾਲ ਇਹ ਵੀ ਹੈ ਕਿ ਪੰਜਾਬ ਦੇ 34 ਰਿਜ਼ਰਵ ਹਲਕਿਆਂ 'ਚ ਆਪ ਦੀ ਜੱਟ ਲਾਬੀ ਤੇ ਬ੍ਰਾਹਮਣ ਲਾਬੀ ਇਸ ਕਰਕੇ ਵੀ ਕੁਝ ਢਿੱਲੀ ਪੈ ਗਈ ਲੱਗਦੀ ਹੈ ਕਿ ਅਸੀਂ ਇੰਨਾ ਤਰੱਦਦ ਕਿਉਂ ਕਰੀਏ, ਇਸਦੀ ਥਾਂ ਕਿਸੇ ਦਲਿਤ ਨੂੰ ਹੀ ਮਿਲਣੀ ਹੈ। ਆਪ ਵਿਚ ਸਭ ਤੋਂ ਵੱਧ ਜੱਟ ਲੀਡਰਸ਼ਿਪ ਨੂੰ ਪ੍ਰਮੋਟ ਕਰਨ ਕਰਕੇ ਦਲਿਤਾਂ ਦਾ ਮੂੰਹ ਆਪ ਤੋਂ ਕਾਫੀ ਖੱਟਾ ਹੋ ਗਿਆ ਹੈ, ਇਸ ਕਰਕੇ ਚੋਣਾਂ ਤੱਕ ਦਲਿਤ ਸਮਾਜ ਦਾ ਮੂੰਹ ਸਾਰੇ ਦਾ ਸਾਰਾ ਹੀ ਖੱਟਾ ਹੋ ਜਾਵੇ, ਇਹ ਵੀ ਹੋ ਸਕਦਾ ਹੈ, ਕਿਉਂਕਿ ਗਾਲੀ ਗਲੋਚ, ਧੜੇਬੰਦੀ, ਲਾਠੀਆਂ ਚੱਲਣੀਆਂ ਤੇ ਵਿਤਕਰੇਬਾਜ਼ੀ ਆਪ ਦਾ ਵੀ ਕਲਚਰ ਬਣਦਾ ਜਾ ਰਿਹਾ ਹੈ। ਕੁਮਾਰ ਵਿਸ਼ਵਾਸ ਦਾ ਰਾਖਵਾਂਕਰਨ ਬਾਰੇ ਦਿੱਤਾ ਬਿਆਨ ਵੀ ਦਲਿਤ ਭਾਵਨਾਵਾਂ ਦੀ ਮਾਨਸਿਕਤਾ ਨੂੰ ਸੱਟ ਮਾਰਨ ਵਾਲਾ ਹੀ ਹੈ।

### ਕੈਪਟਨ ਦੀ ਖਤਮ ਹੁੰਦੀ ਜਾ ਰਹੀ ਸਿਆਣਪ

ਜੇ ਕੈਪਟਨ ਅਮਰਿੰਦਰ ਸਿੰਘ ਨੇ ਖਡੂਰ ਸਾਹਿਬ ਦੀ ਉਪ ਚੋਣਾਂ ਦਾ ਬਾਈਕਾਟ ਹੀ ਕਰਨਾ ਸੀ ਤੇ ਫਿਰ ਚੋਣ ਲੜਨ ਦਾ ਐਲਾਨ ਹੀ ਕਿਉਂ ਕੀਤਾ ਸੀ। ਜਦਕਿ ਸ਼ਕੀਲ ਅਹਿਮਦ ਨੇ ਵੀ ਇਹ ਆਖ ਕੇ ਬਲਦੀ ਤੇ ਤੇਲ ਪਾਉਣ ਦਾ ਹੀ ਕੰਮ ਕੀਤਾ ਕਿ ਅਸਤੀਫ਼ਾ ਦੇ ਚੁੱਕੇ ਸਿੱਕੀ ਹੀ ਖਡੂਰ ਸਾਹਿਬ ਤੋਂ ਕਾਂਗਰਸ ਦੇ ਉਮੀਦਵਾਰ ਹੋਣਗੇ। ਸੁਣਨ ਵਿਚ ਆਇਆ ਹੈ ਕਿ ਐਨ ਮੌਕੇ ਤੇ ਆ ਕੇ ਨਿਤਿਸ਼ ਨੂੰ ਬਿਹਾਰ 'ਚ ਦੁਬਾਰਾ ਸੱਤਾ 'ਚ ਲਿਆਉਣ ਵਾਲੇ ਪ੍ਰਸ਼ਾਂਤ ਕੁਮਾਰ ਦੇ ਇਸ਼ਾਰੇ ਤੇ ਉਪ ਚੋਣ ਦਾ ਬਾਈਕਾਟ ਕਰਨ ਦਾ ਫੈਸਲਾ ਕੀਤਾ ਗਿਆ। ਜੇ ਸਭ ਕੁਝ ਪ੍ਰਸ਼ਾਂਤ ਨੇ ਹੀ ਕਰਨਾ ਹੈ ਤੇ ਫਿਰ ਕੈਪਟਨ ਤੇ ਸ਼ਕੀਲ ਅਹਿਮਦ ਦਾ ਪੰਜਾਬ 'ਚ ਕੀ ਮਤਲਬ। ਇਕ ਕੈਪਟਨ ਦਾ ਹੋਰ ਬਿਆਨ ਸੀ ਕਿ ਜੇ ਬਸਪਾ, ਯੂ. ਪੀ. 'ਚ ਕਾਂਗਰਸ ਨਾਲ ਗੱਠਜੋੜ ਕਰੂੰ, ਫਿਰ ਵੀ ਪੰਜਾਬ 'ਚ ਬਸਪਾ ਨਾਲ ਗੱਠਜੋੜ ਬਾਰੇ ਸੋਚਿਆ ਜਾ ਸਕਦਾ ਹੈ। ਜੇ ਕੈਪਟਨ ਨੇ ਏਦਾਂ ਦੇ ਉਲਟੇ ਸਿੱਧੇ ਬਿਆਨ ਦੇਣ ਤੋਂ ਕਿਨਾਰਾ ਨਾ ਕੀਤਾ ਤਾਂ ਪੰਜਾਬ 'ਚ ਕੈਪਟਨ ਦੀ ਹਾਰ ਵੀ ਹੈਟ੍ਰਿਕ ਬਣਨੀ ਲਾਜ਼ਮੀ ਹੀ ਹੈ। ਫਿਰ ਭਾਵੇਂ ਇਕ ਪ੍ਰਸ਼ਾਂਤ ਕਿਸ਼ੋਰ ਕੀ, ਹਜ਼ਾਰਾਂ ਹੀ ਆਪਣੀਆਂ ਨੇਕ ਕੀਮਤੀ ਸਲਾਹਾਂ, ਕੈਪਟਨ ਨੂੰ ਦੇਈ ਜਾਣ।

### ਬਸਪਾ ਦੀ ਦਹਿਸ਼ਤ ਬਰਕਰਾਰ

ਉਤਰ ਪ੍ਰਦੇਸ਼ ਦੇ ਚੋਣ ਪ੍ਰਸੰਗ ਦੇ ਸੰਦਰਭ ਵਿਚ ਆ ਰਹੇ ਚੋਣ ਸਰਵੇਖਣਾਂ ਨੇ ਪੰਜਾਬ ਤੋਂ ਲੈ ਕੇ ਉਤਰ ਪ੍ਰਦੇਸ਼ ਤੱਕ ਦੇ ਸੱਤਾ ਦੇ ਗਲਿਆਰਿਆਂ ਦੀ ਨੀਂਦ ਹਰਾਮ ਕਰਕੇ ਰੱਖ ਦਿੱਤੀ ਹੈ। ਕਿਉਂਕਿ ਸਭ ਸਰਵੇਖਣਾਂ 'ਚ ਬਸਪਾ ਬਹੁਮਤ ਦੇ ਨੇੜੇ ਤੇੜੇ ਦਿਖਾਈ ਦੇ ਰਹੀ ਹੈ। ਇਸ ਕਰਕੇ ਉਤਰ ਪ੍ਰਦੇਸ਼ ਦੇ ਆ ਰਹੇ ਬਸਪਾ ਦੇ ਹੱਕ ਵਿਚ

(ਬਾਕੀ ਸਫਾ 20 ਤੇ)


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਅੰਤਰਰਾਸ਼ਟਰੀ ਪ੍ਰਮੋਟਰ ਅਤੇ ਉਘੇ ਸਮਾਜ ਸੇਵੀ ਜੱਸੀ ਬੰਗਾ ਦਾ ਗੋਲਡ ਮੈਡਲ ਸਨਮਾਨ

## ਪੰਜਾਬੀ ਵਿਰਸੇ ਨੂੰ ਜਿਉਂਦਾ ਰੱਖਣ ਲਈ ਮੇਲੇ ਹੋਣੇ ਬਹੁਤ ਜ਼ਰੂਰੀ-ਆਈ.ਜੀ.ਸੋਢੀ, ਜੱਸੀ ਬੰਗਾ

**ਫਗਵਾੜਾ/ਬੰਗਾ (ਹਰਨੇਕ ਸਿੰਘ ਵਿਰਦੀ)**-ਸਰਬ ਨੌਜਵਾਨ ਸਭਾ (ਰਜਿ.) ਫਗਵਾੜਾ ਤੇ ਸ਼ਹੀਦ ਭਗਤ ਸਿੰਘ ਯਾਦਗਾਰ ਸੁਸਾਇਟੀ ਵਲੋਂ ਕਰਵਾਏ ਗਏ 17 ਵੇਂ ਸ਼ਹੀਦ ਭਗਤ ਸਿੰਘ ਯਾਦਗਾਰੀ ਸੱਭਿਆਚਾਰਕ ਮੇਲਾ " ਮੇਲਾ ਫਗਵਾੜੇ ਦਾ " ਇੰਪਰੂਵਮੈਂਟ ਟਰੱਸਟ ਦੀ ਗਰਾਉਂਡ ਫਗਵਾੜਾ ਵਿਖੇ ਬੜੇ ਹੀ ਸ਼ਾਨੋ ਸ਼ੌਕਤ ਕਰਵਾਇਆ ਗਿਆ। ਜਿਸ ਵਿਚ ਵਿਸ਼ੇਸ਼ ਤੌਰ 'ਤੇ ਅੰਤਰਰਾਸ਼ਟਰੀ ਪ੍ਰਮੋਟਰ ਜੱਸੀ ਬੰਗਾ ਯੂ.ਐਸ.ਏ. ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਕੈਲੇਫੋਰਨੀਆਂ ਅਤੇ ਚੇਅਰਮੈਨ ਡਾ. ਬੀ.ਆਰ.ਅੰਬੇਡਕਰ ਐਜੂਕੇਸ਼ਨ ਐਂਡ ਵੈਲਫੇਅਰ ਏਡ ਸੁਸਾਇਟੀ ਪੰਜਾਬ ਦਾ ਜਿਥੇ ਸਵ. ਜਗਦੇਵ ਸਿੰਘ ਜੱਸੋਵਾਲ ਐਵਾਰਡ ਨਾਲ ਸਨਮਾਨ ਕੀਤਾ ਗਿਆ ਉਥੇ ਸਮਾਜ ਸੇਵਾ ਅਤੇ ਪੰਜਾਬੀ ਸੱਭਿਆਚਾਰ ਨੂੰ ਲੰਮੇ ਸਮੇਂ ਤੋਂ ਦੇਸ਼ ਵਿਦੇਸ਼ 'ਚ ਪ੍ਰਮੋਟ ਕਰਨ ਪ੍ਰਤੀ ਉਨ੍ਹਾਂ ਦਾ ਗੋਲਡ ਮੈਡਲ ਨਾਲ ਵੀ ਸਨਮਾਨ ਕੀਤਾ ਗਿਆ। ਦੋਵੇਂ ਸਨਮਾਨ ਮਿਲਣ 'ਤੇ ਪ੍ਰਮੋਟਰ ਜੱਸੀ ਬੰਗਾ ਨੇ ਜਿਥੇ ਸਮੂਹ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਉਥੇ ਕਿਹਾ ਕਿ ਉਹ ਪੰਜਾਬੀ ਮਾਂ ਬੋਲੀ ਪ੍ਰਤੀ ਆਪਣੀਆਂ ਸੇਵਾਵਾਂ ਨੂੰ ਹੋਰ ਦੁਗਣਾ ਕਰਨ ਦੀ ਕੋਸ਼ਿਸ਼ ਕਰਨਗੇ। ਇਸ ਮੌਕੇ ਗਾਇਕ ਨਛੱਤਰ ਗਿੱਲ, ਮਨਮੋਹਣ ਵਾਰਿਸ, ਪਾਲੀ ਦੇਤਵਾਲੀਆ, ਮਨਜੀਤ ਪੱਪੂ, ਮਾਸ਼ਾ ਅਲੀ, ਹਾਸਰਸ ਕਲਾਕਾਰ ਗੁਰਪ੍ਰੀਤ ਘੁੱਗੀ ਅਤੇ ਭੋਟੂ ਸ਼ਾਹ, ਸੁਰੀਲੀ ਗਾਇਕਾ ਬੇਅੰਤ ਕੌਰ ਆਦਿ ਨੇ ਆਪੋ ਆਪਣੇ ਗੀਤਾਂ ਨਾਲ ਸਰੋਤਿਆਂ ਨੂੰ ਕੀਲਿਆ। ਸਟੇਜ਼ ਸਕੱਤਰ ਦੀ ਭੂਮਿਕਾ ਆਸ਼ਾ ਸ਼ਰਮਾ ਯੂ.ਐਸ.ਏ.ਨੇ ਬਾਖੂਬੀ ਨਿਭਾਈ। ਮੇਲੇ ਦੌਰਾਨ ਸ੍ਰ. ਸਰਿੰਦਰ ਸਿੰਘ ਸੋਢੀ ( ਆਈ.ਜੀ.,ਜੀ.ਆਰ.ਪੀ. ਪਟਿਆਲਾ) ਨੂੰ ਉਲੰਪੀਅਨ ਮੇਜਰ ਧਿਆਨ ਚੰਦ ਐਵਾਰਡ, ਡਾ. ਸੁਖਚੈਨ ਸਿੰਘ ਗਿੱਲ(ਆਈ. ਪੀ.ਐਸ) ਐਸ.ਐਸ.ਪੀ. ਚੰਡੀਗੜ੍ਹ ਨੂੰ ਮਾਣ ਪੰਜਾਬ ਦਾ ਐਵਾਰਡ, ਸ੍ਰ. ਰਜਿੰਦਰ ਸਿੰਘ ਐਸ.ਐਸ.ਪੀ. ਕਪੂਰਥਲਾ ਨੂੰ ਮਾਣਮੱਤੀ ਸਖ਼ਸ਼ੀਅਤ ਐਵਾਰਡ, ਗੀਤਕਾਰੀ ਦੇ ਬਾਬਾ ਬੋਹੜ ਦੇਵ ਥਰੀਕੇ ਵਾਲਾ ਨੂੰ ਬਾਬੂ ਫ਼ਿਰੋਜ਼ਦੀਨ ਸ਼ਰਫ ਐਵਾਰਡ, ਪੰਜਾਬੀ ਗਾਇਕ ਮਨਮੋਹਣ ਵਾਰਿਸ ਨੂੰ ਵਿਰਸੇ ਦਾ ਵਾਰਿਸ ਐਵਾਰਡ, ਦੀਪਕ ਬਾਲੀ ਸਕੱਤਰ ਪੰਜਾਬ ਜਾਗ੍ਰਿਤੀ ਮੰਚ ਨੂੰ ਪੰਜਾਬੀ ਮਾਂ ਬੋਲੀ ਦਾ ਵਾਰਿਸ ਅਤੇ ਸਵਰਨ ਟਹਿਣਾ ਨੂੰ ਕਲਮ ਦਾ ਵਾਰਿਸ ਐਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਸੁਰਿੰਦਰ ਛਿੰਦਾ ਸਪੁੱਤਰ ਮਨਿੰਦਰ ਛਿੰਦਾ ਨੂੰ ਸੰਗੀਤ ਦਰਪਣ ਸੁਰ ਸ਼ਹਿਜ਼ਾਦਾ ਐਵਾਰਡ ਨਾਲ ਮੋਟਰ ਸਾਇਕਲ ਭੇਟ ਕਰਕੇ ਸਨਮਾਨਿਤ ਕੀਤਾ ਗਿਆ।




ਇਸ ਮੌਕੇ ਉਲੰਪੀਅਨ ਸੁਰਿੰਦਰ ਸਿੰਘ ਸੋਢੀ ਨੇ ਆਪਣੇ ਸੰਬੋਧਨ 'ਚ ਮੇਲਾ ਫਗਵਾੜੇ ਦਾ ਦੀ ਸਮੁੱਚੀ ਟੀਮ ਨੂੰ ਵਧਾਈ ਦਿੰਦਿਆਂ ਕਿਹਾ ਕਿ ਪੰਜਾਬੀ ਵਿਰਸੇ ਨੂੰ ਜਿਉਂਦਾ ਰੱਖਣ ਲਈ ਇਹੋ ਜਿਹੇ ਮੇਲੇ ਹੋਣੇ ਬਹੁਤ ਜ਼ਰੂਰੀ ਹਨ। ਇਸ ਮੌਕੇ ਕਲੱਬ ਦੇ ਚੇਅਰਮੈਨ ਸੁਰੇਸ਼ ਮੱਲ੍ਹਣ, ਪ੍ਰਧਾਨ ਸੁਖਵਿੰਦਰ ਸਿੰਘ ਅਤੇ ਪ੍ਰੋਜੈਕਟ ਡਾਇਰੈਕਟਰ ਓਮ ਪ੍ਰਕਾਸ਼ ਬਿੱਟੂ, ਐਸ.ਐਸ.ਪੀ. ਕਪੂਰਥਲਾ ਸ੍ਰ. ਰਜਿੰਦਰ ਸਿੰਘ, ਬਿੱਟੂ ਦੇਵਗਨ ਯੂ.ਐਸ.ਏ, ਤੇਜਿੰਦਰ ਬਿੱਟੂ ਸਾਬਕਾ ਚੇਅਰਮੈਨ (ਨਗਰ ਸੁਧਾਰ ਟਰੱਸਟ), ਬਲਕਾਰ ਸਿੰਘ ਇਨਕਮ ਟੈਕਸ ਅਫ਼ਸਰ, ਏ.ਡੀ.ਸੀ. ਇਕਬਾਲ ਸਿੰਘ ਸੰਧੂ, ਐਸ.ਪੀ. ਅਸ਼ਵਨੀ ਕੁਮਾਰ, ਬਲਬੀਰ ਸਿੰਘ ਉੱਭੀ, ਸਤਨਾਮ ਸਿੰਘ ਉੱਭੀ ਯੂ.ਕੇ., ਸਰਵਣ ਸਿੰਘ ਕੁਲਾਰ ਚੇਅਰਮੈਨ ਮਾਰਕੀਟ ਕਮੇਟੀ, ਰਣਜੀਤ ਸਿੰਘ ਖੁਰਾਣਾ ਡਿਪਟੀ ਮੇਅਰ, ਪ੍ਰਮਜੀਤ ਖੁਰਾਣਾ, ਮੈਡਮ ਰੀਟਾ, ਚੰਦਾ ਮਿਸ਼ਰਾ, ਪਰਵਿੰਦਰ ਕੌਰ ਰਘਬੋਤਰਾ, ਸਰਬਜੀਤ ਕੌਰ, ਜਤਿੰਦਰ ਵਰਮਾਨੀ, ਹੁਸਨ ਲਾਲ, ਬਲਜਿੰਦਰ ਸਿੰਘ ਠੇਕੇਦਾਰ, ਸੰਜੇ ਗਰੋਵਰ, ਓਮ ਪ੍ਰਕਾਸ਼ ਬਿੱਟੂ, ਰਾਜ ਕੁਮਾਰ ਗੁਪਤਾ, ਸਰਬਜੀਤ ਕੌਰ ਭਗਤਪੁਰਾ, ਪ੍ਰਮਜੀਤ ਕੌਰ ਕੰਬੋਜ ਆਦਿ ਹਾਜ਼ਰ ਸਨ। ਮੇਲਾ ਫਗਵਾੜੇ ਦਾ ਆਪਣੀਆਂ ਮਿੱਠੀਆਂ ਤੇ ਅਮਿੱਟ ਯਾਦਾਂ ਤੇ ਪੰਜਾਬੀ ਵਿਰਸੇ ਦੀ ਮਹਿਕ ਬਿਖੇਰਦਾ ਹੋਇਆ ਦੇਰ ਰਾਤ ਸਮਾਪਤ ਹੋਇਆ।

# ਪੰਜਾਬੀ ਦੇ ਉਜੱਲ ਭਵਿੱਖ ਦੀ ਉਮੀਦ ਨਾਲ ਆਲਮੀ ਪੰਜਾਬੀ ਕਾਨਫਰੰਸ ਸੰਪੰਨ

**ਚੰਡੀਗੜ੍ਹ (ਬਿਊਰੋ)**- ਕਲਾ ਭਵਨ, ਚੰਡੀਗੜ੍ਹ ਵਿਚ ਕਰਵਾਈ ਗਈ ਤਿੰਨ ਰੋਜ਼ਾ ਆਲਮੀ ਪੰਜਾਬੀ ਕਾਨਫਰੰਸ ਤੀਸਰੇ ਦਿਨ ਪੰਜਾਬੀ ਦੇ ਉਜੱਵਲ ਭਵਿੱਖ ਦੀ ਉਮੀਦ ਨਾਲ ਆਲਮੀ ਪੰਜਾਬੀ ਕਾਨਫਰੰਸ ਸੰਪੰਨ ਹੋ ਗਈ। ਆਖ਼ਰੀ ਸੈਸ਼ਨ ਦੀ ਜਾਣ ਪਛਾਣ ਕਰਵਾਉਂਦਿਆਂ ਕੌਮਾਂਤਰੀ ਪੰਜਾਬੀ ਇਲਮ ਦੇ ਜਨਰਲ ਸਕੱਤਰ ਸੁਸ਼ੀਲ ਦੋਸਾਂਝ ਨੇ ਵਿਦੇਸ਼ਾਂ, ਪਾਕਿਸਤਾਨ ਅਤੇ ਭਾਰਤ ਦੇ ਦੂਜੇ ਸੂਬਿਆਂ ਵਿਚ ਰਹਿ ਰਹੇ ਪੰਜਾਬੀਆਂ ਦੀਆਂ ਪ੍ਰਾਪਤੀਆਂ, ਮੁਸ਼ਕਲਾਂ ਅਤੇ ਚੁਣੌਤਿਆਂ ਦਾ ਜ਼ਿਕਰ ਕੀਤਾ। ਆਲਮੀ ਪੰਜਾਬੀ ਕਾਨਫਰੰਸ ਦੇ ਤੀਸਰੇ ਦਿਨ ਚੌਥੇ ਸੈਸ਼ਨ ਦੌਰਾਨ ਪੰਜਾਬੋਂ ਬਾਹਰ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦਾ ਭਵਿੱਖ ਵਿਸ਼ੇ ਬਾਰੇ ਪ੍ਰਧਾਨਗੀ ਭਾਸ਼ਨ ਦਿੰਦਿਆਂ ਜਰਨੈਲ ਸਿੰਘ ਨੇ ਦੱਸਿਆਂ ਕਿ ਅਮਰੀਕਾ, ਇੰਗਲੈਂਡ ਅਤੇ ਕੈਨੇਡਾ ਵਿਚ ਜ਼ਿਆਦਾ ਪੰਜਾਬੀਆਂ ਦੀ ਆਬਾਦੀ ਹੈ। ਉਨ੍ਹਾਂ ਦੀਆਂ ਤਿੰਨ ਪੀੜ੍ਹੀਆਂ ਹਾਲੇ ਵੀ ਕਿਸੇ ਨਾ ਕਿਸੇ ਰੂਪ ਵਿਚ ਪੰਜਾਬੀ ਸਾਹਿਤ, ਸਭਿਆਚਾਰ ਅਤੇ ਭਾਸ਼ਾ ਨਾਲ ਜੁੜੇ ਹੋਏ ਹਨ, ਪਰ ਚੌਥੀ ਪੀੜ੍ਹੀ ਦਾ ਨਾਤਾ ਪੰਜਾਬੀ ਨਾਲੋਂ ਟੁੱਟ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਵਿਦੇਸ਼ਾਂ ਵਿਚ ਹੋਣ ਵਾਲੇ ਜ਼ਿਆਦਾਤਰ ਪੰਜਾਬੀ ਸਮਾਗਮਾਂ ਵਿਚ ਪੰਜਾਬੀ ਰੀਤਾਂ-ਰਿਵਾਜ਼ਾਂ ਦੀ ਉਹੀ ਤਸਵੀਰ ਦੇਖਣ ਨੂੰ ਮਿਲਦੀ ਹੈ ਜੋ ਪੰਜਾਬ ਦੇ ਪਿੰਡਾਂ ਵਿਚ ਆਮ ਦਿਸਦੀ ਹੈ। ਉਨ੍ਹਾਂ ਬਾਹਰਲੇ ਮੁਲਕਾਂ ਦੇ ਸਾਹਿਤਕਾਰਾਂ ਦਾ ਜ਼ਿਕਰ ਕਰਦਿਆਂ ਦੱਸਿਆਂ ਕਿ ਪੰਜਾਬੀ ਲੇਖਕਾਂ ਨੇ ਵੱਖ-ਵੱਖ ਸਭਿਆਚਾਰਾਂ ਦੇ ਦਵੰਦ, ਨਸਲੀ ਵਿਤਕਰੇ, ਸਮਲਿੰਗੀ ਰਿਸ਼ਤਿਆਂ ਅਤੇ ਪੀੜ੍ਹੀਆਂ ਦੇ ਪਾੜੇ ਦੇ ਮਸਲਿਆਂ ਨੂੰ ਆਪਣੇ ਸਾਹਿਤ ਵਿਚ ਸ਼ਾਮਲ ਕੀਤਾ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿਚ ਤਾਂ ਪੰਜਾਬੀ ਦਾ ਭਵਿੱਖ ਮਾਪਿਆਂ ਦੇ ਹੱਥ ਵਿਚ ਹੈ ਜੇ ਉਹ ਚਾਹੁੰਣ ਅਤੇ ਅਗਲੀਆਂ ਪੀੜ੍ਹੀਆਂ ਨੂੰ ਘਰੋਂ ਹੀ ਪੰਜਾਬੀ ਨਾਲ ਜੋੜ ਸਕਦੇ ਹਨ। ਨਾਲ ਹੀ ਉਨ੍ਹਾਂ ਪੰਜਾਬ ਰਹਿੰਦੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਬਾਹਰਲਿਆਂ ਦੇ ਮੁਕਾਬਲੇ ਪੰਜਾਬ ਵਿਚ ਲੋਕਾਂ ਦਾ ਮੋਹ ਪੰਜਾਬੀ ਨਾਲ ਘੱਟਦਾ ਜਾ ਰਿਹਾ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ।

ਜੰਮੂ-ਕਸ਼ਮੀਰ ਤੋਂ ਆਏ ਪੰਜਾਬੀ ਕਹਾਣੀਕਾਰ ਖ਼ਾਲਿਦ ਹੁਸੈਨ ਨੇ ਕਿਹਾ ਕਿ 1947 ਨੇ ਸਿਰਫ਼ ਭਾਰਤ ਦਾ ਹੀ ਨਹੀਂ ਪੰਜਾਬੀ ਨੂੰ ਵੰਡ ਦਿੱਤਾ। 1941 ਵਿਚ ਜੰਮੂ-ਕਸ਼ਮੀਰ ਵਿਚ 51 ਫ਼ੀਸਦੀ ਪੰਜਾਬੀ ਸਨ ਜਦਕਿ 1961 ਵਿਚ ਇਹ ਗਿਣਤੀ ਘੱਟ ਕੇ ੧੫ ਫ਼ੀਸਦੀ ਰਹਿ ਗਈ। ਉਨ੍ਹਾਂ ਕਿਹਾ ਕਿ ਸਿਆਸਤ ਨੇ ਹਮੇਸ਼ਾ ਭਾਸ਼ਾ ਦਾ ਨੁਕਸਾਨ ਕੀਤਾ ਹੈ, ਸਿਆਸਤ ਉੱਤੇ ਕਦੇ ਵੀ ਭਰੋਸਾ ਨਹੀਂ ਕੀਤਾ ਜਾ ਸਕਦਾ। ਪੰਜਾਬੀ ਦਾ ਭਵਿੱਖ ਉਜੱਵਲ ਬਣਾਉਣ ਲਈ ਸਾਨੂੰ ਆਪ ਰਲ-ਮਿਲ ਕੇ ਹੰਭਲਾ ਮਾਰਨਾ ਹੋਵੇਗਾ।

ਟੋਰਾਂਟੋ ਤੋਂ ਆਏ ਪੱਤਰਕਾਰ ਹਰਜੀਤ ਗਿੱਲ ਨੇ ਦੱਸਿਆ ਕਿ ਵਿਦੇਸ਼ਾਂ ਵਿਚ ਪੰਜਾਬੀ ਮੀਡੀਆਂ ਆਮ ਤੌਰ ਤੇ ਉੱਥੇ ਰਹਿੰਦੇ ਕੁਝ ਦਾਨਿਸ਼ਵਾਰਾਂ ਕਰਕੇ ਚੱਲਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁਕਾਬਲੇ ਵਿਦੇਸ਼ਾਂ ਵਿਚ ਪੰਜਾਬੀ ਦੀ ਸਥਿਤੀ ਕਾਫ਼ੀ ਬਿਹਤਰ ਹੈ ਅਤੇ ਉੱਥੇ ਪੰਜਾਬੀ ਭਾਸ਼ਾ ਨੂੰ ਇੰਨਾਂ ਜ਼ਿਆਦਾ ਖ਼ਤਰਾ ਨਹੀਂ ਜਿੰਨਾਂ ਕਿ ਸਮਝਿਆ ਜਾ ਰਿਹਾ ਹੈ। ਕੈਨੇਡਾ ਤੋਂ ਆਏ ਪੰਜਾਬੀ ਕਹਾਣੀਕਾਰ ਮੇਜਰ ਮਾਂਗਟ ਨੇ ਕਿਹਾ ਕਿ ਕਦੇ ਵਿਦੇਸ਼ ਰਹਿੰਦੇ ਲੇਖਕਾਂ ਵੱਲੋਂ ਲਿਖੇ ਜਾਂਦੇ ਸਾਹਿਤ ਨੂੰ ਪੈਸੇ ਦੇ ਜ਼ੋਰ ਤੇ ਛਪਿਆ ਸਾਹਿਤ ਕਿਹਾ ਜਾਂਦਾ ਸੀ, ਪਰ ਹੁਣ ਵਿਦੇਸ਼ਾਂ ਚ ਰਹਿੰਦੇ ਪੰਜਾਬੀ ਲੇਖਕਾਂ ਵੱਲੋਂ ਲਿਖੇ ਜਾਂਦੇ ਸਾਹਿਤ ਦਾ ਨਾ ਸਿਰਫ਼ ਨੋਟਿਸ ਲਿਆ ਜਾਣ ਲੱਗ ਪਿਆ ਹੈ ਬਲਕਿ ਮਿਆਰੀ ਸਾਹਿਤ ਨੂੰ ਮਾਨਤਾ ਵੀ ਮਿਲ ਰਹੀ ਹੈ। ਉਨ੍ਹਾਂ ਵਿਦੇਸ਼ਾਂ ਵਿਚ ਰਹਿੰਦੇ ਪਾਕਿਸਤਾਨੀ ਅਤੇ ਭਾਰਤੀ ਪੰਜਾਬੀਆਂ ਦੀ ਆਪਸੀ ਸਾਂਝ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਉੱਥੇ ਦੋਵੇਂ ਮੁਲਕਾਂ ਦੇ ਪੰਜਾਬੀ ਸਾਂਝੇ ਪਰਿਵਾਰਾਂ ਵਾਂਗ ਰਹਿੰਦੇ ਹਨ।

ਇੰਗਲੈਂਡ ਤੋਂ ਆਏ ਪੱਤਰਕਾਰ ਜਸਵੀਰ ਦਿਓਲ ਨੇ ਕਿਹਾ ਕਿ ਅੱਜ ਪੰਜਾਬ ਵਿਚ ਬੈਠੇ ਪੰਜਾਬੀ ਜਿਸ ਸਥਿਤੀ ਵਿਚ ਹਨ ਉਨ੍ਹਾਂ ਦੀ ਹੀ ਸਥਿਤੀ ਨੇ ਤੈਅ ਕਰਨਾ ਹੈ ਕਿ ਪੰਜਾਬ ਵਿਚ ਅਤੇ ਇੰਗਲੈਂਡ ਵਿਚ ਪੰਜਾਬੀ ਦਾ ਭਵਿੱਖ ਕੀ ਹੋਵੇਗਾ। ਉਨ੍ਹਾਂ ਕਿਹਾ ਕਿ ਨਵੀਂ ਪੀੜ੍ਹੀ ਨੂੰ ਸੇਧ ਦੀ ਲੋੜ ਹੈ ਅਤੇ ਵਿਦ-ਵਾਂਨਾਂ ਤੋਂ ਇਸ ਸੇਧ ਦੀ ਉਮੀਦ ਕੀਤੀ ਜਾਂਦੀ ਹੈ। ਕੈਨੇਡਾ ਤੋਂ ਆਏ ਵਿਦਵਾਨ ਕਿਰਪਾਲ ਸਿੰਘ ਪੰਨੂ ਨੇ ਕਿਹਾ ਕਿ ਤਕਨੀਕ ਰਾਹੀਂ ਪੰਜਾਬੀ ਭਾਸ਼ਾ ਦਾ ਭਵਿੱਖ ਰੌਸ਼ਨ ਬਣਾਇਆ ਜਾ ਸਕਦਾ ਹੈ। ਨਵੀਂ ਤਕਨੀਕ ਰਾਹੀਂ ਪੰਜਾਬੀ ਨੂੰ ਜਿਉਂਦਾ ਰੱਖਣ ਲਈ ਸਾਨੂੰ ਆਪਣੇ ਅੰਦਰ ਇੱਛਾ ਸ਼ਕਤੀ ਪੈਦਾ ਕਰਨੀ ਪਵੇਗੀ। ਨਾਮਧਾਰੀ ਵਿਦਵਾਨ ਸੁਵਰਨ ਸਿੰਘ ਵਿਰਕ ਨੇ ਹਰਿਆਣਾ ਸੂਬੇ ਵਿਚ ਪੰਜਾਬੀ ਦੇ ਇਤਿਹਾਸ ਅਤੇ ਵਰਤਮਾਨ ਦੀਆਂ ਸਥਿਤੀਆਂ ਬਾਰੇ ਜਾਣੂੰ ਕਰਵਾਇਆ।

ਕੌਮਾਂਤਰੀ ਪੰਜਾਬੀ ਇਲਮ ਦੇ ਪ੍ਰਧਾਨ ਦਰਸ਼ਨ ਬੁੱਟਰ ਨੇ ਕਿਹਾ ਕਿ ਤਿੰਨ ਦਿਨਾਂ ਦੀ ਕਾਨਫਰੰਸ ਦੌਰਾਨ ਜੋ ਗੰਭੀਰ ਮਸਲੇ ਵਿਚਾਰੇ ਗਏ ਹਨ ਉਹ ਦੁਨੀਆਂ ਭਰ ਦੇ ਪੰਜਾਬੀਆਂ ਨੂੰ ਪੰਜਾਬੀ ਮਾਂ-ਬੋਲੀ ਦੇ ਉਜੱਵਲ ਭਵਿੱਖ ਲਈ ਨਵੀਂ ਦਿਸ਼ਾਂ ਪ੍ਰਦਾਨ ਕਰਨਗੇ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਲਾਭ ਸਿੰਘ ਖੀਵਾ ਨੇ ਹਾਜ਼ਰ ਮਹਿਮਾਨਾਂ, ਵਿਦਵਾਨਾਂ ਅਤੇ ਸਰੋਤਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਸਭ ਦੇ ਸਹਿਯੋਗ ਤੋਂ ਬਿਨਾਂ ਇਸ ਕਾਨਫਰੰਸ ਨੂੰ ਸਫ਼ਲ ਬਣਾਉਣਾ ਸੰਭਵ ਨਹੀਂ ਸੀ। ਕੌਮਾਂਤਰੀ ਪੰਜਾਬੀ ਇਲਮ ਦੇ ਜਨਰਲ ਸਕੱਤਰ ਅਤੇ ਹੁਣ ਦੇ ਸੰਪਾਦਕ ਸੁਸ਼ੀਲ ਦੁਸਾਂਝ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਡਾ. ਕਰਮਜੀਤ ਸਿੰਘ ਨੇ ਇਸ ਕਾਨਫਰੰਸ ਨੂੰ ਸਫ਼ਲ ਬਣਾਉਣ ਵਿਚ ਮਦਦ ਕਰਨ ਵਾਲੀਆਂ ਸੰਸਥਾਵਾਂ ਪੰਜਾਬ ਕਲਾ ਪ੍ਰੀਸ਼ਦ, ਰਣਬੀਰ ਦੋਸਾਂਝ ਮੌਲਵੀ ਸਭਾ, ਨਾਮਧਾਰੀ ਦਰਬਾਰ, ਗੁਰਦੁਆਰਾ ਸਾਹਿਬ ਸੈਕਟਰ ੩੪, ਚੰਡੀਗੜ੍ਹ ਅਤੇ ਪ੍ਰਬੰਧਾਂ ਦੀ ਦੇਖ ਰੇਖ ਕਰਨ ਲਈ ਕੌਮਾਂਤਰੀ ਪੰਜਾਬੀ ਇਲਮ ਦੇ ਸੀਨੀਅਰ ਮੀਤ ਪ੍ਰਧਾਨ ਜੈਨੇਂਦਰ ਚੌਹਾਨ ਵਿਸ਼ੇਸ਼ ਧੰਨਵਾਦ ਕੀਤਾ।



# ਵਿਪਸਾਅ ਬੇਅ-ਏਰੀਆ ਇਕਾਈ ਦੀ ਮਹਿਨੇਵਾਰ ਸਾਹਿਤਕ ਬੈਠਕ

**ਫਰੀਮਾਂਟ (ਬਿਊਰੋ)–** ਬੀਤੇ ਹਫਤੇ ਵਿਸ਼ਵ ਪੰਜਾਬੀ ਸਾਹਿਤ ਅਕਾਡਮੀ (ਵਿਪਸਾਅ)ਕੈਲੀਫੋਰਨੀਆ ਦੀ ਬੇਅ-ਏਰੀਆ ਇਕਾਈ ਦੀ ਮਹੀਨੇਵਾਰ ਸਾਹਿਤਕ ਬੈਠਕ ਫ੍ਰੀਮੌਂਟ ਸ਼ਹਿਰ ਵਿੱਚ ਹੋਈ। ਸਾਹਿਤਕ ਰਚਨਾਵਾਂ ਦੇ ਆਦਾਨ ਪ੍ਰਦਾਨ ਤੋਂ ਇਲਾਵਾ ਇਕਾਈ ਦੀਆਂ ਸਾਹਿਤਕ ਸਰਗਰਮੀਆਂ ਬਾਰੇ ਮੈਂਬਰਾਂ ਨੇ ਸਿਰ ਜੋੜ ਕੇ ਚਰਚਾ ਕੀਤੀ। ਬੈਠਕ ਵਿੱਚ ਫੈਸਲਾ ਹੋਇਆ ਕਿ ਅਕਾਦਮੀ ਨਾਲ ਵਾ-ਬਸਤਾ ਭਾਈਚਾਰੇ ਵਿੱਚ ਸਾਹਿਤਕ ਤਾਲਮੇਲ ਤੇ ਸਰਗਰਮੀ ਕਾਇਮ ਰੱਖਣ ਲਈ ਬਕਾਇਦਾ ਮਹੀਨੇਵਾਰ ਸਾਹਿਤਕ ਬੈਠਕਾਂ ਦਾ ਹੋਣਾ ਬਹੁਤ ਜ਼ਰੁਰੀ ਹੈ। ਬੇਅ-ਏਰੀਆ ਇਕਾਈ ਅੱਗੇ ਤੋਂ ਹਰ ਮਹੀਨੇ ਦੇ ਤੀਸਰੇ ਸ਼ਨਿਚਰਵਾਰ ਨੂੰ ਦੁਪਿਹਰ 12 ਤੋਂ 4 ਵਜ੍ਹੇ ਤੱਕ ਸਾਹਿਤਕ ਬੈਠਕ ਕਰੇਗੀ।



ਬੈਠਕ ਦੀ ਜਗ੍ਹਾ ਸ਼ਾਇਦ ਹਰ ਮਹੀਨੇ ਤਬਦੀਲ ਹੁੰਦੀ ਰਹੇ, ਇਸ ਲਈ ਇਕਾਈ ਦਾ ਜਰਨਲ ਸਕੱਤਰ ਬੈਠਕ ਦੀ ਜਗ੍ਹਾ ਅਤੇ ਏਜੰਡੇ ਬਾਰੇ ਬੈਠਕ ਵਾਲੇ ਦਿਨ ਤੋਂ ਘੱਟੋ ਗੱਟ 10 ਦਿਨ ਪਹਿਲਾਂ ਸਭ ਮੈਂਬਰਾਂ ਨੂੰ ਇਤਲਾਹ ਦਏਗਾ। ਇਤਲਾਹ ਦਾ ਮੁੱਖ ਜ਼ਰੀਆ ਈ-ਮੇਲ ਹੋਏਗੀ ਪਰ ਜਿਹੜੇ ਮੈਂਬਰਾਂ ਕੋਲ ਈ-ਮੇਲ ਦੀ ਸੁਵਿਧਾ ਨਹੀਂ ਹੈ, ਉਹਨਾਂ ਨੂੰ ਫੋਨ ਰਾਹੀਂ ਸੂਚਿਤ ਕੀਤਾ ਜਾਏਗਾ।

ਬੈਠਕ ਵਿੱਚ ਹਾਜ਼ਰ ਲੇਖਕਾਂ ਨੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ। ਸੁਖਦੇਵ ਸਾਹਿਲ ਨੇ ਆਪਣੀ ਪੰਜਾਬ ਫੇਰੀ ਦੌਰਾਨ ਹੋਈਆਂ ਸੰਗੀਤਕ ਮਹਿਫਲਾਂ ਬਾਰੇ ਦੱਸਿਆ ਅਤੇ ਤਰੰਨਮ ਵਿੱਚ ਸੂਫੀ ਸ਼ਾਇਰੀ ਸੁਣਾਈ। ਹਾਜ਼ਰੀ ਲਵਾਉਣ ਵਾਲਿਆਂ 'ਚ ਸ਼ਾਮਲ ਸਨ ਸੁਖਵਿੰਦਰ ਕੰਬੋਜ, ਕੁਲਵਿੰਦਰ, ਸਰਦਾਰ ਜਸਪਾਲ ਸੂਸ, ਸੁਰਿੰਦਰ ਸੀਰਤ, ਇਕਵਿੰਦਰ ਢੱਟ, ਨੀਲਮ ਸੈਣੀ, ਰੇਸ਼ਮ, ਗੁਲਸ਼ਨ ਦਿਆਲ, ਤਾਰਾ ਸਿੰਘ ਸਾਗਰ, ਜਗਜੀਤ ਨੌਸ਼ਹਿਰੀ, ਗੁਰਦੇਵ ਸਿੰਘ ਘੱਣਗਸ ਅਤੇ ਸੁਖਦੇਵ ਸਾਹਿਲ। ਅਗਲੀ ਮਹੀਨੇਵਾਰ ਬੈਠਕ ਮਾਰਚ 19,2016 ਨੂੰ ਫ੍ਰੀਮੌਂਟ ਵਿੱਚ ਹੋਏਗੀ।

## ਪੰਜਾਬ ਸਰਕਾਰ ਕਰਜ਼ੇ ਸਹਾਰੇ ਰੇੜ੍ਹੇਗੀ ਵਿਕਾਸ ਦੀ ਗੱਡੀ

ਚੰਡੀਗੜ੍ਹ– ਪੰਜਾਬ ਸਰਕਾਰ, ਪੰਜਾਬ ਮੁਢਲਾ ਢਾਂਚਾ ਵਿਕਾਸ ਬੋਰਡ (ਪੀ ਆਈ ਡੀ ਬੀ) ਦੀ ਸਾਲਾਨਾ ਆਮਦਨ ਗਹਿਣੇ ਧਰ ਕੇ ਬੈਂਕਾਂ ਤੋਂ 5 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹਾਸਲ ਕਰ ਰਹੀ ਹੈ।

ਇਸ ਕਰਜ਼ੇ ਦੀ ਪਹਿਲੀ ਕਿਸ਼ਤ ਵਜੋਂ 2500 ਕਰੋੜ ਰੁਪਏ ਬੋਰਡ ਨੂੰ ਮਿਲ ਚੁੱਕੇ ਹਨ ਤੇ ਦੂਜੀ ਕਿਸ਼ਤ ਵੀ ਜਲਦੀ ਹੀ ਮਿਲ ਜਾਵੇਗੀ। ਕਰਜ਼ੇ 'ਤੇ ਲਏ ਇਸ ਪੈਸੇ ਨਾਲ ਅਕਾਲੀ-ਭਾਜਪਾ ਸਰਕਾਰ ਵੱਲੋਂ ਸੂਬੇ ਦੇ ਵਿਕਾਸ ਦੀ ਗੱਡੀ ਚਲਾਈ ਜਾਣੀ ਹੈ। ਸੂਤਰਾਂ ਅਨੁਸਾਰ ਵਿਧਾਨ ਸਭਾ ਹਲਕਾ ਪੱਧਰ 'ਤੇ ਸਰਕਾਰ ਵੱਲੋਂ 25-25 ਕਰੋੜ ਰੁਪਏ ਦੀ ਜਿਹੜੀ ਗਰਾਂਟ ਦੇਣ ਦਾ ਐਲਾਨ ਕੀਤਾ ਗਿਆ ਹੈ, ਉਸ ਦੀ ਪੂਰਤੀ ਇਸ ਕਰਜ਼ੇ 'ਚੋਂ ਹੀ ਹ

# ਅਮਰੀਕੀ ਪੰਜਾਬੀ ਕਵੀਆਂ ਨੇ ਸਜਾਇਆ ਧਾਰਮਿਕ ਕਵੀ-ਦਰਬਾਰ

**ਫਰੀਮਾਂਟ (ਕੈਲੇਫੋਰਨੀਆ) (ਪ੍ਰਮਿੰਦਰ ਸਿੰਘ ਪ੍ਰਵਾਨਾ)–** ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਹਫਤਾਵਾਰੀ ਸਜੇ ਦੀਵਾਨਾਂ ਵਿਚ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਿਰਤਾਂਤ ਅਤੇ ਕੁਰਬਾਨੀ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ। ਪ੍ਰਵਾਨਾ ਨੇ ਮੰਚ ਸੰਚਾਲਨ ਕਰਦਿਆਂ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਨੇ ਆਪਣਾ ਜੀਵਨ ਲੋਕਾਈ ਦੀ ਭਲਾਈ ਦੇ ਲੇਖੇ ਲਾਇਆ। ਲੋਕਾਂ ਵਿਚੋਂ 'ਮੈਂ" ਕੱਢ ਕੇ ਖਾਲਸਾ ਪੰਥ ਸਜਾਇਆ ਤੇ ਦੇਸ਼ ਕੌਮ ਨੂੰ ਸੁਤੰਤਰਤਾ ਮਿਲੀ। ਸੰਸਾਰ ਨੂੰ ਸੱਚਾ ਧਰਮ ਮਿਲਿਆ। ਗੁਰੂ ਜੀ ਨੇ ਸਮਾਜਿਕ ਆਰਥਿਕ ਅਤੇ ਰਾਜਨੀਤਿਕ ਪੱਖ ਤੋਂ ਮਾਰੀ-ਕੁੱਟੀ, ਲੁੱਟੀ- ਪੁੱਟੀ ਲੋਕਾਈ ਨੂੰ ਹੱਕ ਸੱਚ ਲਈ ਡੱਟ ਜਾਣ ਲਈ ਜਾਗਰਿਕ ਕੀਤਾ ਅਤੇ ਸਵੈ-ਮਾਣ ਵਾਲਾ ਜੀਵਨ ਜਿਉਣ ਦੀ ਜਾਂਚ ਸਿਖਾਈ।

ਪੰਜਾਂ ਪਿਆਰਿਆਂ ਹੱਥੋਂ ਅੰਮ੍ਰਿਤ ਛਕ ਕੇ ਆਪੇ ਗੁਰ ਚੇਲਾ ਦੀ ਮਿਸਾਲ ਕਾਇਮ ਕੀਤੀ। ਆਪਣਾ ਸਰਬੰਸ ਵਾਰ ਦਿੱਤਾ ਤੇ ਅੰਤ ਵਿਚ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾ ਕੇ ਵਿਅਕਤੀ ਪੂਜਾ ਤੋਂ ਬਚਾਇਆ।

ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਜਸਦੀਪ ਸਿੰਘ ਫਰੀਮਾਂਟ, ਤਰਸੇਮ ਸਿੰਘ ਸੁੰਮਨ, ਹਰਦਿਆਲ ਸਿੰਘ ਨੂਰਪੁਰੀ, ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਸਿੱਖ ਇਤਿਹਾਸ ਦੇ ਹਵਾਲੇ ਨਾਲ ਜੋਸ਼ੀਲੀਆਂ ਕਵਿਤਾਵਾਂ ਕਹੀਆਂ। ਧਾਰਮਿਕ ਕਵੀ ਦਰਬਾਰ ਸਜਾਉਣ ਵਿਚ ਪ੍ਰਬੰਧਕਾਂ ਦੇ ਯੋਗਦਾਨ ਵਿਚ ਭਾਈ ਜਸਦੇਵ ਸਿੰਘ, ਭਾਈ ਲਖਬੀਰ ਸਿੰਘ, ਭਾਈ ਗੁਰਿੰਦਰ ਸਿੰਘ, ਭਾਈ ਹਰਜੀਤ ਸਿੰਘ, ਭਾਈ ਕਮਲਜੀਤ ਸਿੰਘ ਅਟਵਾਲ ਅਤੇ ਭਾਈ ਸੁਖਵੰਤ ਸਿੰਘ ਢਿੱਲੋਂ ਸ਼ਾਮਲ ਸਨ।

ਇਸ ਤੋਂ ਪਹਿਲਾਂ ਗੁਰੂ ਨਾਨਕ ਸਿੱਖ ਟੈਂਪਲ



ਫੇਅਰਫੀਲਡ ਵਿਖੇ ਗੁਰੂ ਹਰਿਰਾਏ ਜੀ ਦੇ ਪ੍ਰਕਾਸ਼ ਉਤਸਵ ਤੇ ਹਫਤਾਵਾਰੀ ਦੀਵਾਨ ਸਜਾਏ ਗਏ। ਅਮਰੀਕੀ ਪੰਜਾਬੀ ਕਵੀਆਂ ਵੱਲੋਂ ਵਿਸ਼ੇਸ਼ ਸੱਦੇ ਤੇ ਗੁਰੂ ਜੀ ਦੇ ਜੀਵਨ ਅਤੇ ਸਿੱਖਿਆਵਾਂ ਤੇ ਧਾਰਮਿਕ ਕਵੀ-ਦਰਬਾਰ ਸਜਾਇਆ ਗਿਆ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਗੁਰੂ ਜੀ ਦੇ ਜੀਵਨ ਅਤੇ ਇਤਿਹਾਸ ਤੇ ਰੌਸ਼ਨੀ ਪਾਉਂਦਿਆਂ ਦੱਸਿਆ ਕਿ ਗੁਰੂ ਹਰਿ ਰਾਏ ਜੀ ਸਿੱਖਾਂ ਦੇ ਸੱਤਵੇਂ ਗੁਰੂ ਹੋਏ ਹਨ। ਆਪ ਬਚਪਨ ਤੋਂ ਹੀ ਸੰਤ-ਸੁਭਾਅ ਅਤੇ ਪ੍ਰਮੇਸ਼ਰ ਦੀ ਬੰਦਗੀ ਵਿਚ ਰਹਿਣ ਵਾਲੇ ਸਤਿ ਸੰਤੋਖ ਦੀ ਮੂਰਤ ਸਨ। 1644 ਵਿਚ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲੀ। ਗੁਰੂ ਜੀ ਨਾਲ ਉੱਚ ਕੋਟੀ ਦੇ 2200 ਸਿੱਖ ਸੂਰਮੇ ਜਵਾਨਾਂ ਦੀ ਇਕ ਫੌਜੀ ਟੁਕੜੀ ਸੀ। ਕਿਸੇ ਸਵਾਲੀ ਜਾਂ ਸ਼ਰਨ ਆਏ ਨੂੰ ਕਦੇ ਨਹੀਂ ਮੋੜਦੇ ਸਨ। ਗੁਰੂ ਜੀ ਦੇ ਖ਼ਜ਼ਾਨੇ ਵਿਚ ਕਈ ਦੁਰਲੱਭ ਅਤੇ ਕੀਮਤੀ ਚੀਜ਼ਾਂ ਜਮ੍ਹਾ ਹੋ ਗਈਆਂ ਸਨ। ਸ਼ਾਹ ਜਹਾਨ ਦਾ ਬੇਟਾ ਦਾਰਾ ਸ਼ਿਕੋਹ ਬਹੁਤ ਬਿਮਾਰ ਹੋ ਗਿਆ ਤਾਂ ਗੁਰੂ ਜੀ ਦੇ ਦਵਾਖਾਨੇ ਦੀ ਦਵਾਈ ਨਾਲ ਉਹ ਠੀਕ ਹੋ ਗਿਆ। ਫਿਰ ਔਰੰਗਜ਼ੇਬ ਵੱਲੋਂ ਉਤਰਾ ਅਧਿਕਾਰੀ ਸਮੇਂ ਦਾਰਾ ਸ਼ਿਕੋਹ ਨੂੰ ਪੰਜਾਬ ਵੱਲ ਧੱਕ ਦਿੱਤਾ ਤਾਂ ਉਹ ਗੋਇੰਦਵਾਲ ਵਿਖੇ ਗੁਰੂ ਜੀ ਦੀ ਸ਼ਰਨ ਵਿਚ ਆਏ, ਨੂੰ ਔਰੰਗਜ਼ੇਬ ਦੇ ਖੂਨੀ ਪੰਜੇ ਤੋਂ ਬਚਾਇਆ। ਆਪਣੇ ਪੁੱਤਰ ਰਾਮ ਰਾਏ ਦੀ ਗੁਰਬਾਣੀ ਉਚਾਰਨ ਦੀ ਗਲਤੀ ਨੂੰ ਮੁਆਫ ਨਾ ਕੀਤਾ।

ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਜਸਦੀਪ ਸਿੰਘ ਫਰੀਮਾਂਟ, ਤਰਸੇਮ ਸਿੰਘ ਸੁੰਮਨ, ਗੁਰਦਿਆਲ ਸਿੰਘ ਨੂਰਪੁਰੀ, ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਸਿੱਖ ਇਤਿਹਾਸ ਅਤੇ ਵਿਰਸੇ ਦੇ ਹਵਾਲੇ ਨਾਲ ਜੋਸ਼ੀਲੀਆਂ ਕਵਿਤਾਵਾਂ ਕਹੀਆਂ। ਪ੍ਰਬੰਧਕਾਂ ਵੱਲੋਂ ਕਵੀਆਂ ਦਾ ਸਨਮਾਨ ਕੀਤਾ ਗਿਆ। ਸੰਗਤਾਂ ਨੇ ਧਾਰਮਿਕ ਕਵੀ ਦਰਬਾਰ ਦਾ ਆਨੰਦ ਮਾਣਦੇ ਹੋਏ ਪ੍ਰੋਗਰਾਮ ਦੀ ਸ਼ਲਾਘਾ ਕੀਤੀ। ਅਮਰੀਕੀ ਪੰਜਾਬੀ ਕਵੀਆਂ ਵੱਲੋਂ ਦੂਰ-ਦੁਰਾਡੇ ਦੇ ਗੁਰਦੁਆਰਿਆਂ ਵਿਚ ਹਫਤਾਵਾਰੀ ਸਜਦੇ ਦੀਵਾਨਾਂ ਵਿਚ ਧਾਰਮਿਕ ਕਵੀ ਦਰਬਾਰ ਸਜਾਏ ਜਾਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਕਾਵਿ-ਪ੍ਰਵਾਹ ਨੂੰ ਅੱਗੇ ਤੋਰਨ ਦਾ ਯਤਨ ਹੈ। ਇਹ ਵੀ ਵਰਣਨਯੋਗ ਹੈ ਕਿ ਕੈਲੇਫੋਰਨੀਆ ਦੀ ਸੋਲਾਨੋ ਕਾਉਂਟੀ ਵਿਚ ਸਿੱਖ ਗੁਰਦੁਆਰੇ ਦੀ ਲੋੜ ਮਹਿਸੂਸ ਕਰਦੇ ਹੋਏ ਸੰਗਤਾਂ ਨੂੰ 24 ਫਰਵਰੀ 1998 ਤੋਂ ਗੁਰਦੁਆਰਾ ਸਥਾਪਤ ਕਰਨ ਦੇ ਯਤਨ ਸ਼ੁਰੂ ਕੀਤੇ। ਸਰਕਾਰੀ ਅੜਿੱਕਿਆਂ ਤੋਂ ਪਾਰ ਹੁੰਦੇ ਹੋਏ 8 ਨਵੰਬਰ 1991 ਨੂੰ ਬਾਈ ਲਾਅਜ਼ ਬਣਾ ਕੇ ਯਤਨ ਜਾਰੀ ਰੱਖੇ।

# ਗੂਗਲ ਹੈਂਗ- ਆਊਟ ਜ਼ਰੀਏ ਆਪ ਆਗੂ ਸੁਖਪਾਲ ਖਹਿਰਾ ਅਤੇ ਪ੍ਰੋ. ਬਲਜਿੰਦਰ ਕੌਰ ਲੋਕਾਂ ਦੇ ਰੂਬਰੂ ਹੋਏ

**ਕੈਲੇਫੋਰਨੀਆ (ਹੁਸਨ ਲੜੋਆ ਬੰਗਾ)–** ਪੰਜਾਬ ਬਚਾਓ ਮੁਹਿੰਮ 2017 ਦੇ ਤਹਿਤ ਆਮ ਆਦਮੀ ਪਾਰਟੀ ਆਮ ਲੋਕਾਂ ਤੱਕ ਪਹੁੰਚ ਕਰਨ ਲਈ ਹਰ ਹੀਲਾ ਵਰਤ ਰਹੀ ਹੈ, ਇਸੇ ਲੜੀ ਤਹਿਤ ਆਪ ਲੀਡਰਸ਼ਿਪ ਵੱਲੋਂ ਦੁਨੀਆਂ ਭਰ ਵਿਚ ਵੱਸਦੇ ਪ੍ਰਦੇਸੀ ਪੰਜਾਬੀਆਂ ਨਾਲ ਸੰਵਾਦ ਰਚਾਉਣ ਲਈ ਗੂਗਲ-ਹੈਂਗ-ਆਊਟ ਜ਼ਰੀਏ ਸਾਂਝ ਪਾਈ ਜਾ ਰਹੀ ਹੈ। ਇਸੇ ਸਬੰਧ ਵਿਚ ਲੰਘੇ ਸ਼ਨੀਵਾਰ ਫਰਿਜ਼ਨੋ ਦੇ ਇੰਡੀਆ ਓਵਨ ਰੈਸਟੋਰੈਂਟ ਵਿਚ ਪੰਜਾਬ ਦਰਦੀ ਪ੍ਰਵਾਸੀ ਪੰਜਾਬੀਆਂ ਦਾ ਇਕ ਇਕੱਠ ਹੋਇਆ, ਜਿਸ ਵਿਚ ਆਪ ਲੀਡਰ ਸੁਖਪਾਲ ਸਿੰਘ ਖਹਿਰਾ ਅਤੇ ਪ੍ਰੋਫੈਸਰ ਬਲਜਿੰਦਰ ਕੌਰ ਨੇ ਹਾਜਰੀਨ ਨੂੰ ਸੰਬੋਧਨ ਕੀਤਾ ਅਤੇ ਲੋਕਾਂ ਦੇ ਸੁਆਲਾਂ ਦੇ ਜਵਾਬ ਦਿੱਤੇ, ਉਹਨਾਂ ਪ੍ਰਵਾਸੀ ਪੰਜਾਬੀਆਂ ਨੂੰ ਪੰਜਾਬ ਦੇ ਸਿਆਸੀ ਸਮੀਕਰਨ ਬਦਲਣ ਲਈ




ਆਮ ਆਦਮੀ ਪਾਰਟੀ ਲਈ ਕੀਤੀ ਜਾ ਰਹੀ ਸਪੋਰਟ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਉਹਨਾਂ ਪੰਜਾਬ ਪ੍ਰਤੀ ਇਮਾਨਦਾਰੀ ਨਾਲ ਸੇਵਾ ਨਿਭਾਉਣ ਦੀ ਵਚਨਬੱਧਤਾ ਵੀ ਦੁਹਰਾਈ। ਇਸ ਮੌਕੇ ਬੋਲਣ ਵਾਲੇ ਬੁਲਾਰਿਆਂ ਨੇ ਪੰਜਾਬ ਵਿਚ ਵੱਧ ਰਹੀ ਗੁੰਡਾਗਰਦੀ ਲਈ ਬਾਦਲ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਨਸ਼ਾ ਤਸਕਰੀ ਅਤੇ ਭ੍ਰਿਸ਼ਟਾਚਾਰ ਵਰਗੇ ਮੁੱਦਿਆਂ ਤੇ ਚਿੰਤਾ ਪ੍ਰਗਟ ਕੀਤੀ। ਬੋਲਣ ਵਾਲੇ ਬੁਲਾਰਿਆਂਵਿਚ ਗੁਰਨੇਕ ਸਿੰਘ ਬਾਗੜੀ, ਜਗਰੂਪ ਭੰਡਾਲ, ਸੁਰਿੰਦਰ ਗਿੱਲ, ਮਿੱਕੀ ਸਰਾਂ, ਜੰਗੀਰ ਗਿੱਲ, ਅਮੋਲਕ ਸਿੱਧੂ, ਸੁਖਬੀਰ ਭੰਡਾਲ, ਆਪ ਅਮਰੀਕਾ ਦੇ ਕਨਵੀਨਰ ਪ੍ਰਦੀਪ ਸੁੰਦਰਆਲ, ਸ੍ਰੀ ਕਾਂਠ ਆਦਿ ਨੇ ਆਪਣੇ ਵਿਚਾਰ ਰੱਖੇ। ਸਟੇਜ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਬਾਖੂਬੀ ਕੀਤਾ।


## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨੀਵਾਰ ਅਤੇ ਖਬਰ ਸੋਮਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਜੇਕਰ ਕੋਈ ਖਬਰ ਜਾਂ ਲੇਖ ਨਹੀਂ ਛਪ ਸਕਿਆ ਤਾਂ ਹੋ ਸਕਦਾ ਹੈ ਉਹ ਸਾਡੇ ਤੱਕ ਨਹੀਂ ਪਹੁੰਚਿਆ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਈ-ਮੇਲ ਰਾਹੀਂ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

01-916-947-8920 (ਫੋਨ), 01-916-238-1393 (ਫੈਕਸ)

E-mail : deshdoaba@yahoo.com

www.deshdoaba.com www.ambedkartimes.com

## 'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'

ਦੇਸ਼ ਦੁਆਬਾ (ਪੰਜਾਬੀ ਅਖਬਾਰ), ਅੰਬੇਦਕਰ ਟਾਈਮਜ਼ (ਅੰਗਰੇਜ਼ੀ ਅਖਬਾਰ)
ਵਿਚ ਇਸ਼ਤਿਹਾਰ ਲਗਵਾਉਣ ਦੇ ਚਾਹਵਾਨ ਵੀਰਾਂ ਲਈ ਵਿਸ਼ੇਸ਼ ਸੂਚਨਾ

3 ਮਹੀਨੇ ਦੀ ਪੇਮੈਂਟ ਐਡਵਾਂਸ ਭੇਜਣ ਤੇ 10 ਫੀਸਦੀ ਛੋਟ

6 ਮਹੀਨੇ ਦੀ ਪੇਮੈਂਟ ਐਡਵਾਂਸ ਭੇਜਣ ਤੇ 20 ਫੀਸਦੀ ਛੋਟ

1 ਸਾਲ ਦੀ ਪੇਮੈਂਟ ਐਡਵਾਂਸ ਭੇਜਣ ਤੇ 30 ਫੀਸਦੀ ਛੋਟ

01-916-947-8920 (ਫੋਨ), 01-916-238-1393 (ਫੈਕਸ)

E-mail : deshdoaba@yahoo.com

www.deshdoaba.com www.ambedkartimes.com

# ਗੁਰੂ ਰਵਿਦਾਸ ਜੀ ਦੇ ਦੱਸੇ ਮਾਰਗ ਤੇ ਚੱਲ ਕੇ ਆਪਣਾ ਜੀਵਨ ਸਫਲ ਬਣਾਓ: ਡਾ. ਕੌਲ







**ਕਪੂਰਥਲਾ–** ਆਈ ਕੇ ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਵਿਚ ਸ੍ਰੀ ਗੁਰੂ ਰਵਿਦਾਸ ਜੀ ਦੇ 639ਵੇਂ ਅਤੇ ਡਾ. ਅੰਬੇਡਕਰ ਦੀ 125ਵੀਂ ਵਰ੍ਹੇਗੰਢ ਦੇ ਮੌਕੇ ਤੇ ਇਕ ਸਮਾਰੋਹ ਯੂਨੀਵਰਸਿਟੀ ਦੇ ਰਜਿਸਟ੍ਰਾਟ ਡਾ. ਅਮਨਪ੍ਰੀਤ ਸਿੰਘ ਦੀ ਪ੍ਰਧਾਨਗੀ ਵਿਚ ਕਰਵਾਇਆ ਗਿਆ। ਮੁੱਖ ਮਹਿਮਾਨ ਡਾ. ਜੀ. ਸੀ. ਕੌਲ ਸਨ, ਜਦਕਿ ਵਿਸ਼ੇਸ਼ ਮਹਿਮਾਨ ਸਮਾਜ ਸ਼ਾਸਤਰੀ ਧਰਮਿੰਦਰ ਭੁੱਲਾ ਰਾਏ, ਸੰਸਥਾ ਸੀ. ਆਈ. ਐਚ. ਟੀ. ਦੇ ਸਹਾਇਕ ਡਾਇਰੈਕਟਰ ਐਮ. ਆਰ. ਸਲਨ, ਭਾਰਤੀ ਸਾਹਿਤ ਨਾਲ ਜੁੜੇ ਪ੍ਰਚਾਰਕ ਰਾਜੇਸ਼ ਅਤੇ ਅੰਬੇਡਕਰ ਨੀਤੀ ਗਿਆਨ ਨਾਲ ਜੁੜੇ ਇੰਜੀਨੀਅਰ ਜਸਵੰਤ ਰਾਏ ਸਨ। ਰਜਿਸਟ੍ਰਾਰ ਡਾ. ਅਮਨਪ੍ਰੀਤ ਸਿੰਘ ਨੇ ਯੂਨੀਵਰਸਿਟੀ ਦੇ ਅਧੀਨ ਕਾਲਜਾਂ ਵਿ ਚ ਦਿੱਤੀ ਜਾਂਦੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਯੋਜਨਾ ਬਾਰੇ ਦੱਸਿਆ। ਮੁੱਖ ਮਹਿਮਾਨ ਡਾ. ਕੌਲ ਨੇ ਦੱਸਿਆ ਕਿ ਗੁਰੂ ਰਵਿਦਾਸ ਜੀ ਦੁਆਰਾ ਦਰਸਾਏ ਗਏ ਮਾਰਗ ਤੇ ਚੱਲ ਕੇ ਹਰ ਵਿਅਕਤੀ ਨੂੰ ਆਪਣਾ ਜੀਵਨ ਸਫਲ ਬਣਾਉਣਾ ਚਾਹੀਦਾ ਹੈ। ਉਹਨਾਂ ਦੱਸਿਆ ਕਿ ਉਹਨਾਂ ਦੀਆਂ ਸਿੱਖਿਆਵਾਂ ਸਮਾਨਤਾ ਅਤੇ ਮਾਨਤਾ ਨਾਲ ਜੁੜੀ ਪ੍ਰੇਰਨਾ ਹਨ। ਇਸ ਦੌਰਾਨ ਕਈ ਪਿੰਡਾਂ ਦੇ ਸਕੂਲਾਂ ਵਿਚ ਜ਼ਰੂਰਤਮੰਦ ਬੱਚਿਆਂ ਨੂੰ ਕਿਤਾਬਾਂ ਅਤੇ ਕਾਪੀਆਂ ਵੰਡੀਆਂ ਗਈਆਂ। ਮੰਚ ਸੰਚਾਲਕ ਦੀ ਭੂਮਿਕਾ ਸਹਾਇਕ ਰਜਿਸਟਰਾਰ ਸੰਦੀਪ ਮਹਿਮੀ ਨੇ ਨਿਭਾਈ। ਸਮਾਰੋਹ ਵਿਚ ਸੰਦੀਪ ਕਾਜਲ, ਜੋਗਿੰਦਰ ਸਿੰਘ, ਪਰਮਜੀਤ ਗਿੱਲ, ਨਰੇਸ਼ ਕੁਮਾਰ, ਦਵਿੰਦਰ ਕੁਮਾਰ, ਕਿਸ਼ੋਰ ਲੁਥਰਾ, ਰਾਜਿੰਦਰ ਕੁਮਾਰ, ਪਰਵੇਸ਼ ਆਦਿ ਹਾਜ਼ਰ ਸਨ।

## ਇਸ਼ਰਤ ਜਹਾਂ ਕੇਸ: ਚਿਦੰਬਰਮ ਖ਼ਿਲਾਫ਼ ਪਟੀਸ਼ਨ ਮਨਜ਼ੂਰ

**ਨਵੀ ਦਿੱਲੀ–** ਸੁਪਰੀਮ ਕੋਰਟ ਨੇ ਸਾਬਕਾ ਗ੍ਰਹਿ ਮੰਤਰੀ ਪੀ. ਚਿਦੰਬਰਮ ਖ਼ਿਲਾਫ਼ ਕਾਰਵਾਈ ਦੀ ਮੰਗ ਕਰਦੀ ਇਕ ਲੋਕ ਹਿੱਤ ਪਟੀਸ਼ਨ ਨੂੰ ਸੁਣਵਾਈ ਲਈ ਮਨਜ਼ੂਰ ਕਰ ਲਿਆ, ਜਿਸ ਵਿੱਚ ਦੋਸ਼ ਲਾਇਆ ਗਿਆ ਹੈ ਕਿ ਸ੍ਰੀ ਚਿਦੰਬਰਮ ਨੇ ਸੁਪਰੀਮ ਕੋਰਟ ਨੂੰ ਇਹ ਝੂਠੀ ਜਾਣਕਾਰੀ ਦਿੱਤੀ ਸੀ ਕਿ 2004 ਵਿੱਚ ਗੁਜਰਾਤ ਪੁਲੀਸ ਵੱਲੋਂ ਇਕ 'ਮੁਕਾਬਲੇ' ਵਿੱਚ ਮਾਰ ਮੁਕਾਈ ਗਈ ਮੁਟਿਆਰ ਇਸ਼ਰਤ ਜਹਾਂ ਲਸ਼ਕਰੇ-ਤੋਇਬਾ ਦੀ ਅਤਿਵਾਦੀ ਨਹੀਂ ਸੀ। ਉਂਜ ਚੀਫ਼ ਜਸਟਿਸ ਟੀ.ਐਸ. ਠਾਕੁਰ ਤੇ ਜਸਟਿਸ ਯੂ.ਯੂ. ਲਲਿਤ ਦੇ ਬੈਂਚ ਨੇ ਮਾਮਲੇ ਦੀ ਸੁਣਵਾਈ ਬਿਨਾਂ ਵਾਰੀ ਤੋਂ ਛੇਤੀ ਕੀਤੇ ਜਾਣ ਸਬੰਧੀ ਪਟੀਸ਼ਨਰ ਤੇ ਵਕੀਲ ਐਮ.ਐਲ. ਸ਼ਰਮਾ ਦੀ ਅਪੀਲ ਠੁਕਰਾ ਦਿੱਤੀ। ਪਟੀਸ਼ਨ ਵਿੱਚ ਮੰਗ ਕੀਤੀ ਗਈ ਹੈ ਕਿ ਸੁਪਰੀਮ ਕੋਰਟ ਤੇ ਗੁਜਰਾਤ ਹਾਈ ਕੋਰਟ ਵਿੱਚ ਕਥਿਤ ਗ਼ਲਤ ਹਲਫ਼ਨਾਮੇ ਦਾਖ਼ਲ ਕਰਨ ਬਦਲੇ ਸ੍ਰੀ ਚਿਦੰਬਰਮ ਤੇ ਉਸ ਵੇਲੇ ਸੀਬੀਆਈ ਦੇ ਮੁਖੀ ਖ਼ਿਲਾਫ਼ ਹਲਫ਼ ਲੈ ਕੇ ਝੂਠ ਬੋਲਣ ਜਾਂ ਅਦਾਲਤ ਦੀ ਤੌਹੀਨ ਦਾ ਕੇਸ ਚਲਾਇਆ ਜਾਵੇ।

# ਉਲਟ ਵਹਿਣ ਵਿਚ ਵਹਿ ਗਿਆ ਮੋਦੀ ਦਾ ਕਾਂਸੀ ਦੇ ਗੁਰੂ ਰਵਿਦਾਸ ਮੰਦਰ ਜਾਣਾ

**ਪੰਮੀ ਲਾਲੋ ਮਜਾਰਾ**
**91-95011-43755**

ਬਨਾਰਸ 'ਚ ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਅਸਥਾਨ ਸ੍ਰੀਗੋਵਰਧਨ ਵਿਖੇ ਰਵਿਦਾਸ ਮੰਦਰ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਨਤਮਸਤਕ ਹੋਣਾ ਸਿਆਸੀ ਪੱਖੋਂ ਕਈ ਸਵਾਲ ਖੜ੍ਹੇ ਕਰ ਗਿਆ। ਹੋਇਆ ਇੰਝ ਕਿ ਜਦ ਮੋਦੀ ਸਾਹਿਬ ਜਦੋਂ 22 ਫਰਵਰੀ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੀ 639ਵੀਂ ਜੈਯੰਤੀ ਮੌਕੇ ਰਵਿਦਾਸ ਮੰਦਰ ਮੱਥਾ ਟੇਕਣ ਪਹੁੰਚੇ ਤਾਂ ਕਤਾਰ ਵਿਚ ਖੜ੍ਹੀਆਂ ਸੰਗਤਾਂ ਨੂੰ ਸਕਿਊਰਟੀ ਵਾਲਿਆਂ ਨੇ ਖਦੇੜ ਕੇ ਪੰਡਾਲ ਵੱਲ ਭੇਜ ਦਿੱਤਾ, ਜਿਸ ਦੇ ਸਿੱਟੇ ਵਜੋਂ ਸੰਗਤਾਂ ਵਿਚ ਰੋਸ ਪੈਦਾ ਹੋਇਆ। ਦੂਸਰਾ ਜਦ ਮੋਦੀ ਸਾਹਿਬ ਰਵਿਦਾਸ ਮੰਦਰ 'ਚ ਦਾਖਲ ਹੋਏ ਤਾਂ ਸੱਚਖੰਡ ਬੱਲਾਂ ਦੇ ਮੌਜੂਦਾ ਗੱਦੀ ਨਸ਼ੀਨ ਸੰਤ 108 ਸ੍ਰੀ ਨਰਿੰਜਣ ਦਾਸ ਮਹਾਰਾਜ ਜੀ ਉਹਨਾਂ ਨੂੰ ਮਿਲਣ ਅੰਦਰ ਦਾਖਲ ਹੋਣ ਲੱਗੇ ਤਾਂ ਮਹਾਰਾਜ ਜੀ ਨੂੰ ਅੰਦਰ ਦਾਖਲ ਹੋਣ ਤੋਂ ਸਕਿਊਰਟੀ ਵਾਲਿਆਂ ਨੇ ਰੋਕ ਦਿੱਤਾ। ਇਸ ਦਾ ਸਪੱਸ਼ਟੀਕਰਨ ਇਹ ਦਿੱਤਾ ਗਿਆ ਕਿ ਮੋਦੀ ਦੇ ਆਗਮਨ ਤੇ ਮੰਦਰ 'ਚ ਹਾਜ਼ਰ ਰਹਿਣ ਵਾਲਿਆਂ ਦੀ ਸੂਚੀ 'ਚ ਸੰਤ ਨਰਿੰਦਣ ਦਾਸ ਜੀ ਦਾ ਨਾਮ ਹੀ ਨਹੀਂ ਸੀ। ਮੰਨ ਲਓ ਜੇ ਉਹਨਾਂ ਦਾ ਨਾਮ ਵੀ ਨਹੀਂ ਸੀ ਤਾਂ ਵੀ ਉਹਨਾਂ ਨੂੰ ਮੰਦਰ 'ਚ ਪ੍ਰਵੇਸ਼ ਕਰਨ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਸੀ, ਕਿਉਂਕਿ ਉਹਨਾਂ ਨੂੰ ਦੁਨੀਆਂ ਜਾਣਦੀ ਹੈ। ਬਾਕੀ ਜੇ ਸੰਤ ਨਰਿੰਜਣ ਦਾਸ ਜੀ ਦਾ ਸੂਚੀ 'ਚ ਨਾਮ ਨਹੀਂ ਸੀ ਤੇ ਫਿਰ ਕੇਂਦਰੀ ਰਾਜ ਮੰਤਰੀ ਵਿਜੇ ਸਾਂਪਲਾ ਦੇ ਭਤੀਜੇ ਰੌਬਿਨ ਸਾਂਪਲਾ ਦਾ ਨਾਮ ਕਿੰਨਾ ਕੁ ਜ਼ਰੂਰੀ ਸੀ। ਯਾਦ ਰਹੇ ਮੋਦੀ ਦੇ ਇਸ ਦੌਰੇ ਦੀ ਯੋਜਨਾ ਸਾਰੀ ਦੀ ਸਾਰੀ ਹੁਸ਼ਿਆਰਪੁਰ ਤੋਂ ਲੋਕ ਸਭਾ ਦੀ ਚੋਣ ਜਿੱਤ ਕੇ ਕੇਂਦਰੀ ਰਾਜ ਮੰਤਰੀ ਵਿਜੈ ਸਾਂਪਲਾ ਨੇ ਪੰਜਾਬ 'ਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ 'ਚ ਦਲਿਤ ਵੋਟਰਾਂ ਨੂੰ ਭਰਮਾਉਣ ਲਈ ਖੜ੍ਹੀ ਸੀ। ਪਰ ਹੋ ਗਿਆ ਸਭ ਕੁਝ ਉਲਟ। ਯਾਨਿ ਕਿ ਆਸਥਾ ਤੇ ਸਿਆਸਤ ਕਦੇ ਵੀ ਭਾਰੂ ਨਹੀਂ ਹੋ ਸਕਦੀ ਇਹ ਸਚਾਈ ਹੈ। ਸਮੁੱਚੀ ਰਵਿਦਾਸੀਆ ਕੌਮ 'ਚ ਇਸਦਾ ਜਬਰਦਸਤ ਰੋਸ ਹੈ। ਵਿਜੈ ਸਾਂਪਲਾ ਨੇ ਸਿਆਸਤ ਦਾ ਮਰਿਆ ਸੱਪ ਆਪਣੇ ਗਲ 'ਚ ਪਾ ਲਿਆ ਹੈ, ਜਿਸਦਾ ਜ਼ਹਿਰੀਲਾ ਅਸਰ ਪੰਜਾਬ ਤੇ ਉਤਰ ਪ੍ਰਦੇਸ਼ ਦੀਆਂ ਚੋਣਾਂ 'ਚ ਭਾਜਪਾ ਨੂੰ ਜ਼ਰੂਰ ਵੇਖਣ ਨੂੰ ਮਿਲੇਗਾ।

ਇਕ ਗਲਤੀ ਮੋਦੀ ਸਾਹਿਬ ਹੋਰ ਕਰ ਗਏ, ਜਿਸ ਮੰਚ ਤੇ ਸਾਰਾ ਸੰਤ ਸਮਾਜ ਇਕੱਠਾ ਹੋ ਕੇ ਲੱਖਾਂ ਸੰਗਤਾਂ ਦੇ ਰੂਬਰੂ ਬੈਠਾ ਸੀ, ਉਸ ਮੰਚ ਨੂੰ ਸ਼ੇਅਰ ਕਰਨਾ ਵੀ ਮੋਦੀ ਨੇ ਜ਼ਰੂਰੀ ਨਹੀਂ ਸਮਝਿਆ। ਗਲਤੀ ਕਿੱਥੇ ਹੋਈ, ਮੋਦੀ ਤੋਂ ਜਾਂ ਵਿਜੈ ਸਾਂਪਲਾ ਤੋਂ ਜਾਂ ਮੋਦੀ ਦੇ ਸਿਆਸੀ ਸਲਾਹਕਾਰਾਂ ਤੋ, ਇਸ ਦਾ ਜਵਾਬ ਹਾਲੇ ਸਮੇਂ ਦੇ ਗਰਭ ਵਿਚ ਹੈ। ਉਧਰ ਪੰਜਾਬ ਸਰਕਾਰ ਵੀ ਸਰਕਾਰੀ ਤੌਰ 'ਤੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਜਨਮ ਦਿਹਾੜਾ ਹੀ ਮਨਾਉਣਾ ਭੁੱਲ ਗਈ। ਸਿਰਫ ਅਖਬਾਰਾਂ 'ਚ ਇਕ ਛੋਟਾ ਜਿਹਾ ਇਸ਼ਤਿਹਾਰ ਦੇ ਕੇ ਹੀ ਖਾਨਾ-ਪੂਰਤੀ ਕਰ ਦਿੱਤੀ।

ਚੋਣ ਵਰ੍ਹਾ ਹੋਣ ਦੇ ਬਾਵਜੂਦ ਜਿਹੀ ਗਲਤੀ ਭਾਜਪਾ ਨੇ ਕੀਤੀ ਤੇ ਉਹੀ ਗਲਤੀ ਅਕਾਲੀ ਦਲ ਨੇ ਵੀ ਕੀਤੀ। ਹਾਲਾਂਕਿ ਦੋਵੇਂ ਪਾਰਟੀਆਂ ਗੱਠਜੋੜ ਸਰਕਾਰ ਵਿਚ ਸੱਤਾ ਦਾ ਸੁਆਦ ਚੱਖ ਰਹੀਆਂ ਹਨ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਹਨਾਂ ਦੋਵਾਂ ਪਾਰਟੀਆਂ ਵਿਚ ਬੈਠੇ ਦਲਿਤ ਚੌਧਰੀਆਂ ਨੇ ਉਪਰੋਕਤ ਦੋਵਾਂ ਘਟਨਾਵਾਂ ਪ੍ਰਤੀ ਇਕ ਸ਼ਬਦ ਤੱਕ ਵੀ ਨਹੀਂ ਬੋਲਿਆ। ਕੀ ਇਹਨਾਂ ਦਲਿਤ ਚੌਧਰੀਆਂ ਦੀ ਕੋਈ ਸਿਆਸੀ ਮਜਬੂਰੀ ਹੈ ਕਿ ਜਿਹੜਾ ਬੰਧੂਆ ਮਜ਼ਦੂਰਾਂ ਵਾਂਗ ਦਿਨ ਕੱਟੀ ਕਰਕੇ ਆ-ਪਣੀਆਂ ਸਿਆਸੀ ਰੋਟੀਆਂ ਸੇਕ ਰਹੇ ਹਨ।

ਪੰਜਾਬ ਵਿਚ ਹੋਰ ਵੀ ਦਲਿਤਾਂ ਤੇ ਜਿੰਨਾ ਤਸ਼ੱਦਦ ਹੋਇਆ, ਇਹਨਾਂ ਦੋਵਾਂ ਪਾਰਟੀਆਂ 'ਚ ਸੱਤਾ ਸੁੱਖ ਭੋਗ ਰਹੇ ਦਲਿਤ ਚੌਧਰੀਆਂ ਨੇ ਇਕ ਵੀ ਹਾਅ ਦਾ ਨਾਅਰਾ ਨਹੀਂ ਮਾਰਿਆ। ਲੱਗਦਾ ਇਹਨਾਂ ਨੂੰ ਸਿਰਫ ਸੱਤਾ ਚਾਹੀਦੀ ਹੈ, ਦਲਿਤ ਸਮਾਜ ਜਾਵੇ ਢੱਠੇ ਖੂਹ 'ਚ। ਪਰ ਦਲਿਤ ਸਮਾਜ ਹੁਣ ਜਾਗਰਿਤ ਹੋ ਚੁੱਕਾ ਹੈ।

ਅੱਖਾਂ ਮੀਟ ਕੇ ਵੋਟਾਂ ਵਾਲੇ ਦਿਨ ਗਏ ਤੇ ਜਾਂ ਕਿਸੇ ਲਾਲਚ ਵਿਚ ਆ ਕੇ ਵੋਟ ਦੇਣ ਦੀ ਫਿਰਤ ਰਫੂ ਚੱਕਰ ਹੋ ਚੁੱਕੀ ਹੈ। ਜਿਹੜਾ ਦਲਿਤ ਸੱਤਾ ਦੀ ਕੁਰਸੀ 'ਤੇ ਬੈਠ ਕੇ, ਆਪਣੇ ਭਾਈਚਾਰੇ ਦੀ ਖੈਰ ਨੀ ਮਨਾਉਂਦਾ, ਖੈਰ ਉਹਦੀ ਵੀ ਨਹੀਂ। ਉਹ ਵੀ ਸਾਹਮਣੇ ਕੰਧ ਤੇ ਲਿਖਿਆ ਅੱਖਾਂ ਖੋਲ੍ਹ ਕੇ ਪੜ੍ਹ ਲਵੇ।

# ਸਤਿਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਪੰਜ ਰੋਜ਼ਾ ਧਾਰਮਿਕ ਸਮਾਗਮ ਧੂਮਧਾਮ ਨਾਲ ਕਰਵਾਇਆ





**ਧੂਰੀ (ਕੁਲਵੰਤ ਸਿੰਘ ਟਿੱਬਾ)–** ਸਤਿਗੁਰੂ ਰਵਿਦਾਸ ਜੀ ਦੇ 639ਵੇਂ ਪ੍ਰਕਾਸ ਪੁਰਬ ਸਬੰਧੀ ਸ੍ਰੀ ਗੁਰੂ ਰਵਿਦਾਸ ਧਰਮਸਾਲਾ ਪ੍ਰਬੰਧਕ ਕਮੇਟੀ (ਰਜਿ) ਦੀ ਅਗਵਾਈ ਹੇਠ ਪਿੰਡ ਟਿੱਬਾ ਜਿਲਾ ਸੰਗਰੂਰ ਵਿਖੇ ਪੰਜ ਰੋਜਾ ਧਾਰਮਿਕ ਸਮਾਗਮ ਧੂਮਧਾਮ ਨਾਲ ਕਰਵਾਇਆ ਗਿਆ। ਜਿਸ ਵਿੱਚ ਦੋ ਲੜੀਆਂ ਤਹਿਤ 26 ਸ੍ਰੀ ਆਖੰਡ ਪਾਠ ਸਾਹਿਬ ਜੀ ਭੋਗ ਪਾਏ ਗਏ।

ਭੋਗ ਉਪਰੰਤ ਸ੍ਰੀ ਗੁਰੂ ਰਵਿਦਾਸ ਜੀ ਵਿਚਾਰਧਾਰਾ ਮੰਚ ਪੰਜਾਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਰਾਜਵੀਰਿੰਦਰ ਸਿੰਘ ਟਿੱਬਾ ਨੇ ਕਥਾ ਕੀਰਤਨ ਰਾਹੀਂ ਸਤਿਗੁਰੂ ਰਵਿਦਾਸ ਜੀ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਬਾਰੇ ਚਾਨਣਾ ਪਾਉਂਦਿਆਂ ਦੱਸਿਆ ਕਿ ਗੁਰੂ ਜੀ ਦੀ ਸਮੁੱਚੀ ਬਾਣੀ ਕਰਮਕਾਂਡ ਅਤੇ ਮਨੂੰਵਾਦੀ ਵਿਚਾਰਧਾਰਾ ਦੇ ਵਿਰੁੱਧ ਹੈ ਪਰ ਦੁੱਖ ਦੀ ਗੱਲ ਹੈ ਕਿ ਅਸੀਂ ਸ੍ਰੀ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨੂੰ ਆਪਣੇ ਜੀਵਨ 'ਤੇ ਲਾਗੂ ਕਰਨ ਦੀ ਥਾਂ ਮਨੂੰਵਾਦੀ ਵਿਚਾਰਧਾਰਾ ਦੇ ਪਿੱਛਲੱਗ ਬਣੇ ਹੋਏ ਹਾਂ। ਡਾ8 ਭੀਮ ਰਾਓ ਅੰਬੇਡਕਰ ਜੀ ਵਿਚਾਰਧਾਰਾ ਮੰਚ ਦੇ ਸੂਬਾਈ ਆਗੂ ਕੁਲਵੰਤ ਸਿੰਘ ਟਿੱਬਾ ਨੇ ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਦੋਂ ਮਨੂੰਵਾਦੀ ਵਿਚਾਰ ਸਿਖਰ 'ਤੇ ਸੀ ਤਾਂ ਉਸ ਸਮੇਂ ਸ੍ਰੀ ਗੁਰੂ ਰਵਿਦਾਸ ਜੀ ਨੇ ਮਾਨਵਤਾ ਵਿਰੋਧੀ ਵਿਵਸਥਾ ਨੂੰ ਸਿੱਧੇ ਤੌਰ 'ਤੇ ਵੰਗਾਰਿਆਂ।

ਉਨਾਂ ਕਿਹਾ ਕਿ ਗੁਰੂ ਜੀ ਅਨੁਸਾਰ ਕਿਰਤੀ ਸਮਾਜ ਦੇ ਦੁੱਖਾਂ ਦਾ ਅੰਤ ਤਾਂ ਹੀ ਸੰਭਵ ਹੈ ਜੇਕਰ ਉਹ ਆਪਣਾ ਖੁਦ ਰਾਜਭਾਗ ਕਾਇਮ ਕਰਨ। ਪਰ ਅਸੀਂ ਅਜੇ ਵੀ ਸ੍ਰੀ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਦੀ ਥਾਂ ਮਨੂੰਵਾਦੀ ਵਿਚਾਰਧਾਰਾ ਨੂੰ ਛੱਡਣ ਲਈ ਤਿਆਰ ਨਹੀਂ ਹਾਂ।

ਇਸ ਮੌਕੇ ਹੋਰਨਾਂ ਤੋਂ ਇਲਾਵਾਂ ਸੰਤ ਬਾਬਾ ਹਾਕਮ ਸਿੰਘ ਗੰਡਾਸਿੰਘਵਾਲਾ,ਉੱਘੇ ਚਿੰਤਕ ਗੁਰਦੀਪ ਸਿੰਘ ਸਾਬਕਾ ਸਰਪੰਚ,ਜਸਵੰਤ ਸਿੰਘ ਭੱਠਲ ਸਾਬਕਾ ਚੇਅਰਮੈਨ ਬਲਾਕ ਸੰਮਤੀ ਸੇਰਪੁਰ,ਮੁਕੰਦ ਸਿੰਘਬ ਬਧੇਸਾ ਹਲਕਾ ਪ੍ਰਧਾਨ ਬਹੁਜਨ ਸਮਾਜ ਪਾਰਟੀ ਮਹਿਲ ਕਲਾਂ,ਰਣਜੀਤ ਸਿੰਘ ਰੰਧਾਵਾ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਸੇਰਪੁਰ ਆਦਿ ਨੇ ਵੀ ਸੰਬੋਧਨ ਕੀਤਾ।

# ਦਲਿਤ ਬਸਤੀ ਨੂੰ ਜਾਣ ਵਾਲਾ ਰਸਤਾ ਨਜਾਇਜ਼ ਤੌਰ ਤੇ ਬੰਦ ਕਰਨ ਵਿਰੁੱਧ ਰੋਸ ਪ੍ਰਦਰਸ਼ਨ





ਭਾਖੜਾ ਬਿਆਸ ਪ੍ਰਬੰਧਕੀ ਬੋਰਡ ਦੇ ਅਧਿਕਾਰੀਆਂ ਵਲੋਂ ਪਿੰਡ ਦੋਭੇਟਾ ਦੀ ਦਲਿਤ ਬਸਤੀ ਅਤੇ ਸਰਕਾਰੀ ਸਕੂਲ ਨੂੰ ਪਿਛਲੇ 50 ਸਾਲਾਂ ਤੋਂ ਜਾਣ ਵਾਲੇ ਰਸਤੇ ਨੂੰ ਬੰਦ ਕਰਨ ਦੀ ਕੋਸ਼ਿਸ਼ ਵਿਰੁੱਧ ਪਿੰਡ ਵਾਸੀਆਂ ਨੇ ਪਿਛਲੇ ਜਾਮ ਲਗਾਕੇ ਰੋਸ ਪ੍ਰਦਰਸ਼ਨ ਕੀਤਾ ਸੀ ਅਤੇ ਭਾਖੜਾ ਨੂੰ ਜਾਣ ਵਾਲੀ ਰੇਲ ਰੋਕਣ ਦੀ ਚੇਤਾਵਨੀ ਦਿਤੀ ਸੀ ਜਿਸਤੋਂ ਬਾਦ ਭਾਖੜਾ ਡੈਮ ਦੇ ਪ੍ਰੋਜੈਕਟ ਸੁਰੱਖਿਆ ਅਫਸਰ ਅਸ਼ਵਨੀ ਕੁਮਾਰ ਅਤਰੀ ਅਤੇ ਸਥਾਨਕ ਪੁਲਿਸ ਅਫਸਰ ਐਸ ਪੀ ਸਿੰਘ ਦੀ ਹਾਜ਼ਰੀ ਵਿੱਚ ਬੀ ਬੀ ਐਮ ਬੀ ਅਧਿਕਾਰੀਆਂ ਐਕਸੀਅਨ ਕੁਲਵੀਰ ਸਿੰਘ ਅਤੇ ਐਸ ਡੀ ਓ ਰਾਜਵੀਰ ਸਿੰਘ ਨੇ ਅੱਜ ਸਵੇਰੇ 08 ਵਜੇ ਤੱਕ ਹਰ ਹੀਲੇ ਰਸਤਾ ਚਾਲੂ ਕਰਨ ਦਾ ਭਰੋਸਾ ਦਿਤਾ ਸੀ ਪ੍ਰੰਤੂ ਸਵੇਰੇ ਸਾਢੇ ਅੱਠ ਵਜੇ ਤੱਕ ਜਦੋਂ ਕੋਈ ਵੀ ਅਧਿਕਾਰੀ ਉਸ ਸਥਾਨ ਤੇ ਨਾਂ ਪਹੁੰਚਿਆ ਤਾਂ ਪਿੰਡ ਵਾਸੀਆਂ ਨੇ ਰੇਲਵੇ ਲਾਇਨ ਤੇ ਜਾਮ ਲਗਾ ਦਿਤਾ ਅਤੇ ਭਾਖੜਾ ਡੈਮ ਤੋਂ ਵਾਪਸ ਆ ਰਹੀ ਗੱਡੀ ਨੂੰ ਰਾਹ ਵਿੱਚ ਹੀ ਰੋਕ ਦਿਤਾ। ਲੋਕਾਂ ਨੇ ਬੀ ਬੀ ਐਮ ਬੀ ਖਿਲਾਫ ਨਾਹਰੇਬਾਜੀ ਕੀਤੀ ਅਤੇ ਦਲਿਤਾਂ ਪ੍ਰਤੀ ਅਪਸ਼ਬਦ ਕਹਿਣ ਵਾਲੇ ਅਧਿਕਾਰੀ ਐਸ ਡੀ ਓ ਰਾਜਵੀਰ ਸਿੰਘ ਅਤੇ ਹੋਰਨਾਂ ਖਿਲਾਫ ਕਨੂੰਨੀ ਕਾਰਵਾਈ ਦੀ ਮੰਗ ਕੀਤੀ।

ਪਿੰਡ ਦੇ ਸਰਪੰਚ ਹੇਮ ਰਾਜ ਅਤੇ ਵਾਰਡ ਮੈਂਬਰ ਚਰਨ ਦਾਸ ਦੀ ਅਗਵਾਈ ਵਿੱਚ ਲੱਗ ਭੱਗ 45 ਮਿੰਟ ਗੱਡੀ ਨੂੰ ਰੋਕਿਆ ਗਿਆ ਅਤੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਰੋਸ ਪ੍ਰਦਰਸ਼ਨ ਵਿੱਚ ਸ਼ਕੁੰਤਲਾ ਦੇਵੀ, ਸਵਿੱਤਰੀ ਦੇਵੀ, ਜੋਤੀ ਦੇਵੀ, ਰਮਾ ਦੇਵੀ, ਸਿੰਦੋ ਦੇਵੀ ਸੁਨੀਤਾ ਦੇਵੀ, ਮੁਸਕਾਨ, ਕਸ਼ਮੀਰੋ ਦੇਵੀ, ਕਮਲਾ ਦੇਵੀ, ਬਸੰਬਰੀ ਦੇਵੀ, ਰਮੇਸ਼ ਕੁਮਾਰੀ, ਆਸ਼ੂ, ਬਿੰਦਰ, ਅੰਜੂ, ਦੇਈ, ਕ੍ਰਿਸ਼ਨਾ ਦੇਵੀ, ਅੰਜਲੀ, ਰਾਣੋ, ਤ੍ਰਿਪਤਾ ਦੇਵੀ, ਗੀਤਾ ਦੇਵੀ, ਸ਼ਿੰਦੋ, ਅੰਕਿਤਾ, ਕੁਲਦੀਪ ਚੰਦ, ਕੇਵਲ ਕੁਮਾਰ, ਜਸਵੰਤ ਕੁਮਾਰ, ਰਾਮਜੀ ਦਾਸ, ਓਮ ਪ੍ਰਕਾਸ਼, ਪਿਆਰਾ ਲਾਲ, ਕੁਲਵੰਤ ਸਿੰਘ, ਮੋਹਨ ਲਾਲ, ਨਿਤਿਨ, ਰਾਘੂ, ਜਤਿਨ, ਵਿਜੈ ਕੁਮਾਰ, ਸੁਖਦੇਵ ਸਿੰਘ, ਸ਼ਸ਼ੀ ਕੁਮਾਰ, ਮੋਨੂੰ, ਨੀਨੂੰ, ਰਾਮ ਦਾਸ, ਰਿੱਕੀ, ਲਵਲੀ, ਜਸਵੀਰ ਚੰਦ, ਸੰਜੂ, ਰਿੰਕੂ, ਸੰਜੀਵ ਕੁਮਾਰ, ਓਮ ਪ੍ਰਕਾਸ਼, ਰਾਹੁਲ, ਰੋਹਿਤ, ਰਾਜੂ ਆਦਿ ਹਾਜਰ ਸਨ।

ਇਸਤੋਂ ਬਾਦ ਘਟਨਾ ਸਥਾਨ ਤੇ ਸਥਾਨਕ ਪੁਲਿਸ ਅਧਿਕਾਰੀ ਐਸ ਐਚ ਓ ਐਸ ਪੀ ਸਿੰਘ ਦੀ ਅਗਵਾਈ ਵਿੱਚ ਪੁਲਿਸ ਅਧਿਕਾਰੀ ਅਤੇ ਬੀ ਬੀ ਐਮ ਬੀ ਦੇ ਅਧਿਕਾਰੀ ਪਹੁੰਚੇ। ਇਨ੍ਹਾਂ ਅਧਿਕਾਰੀਆਂ ਨੇ ਲੋਕਾਂ ਦੇ ਰੋਸ ਪ੍ਰਦਰਸ਼ਨ ਅਤੇ ਬੀ ਬੀ ਐਮ ਬੀ ਅਧਿਕਾਰੀਆਂ ਖਿਲਾਫ ਕੀਤੀ ਗਈ ਨਾਹਰੇਬਾਜ਼ੀ ਤੋਂ ਬਾਦ ਪੁਲਿਸ ਅਫਸਰ ਐਸ ਐਚ ਓ ਐਸ ਪੀ ਸਿੰਘ ਦੀ ਹਾਜਰੀ ਵਿੱਚ ਰਸਤਾ ਖੋਲਿਆ ਜਿਸਤੋਂ ਬਾਦ ਲੋਕਾਂ ਨੇ ਜਾਮ ਹਟਾਇਆ।

**ਰਿਪੋਰਟ- ਕੁਲਦੀਪ ਚੰਦ (9417563054)**

# ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ 'ਚ ਸੰਗਤਾਂ ਨੇ ਲਗਵਾਈ ਭਰਵੀਂ ਹਾਜਰੀ

## 'ਗੁਰੂ ਰਵਿਦਾਸ ਸ਼ਕਤੀ ਅਮਰ ਰਹੇ' ਦੇ ਜੈਕਾਰਿਆਂ ਨਾਲ ਗੂੰਜਿਆ ਆਕਾਸ਼

**ਫਗਵਾੜਾ (ਬੀ ਕੇ ਰੱਤੂ)–** ਸ਼ਾਂਝੀਵਾਲਤਾ ਦੇ ਹਾਮੀ, ਇਨਕਲਾਬ ਦੇ ਮੋਢੀ, ਸ਼ੋਮਣੀ ਸੰਤ ਕ੍ਰਾਂਤੀਕਾਰੀ ਰਹਿਬਰ ਜਗਤ ਗੁਰੁ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 639ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਨੂੰ ਸਮਰਪਿਤ ਵਿਸ਼ਾਲ ਤੇ ਪਵਿੱਤਰ ਨਗਰ ਕੀਰਤਨ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ ਇਤਿਹਾਸਕ ਸ਼੍ਰੋਮੇਣੀ ਸ਼੍ਰੀ ਗੁਰੂ ਰਵਿਦਾਸ ਮੰਦਿਰ ਜੀ.ਟੀ. ਰੋਡ ਰਵਿਦਾਸਪੁਰੀ ਚੱਕ ਹਕੀਮ ਦੀ ਪ੍ਰਬੰਧਕ ਕਮੇਟੀ ਵਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸਜਾਇਆ ਗਿਆ। ਇਹ ਨਗਰ ਕੀਰਤਨ ਮੰਦਿਰ ਤੋਂ ਸ਼ੁਰੂ ਹੋ ਕੇ ਜੀ. ਟੀ. ਰੋਡ ਸੰਤੋਖਪੁਰਾ, ਬੱਸ ਸਟੈਂਡ, ਪੇਪਰ ਚੌਂਕ, ਰੈਸਟ ਹਾਊਸ ਚੌਂਕ, ਸੈਂਟਰਲ ਟਾਊਨ, ਗਾਂਧੀ ਚੌਂਕ, ਬਾਂਸਾਵਾਲਾ ਬਾਜ਼ਾਰ ਤੋਂ ਇਲਾਵਾ ਸ਼ਹਿਰ ਦੇ ਪ੍ਰਮੁੱਖ ਬਾਜ਼ਾਰਾਂ 'ਚ ਹੁੰਦਾ ਹੋਇਆ ਵਾਪਸ ਮੰਦਿਰ ਵਿਖੇ ਸਮਾਪਤ ਹੋਇਆ। ਵਿਸ਼ਾਲ ਨਗਰ ਕੀਰਤਨ ਵਿੱਚ ਸ਼੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਨਾਲ ਸਬੰਧਤ ਸੁੰਦਰ ਝਾਕੀਆਂ ਵਿਸ਼ੇਸ਼ ਖਿੱਚ ਦਾ ਕੇਂਦਰ ਸਨ। ਸਾਰਾ ਸ਼ਹਿਰ 'ਗੁਰੂ ਰਵਿਦਾਸ ਸ਼ਕਤੀ ਅਮਰ ਰਹੇ' ਦੇ ਜੈਕਾਰਿਆਂ ਨਾਲ ਗੂੰਜ ਰਿਹਾ ਸੀ। ਨਗਰ ਕੀਰਤਨ ਵਿੱਚ ਸੰਤ ਮਹਿੰਦਰ ਪਾਲ ਪੰਡਵਾਂ, ਸੰਤ ਟਹਿਲ ਨਾਥ ਨੰਗਲ ਖੇੜਾ, ਕੇਂਦਰੀ ਰਾਜ ਮੰਤਰੀ ਵਿਜੇ ਸਾਂਪਲਾ, ਮੁੱਖ ਸੰਸਦੀ ਸਕੱਤਰ ਸੋਮ ਪ੍ਰਕਾਸ਼ ਕੈਂਥ, ਸ਼੍ਰੀਮਤੀ ਅਨੀਤਾ ਸੋਮ ਪ੍ਰਕਾਸ਼ ਕੈਂਥ, ਅਵਿਨਾਸ਼ ਚੰਦਰ ਕਲੇਰ ਸੀ.ਪੀ.ਐਸ., ਮੇਅਰ ਅਰੁਣ ਖੋਸਲਾ, ਡਿਪਟੀ ਮੇਅਰ ਰਣਜੀਤ ਸਿੰਘ ਖੁਰਾਨਾ, ਬਲਵੀਰ ਰਾਣੀ ਸੋਢੀ, ਜੁਗਿੰਦਰ ਸਿੰਘ ਮਾਨ ਸਾਬਕਾ ਕੈਬਨਿਟ ਮੰਤਰੀ, ਐਸ.ਪੀ. ਫਗਵਾੜਾ ਅਸ਼ਵਨੀ ਕੁਮਾਰ, ਡੀ.ਐਸ.ਪੀ. ਮਨਪ੍ਰੀਤ



ਸਿੰਘ ਢਿੱਲੋਂ, ਐਸ.ਐਚ.ਓ. ਸਿਟੀ ਰਮਨਦੀਪ ਸਿੰਘ, ਮਾ. ਹਰਭਜਨ ਸਿੰਘ ਬਲਾਲੋਂ ਮੰਡਲ ਕੋਆਰਡੀਨੇਟਰ ਬਸਪਾ, ਸੋਹਨ ਲਾਲ ਬੰਗਾ ਸੀਨੀਅਰ ਕਾਂਗਰਸੀ ਆਗੂ, ਸਤਪਾਲ ਚੋਪੜਾ, ਮੋਹਨ ਲਾਲ ਸੂਦ, ਸਰਵਣ ਸਿੰਘ ਕੁਲਾਰ ਚੇਅਰਮੈਂਨ ਮਾਰਕੀਟ ਕਮੇਟੀ, ਜਰਨੈਲ ਨੰਗਲ ਸਾਬਕਾ ਜਨਰਲ ਸਕੱਤਰ ਬਸਪਾ ਪੰਜਾਬ, ਅਸ਼ੋਕ ਸੰਧੂ, ਅਸ਼ੋਕ ਭਾਟੀਅ, ਦਵਿੰਦਰ ਕੁਲਥਮ, ਕਮਲ ਲੱਖਪੁਰ ਜਨਰਲ ਸਕੱਤਰ ਅੰਬੇਡਕਰ ਸੈਨਾ ਪੰਜਾਬ, ਸਾਬਕਾ ਮੈਂਬਰ ਜ਼ਿਲ੍ਹਾਂ ਪ੍ਰੀਸ਼ਦ ਅਵਤਾਰ ਸਿੰਘ ਮੰਡ, ਰਾਮ ਮੂਰਤੀ ਖੇੜਾ ਤਹਿਸੀਲ ਪ੍ਰਧਾਨ, ਲੇਖਰਾਜ ਜਮਾਲਪੁਰ, ਚਰਨ ਦਾਸ ਜੱਸਲ, ਰਾਜਿੰਦਰ ਘੇੜਾ, ਗੁਰਜੀਤ ਪਾਲ ਵਾਲੀਆ, ਕਿਸ਼ਨ ਦਾਸ ਸ਼ਿੰਦੀ ਸਾਬਕਾ ਸਰਪੰਚ,ਸੀਤਾ ਕੌਲ, ਬਿੱਲਾ ਬੋਹਾਨੀ, ਤੀਰਥ ਭੁੱਲਾਰਾਈ, ਸੀਮਾ ਪ੍ਰਧਾਨ, ਐਡਵੋਕੇਟ ਐਸ.ਐਲ.ਵਿਰਦੀ, ਜਸਵਿੰਦਰ ਸਿੰਘ ਭਗਤਪੁਰਾ, ਸ਼੍ਰੀਮਤੀ ਸਰਬਜੀਤ ਕੌਰ, ਸ਼੍ਰੀਮਤੀ ਰਚਨਾ ਦੇਵੀ, ਕਾਲਾ ਪ੍ਰਭਾਕਰ ਸ਼ਹਿਰੀ ਪ੍ਰਧਾਨ ਬਸਪਾ, ਮਨੀਸ਼ ਮਹਿਮੀ, ਰੇਸ਼ਮ ਸਿੰਘ ਰੋਸ਼ੀ, ਸਰਬਜੀਤ ਕੌਰ ਕੌਂਸਲਰ, ਪ੍ਰਨੀਸ਼ ਬੰਗਾ, ਪਰਵੀਨ ਬੰਗਾ, ਬੀ.ਕੇ. ਰੱਤੂ, ਸੁਰਿੰਦਰ ਰਾਵਲਪਿੰਡੀ, ਅਮਰਜੀਤ ਖੁੱਤਨ, ਕਲਵਿੰਦਰ ਕੈਂਥ, ਇਲਾਵਾ ਲੱਖਾਂ ਦੀ ਗਿਣਤੀ 'ਚ ਸੰਗਤਾਂ ਨੇ ਨਗਰ ਕੀਰਤਨ 'ਚ ਸ਼ਾਮਲ ਹੋ ਕੇ ਗੁਰੁ ਮਹਾਰਾਜ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਵਿਸ਼ਾਲ ਨਗਰ ਕੀਰਤਨ ਦਾ ਜਿੱਥੇ ਸਭ ਸੰਗਤਾਂ ਵਲੋਂ ਫੁੱਲਾਂ ਦੀ ਵਰਖਾਂ ਨਾਲ ਭਰਵਾਂ ਸਵਾਗਤ ਕੀਤਾ ਗਿਆ, ਉੱਥੇ ਹੀ ਸੰਗਤਾਂ ਲਈ ਵੱਖ ਵੱਖ ਤਰ੍ਹਾਂ ਦੇ ਲੰਗਰ ਵੀ ਲਗਾਏ ਗਏ।

ਪ੍ਰਬੰਧਕ ਕਮੇਟੀ ਵਲੋਂ ਸ਼ੋਭਾ ਯਾਤਰਾ 'ਚ ਸ਼ਾਮਲ ਪ੍ਰਮੁੱਖ ਸਖਸ਼ੀਅਤਾਂ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਗੁਰੁ ਘਰ ਦੀ ਬਖਸ਼ਿਸ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਲਬੀਰ ਰਾਜਾ ਸੋਢੀ ਨੇ ਇਸ ਪਵਿੱਤਰ ਤੇ ਮਹਾਨ ਨਗਰ ਕੀਰਤਨ ਨੂੰ ਸਫਲ ਬਣਾਉਣ ਲਈ ਸਮੁੱਚੀ ਸੰਗਤ ਅਤੇ ਪ੍ਰਸ਼ਾਸਨ ਦਾ ਦਿਲ ਦੀਆ ਗਹਿਰਾਈਆਂ ਤੋਂ ਧੰਨਵਾਦ ਕੀਤਾ। ਪ੍ਰਸ਼ਾਸਨ ਵਲੋਂ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਗਏ ਸਨ।

# ਆਈ.ਡਬਲਿਯੂ.ਏ.ਅਤੇ ਸ਼ਹੀਦ ਊਧਮ ਸਿੰਘ ਵੈਲਫੇਟਰ ਟਰੱਸਟ ਬਰਮਿੰਘਮ ਦਾ ਵਫਦ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਪੁੱਜਾ

**ਜਲੰਧਰ (ਬਿਊਰੋ)–** ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਸ਼ਹੀਦ ਊਧਮ ਸਿੰਘ ਵੈਲਫੇਅਰ ਟਰੱਸਟ ਬਰਮਿੰਘਮ ਦੇ ਪ੍ਰਧਾਨ ਕਾਮਰੇਡ ਕੁਲਬੀਰ ਸਿੰਘ ਸੰਘੇੜਾ, ਉਨ੍ਹਾਂ ਦੀ ਪਤਨੀ ਬੀਬੀ ਸੁਰਿੰਦਰ ਕੌਰ ਸੰਘੇੜਾ, ਆਈ. ਡਬਲਿਯੂ. ਏ. ਗਰੇਟ ਬ੍ਰਿਟੇਨ ਦੇ ਜਨਰਲ ਸਕੱਤਰ ਕਾਮਰੇਡ ਹਰਭਜਨ ਸਿੰਘ ਦਰਦੀ ਅਤੇ ਉਨ੍ਹਾਂ ਦੀ ਪਤਨੀ ਚਰਨਜੀਤ ਕੌਰ, ਆਈ.ਡਬਲਿਯੂ ਏ. ਦੇ ਖਜਾਨਚੀ ਬਲਵੰਤ ਸਿੰਘ ਗਿੱਲ, ਬਿਲਗਾ ਚੈਰੀਟੇਬਲ ਹਸਪਤਾਲ ਦੇ ਪ੍ਰਧਾਨ ਡਾਕਟਰ ਜਗਜੀਤ ਸਿੰਘ ਅਤੇ ਉਨ੍ਹਾਂ ਦੀ ਪਤਨੀ ਸ਼੍ਰੀਮਤੀ ਕਸ਼ਮੀਰ ਕੌਰ ਸੰਘੇੜਾ, ਅਮਨਦੀਪ ਕਾਲਜ ਮੁਕੰਦਪੁਰ ਦੇ ਕਰਤਾ-ਧਰਤਾ ਗੁਰਚਰਨ ਸਿੰਘ ਸ਼ੇਰਗਿੱਲ, ਧੰਨਾ ਸਿੰਘ ਸੰਘੇੜਾ ਹੋਰੀਂ ਵਿਸ਼ੇਸ਼ ਤੌਰ 'ਤੇ ਪੁੱਜੇ।

ਕਮੇਟੀ ਦੇ ਪ੍ਰਧਾਨ ਕਾਮਰੇਡ ਦਰਬਾਰਾ ਸਿੰਘ ਢਿੱਲੋਂ, ਮੀਤ ਪ੍ਰਧਾਨ ਕਾ. ਅਜਮੇਰ ਸਿੰਘ, ਜਨਰਲ ਸਕੱਤਰ ਡਾ. ਰਘਬੀਰ ਕੌਰ, ਖਜਾਨਚੀ ਸੀਤਲ ਸਿੰਘ ਸੰਘਾ, ਟਰੱਸਟੀਜ਼ ਡਾ. ਵਰਿਆਮ ਸਿੰਘ ਸੰਧੂ, ਗੁਰਮੀਤ, ਗੁਰਮੀਤ ਸਿੰਘ ਢੱਡਾ, ਕਾਮਰੇਡ ਚਿਰੰਜੀ ਲਾਲ ਕੰਗਣੀਵਾਲ, ਦੇਵ ਰਾਜ ਨਯੀਅਰ, ਕਮੇਟੀ ਦੇ ਪਰਿਵਾਰਕ ਮੈਂਬਰ ਪ੍ਰੋ. ਗੋਪਾਲ ਸਿੰਘ ਬੁੱਟਰ, ਕੇਸਰ, ਮਨਜੀਤ ਕੇਸਰ, ਬਲਵਿੰਦਰ ਕੌਰ ਬਾਂਸਲ, ਕਾਮਰੇਡ ਸ਼ਾਮ ਲਾਲ, ਗੁਰਦੀਪ ਸਿੰਘ ਸੰਧਰ ਅਤੇ ਕਮੇਟੀ ਦੇ ਸਟਾਫ ਮੈਂਬਰ ਬੂਬਨ, ਰਤਨ, ਰਾਮ ਮਹਿਰਾਜ, ਰਾਜੂ ਆਦਿ ਨੇ ਉਨ੍ਹਾਂ ਦਾ ਨਿੱਘਾ ਸੁਆਗਤ ਕੀਤਾ।

ਉਪਰੰਤ ਕਾਮਰੇਡ ਗੁਰਮੀਤ ਨੇ ਸਮੂਹ ਮੈਂਬਰਾਂ ਦੀ ਇਕ ਦੂਸਰੇ ਨਾਲ ਜਾਣ ਪਛਾਣ ਕਰਵਾਈ। ਇਸ ਮੌਕੇ ਕਮੇਟੀ



ਦੇ ਜਨਰਲ ਸਕੱਤਰ ਨੇ ਉਨ੍ਹਾਂ ਨੂੰ ਜੀ ਆਇਆ ਆਖਦਿਆਂ ਕਿਹਾ ਕਿ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਤੁਸੀਂ ਦੇਸ਼ ਭਗਤ ਯਾਦਗਾਰ ਕਮੇਟੀ ਦੀ ਅਗਵਾਈ ਵਿਚ ਕੀਤੇ ਜਾ ਰਹੇ ਕੰਮਾਂ ਲਈ ਸਾਡੀ ਇਕ ਆਵਾਜ਼ 'ਤੇ ਲੱਖਾਂ ਰੁਪਏ ਸਾਡੀ ਝੋਲੀ ਪਾਏ। ਕਿਸੇ ਵੀ ਕਿਸਮ ਦੀ ਉਸਾਰੀ ਹੋਵੇ, ਮੇਲਾ ਗ਼ਦਰੀ ਬਾਬਿਆਂ ਦਾ ਹੋਵੇ ਜਾਂ ਸਾਲ ਭਰ ਅੰਦਰ ਕਿਸੇ ਵੀ ਕਿਸਮ ਦੀ ਸਰਗਰਮੀ ਹੋਵੇ, ਤੁਹਾਡੇ ਸਾਥ ਦਾ ਸਾਨੂੰ ਹਮੇਸ਼ਾਂ ਮਾਣ ਰਿਹਾ ਹੈ।

ਉਨ੍ਹਾਂ ਕਿਹਾ ਕਿ ਗ਼ਦਰ ਸ਼ਤਾਬਦੀ ਕਮੇਟੀ ਟੋਰੰਟੋ ਵੱਲੋਂ 6 ਲੱਖ ਰੁਪਏ ਦੀ ਰਾਸ਼ੀ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਭੇਂਟ ਹੋਈ ਜਿਸਨੇ ਸਾਨੂੰ ਬੇਹੱਦ ਹੌਸਲਾ ਬਖਸ਼ਿਆ। ਅੱਜ ਦੇਸ਼ ਵਿਦੇਸ਼ ਵਿਚੋਂ ਲਗਭਗ 50 ਲੱਖ ਰੁਪਏ ਦੀ ਰਾਸ਼ੀ ਨਾਲ ਮਹਾਨ ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਦੀ ਤਿਆਰੀ ਮੁਕੰਮਲ ਕਰ ਸਕੇ ਹਾਂ ਅਤੇ ਬਾਬਾ ਬਿਲਗਾ ਘਰ ਦੀ ਤਿਆਰੀ ਜ਼ੋਰਾਂ-ਸ਼ੋਰਾਂ 'ਤੇ ਚੱਲ ਰਹੀ ਹੈ।

ਜ਼ਿਕਰਯੋਗ ਹੈ ਕਿ ਸ਼ਹੀਦ ਊਧਮ ਸਿੰਘ ਵੈਲਫੇਅਰ ਟਰੱਸਟ ਬਰਮਿੰਘਮ ਅਤੇ ਆਈ.ਡਬਡਿਊ.ਏ. ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਦੀ ਉਸਾਰੀ ਲਈ 21 ਲੱਖ ਰੁਪਏ ਦੀ ਰਾਸ਼ੀ ਕਮੇਟੀ ਨੂੰ ਪ੍ਰਦਾਨ ਕਰ ਚੁੱਕੇ ਹਨ। ਡਾ. ਰਘਬੀਰ ਕੌਰ ਹੋਰਾਂ ਦੱਸਿਆ ਕਿ ਬਾਬਾ ਬਿਲਗਾ ਜੀ ਦੇ ਜਨਮ ਦਿਨ 'ਤੇ 2 ਅਪ੍ਰੈਲ ਨੂੰ ਬਾਬਾ ਬਿਲਗਾ ਕਿਤਾਬ ਘਰ ਦਾ ਉਦਘਾਟਨ ਕੀਤਾ ਜਾਵੇਗਾ। ਉਪਰੰਤ ਪ੍ਰੋ. ਗੋਪਾਲ ਸਿੰਘ ਬੁੱਟਰ ਦੀ ਸੰਪਾਦਨਾ ਹੇਠ ਪੰਜ ਆਬ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਿਤ 'ਬਾਬਾ ਬਿਲਗਾ ਆਦਿ ਗ੍ਰੰਥ' ਕਰਕੇ ਰਿਲੀਜ਼ ਕੀਤੀ ਜਾਵੇਗੀ, ਜਿਸ ਵਿਚ ਪੰਜਾਬ ਦੀਆਂ ਨਾਮਵਾਰ ਸ਼ਖ਼ਸੀਅਤਾਂ ਨੇ ਬਾਬਾ ਜੀ ਦਾ ਕੁਰਬਾਨੀ ਭਰਿਆ ਇਤਿਹਾਸ ਅਤੇ ਯਾਦਾਂ ਸਾਂਝੀਆਂ ਕੀਤੀਆਂ ਹੋਈਆਂ ਹਨ।

ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਦਾ ਉਦਘਾਟਨ ਗ਼ਦਰ ਪਾਰਟੀ ਦੀ ਸਥਾਪਨਾ ਦਿਵਸ ਮੌਕੇ 21 ਅਪ੍ਰੈਲ ਨੂੰ ਕੀਤਾ ਜਾਵੇਗਾ। ਇਸ ਮੌਕੇ ਕਮੇਟੀ ਮੈਂਬਰ ਕਾਮਰੇਡ ਰਣਜੀਤ ਸਿੰਘ ਔਲਖ ਝੰਡਾ ਝੁਲਾਉਣ ਦੀ ਰਸਮ ਅਦਾ ਕਰਨਗੇ।

ਇਸ ਮੌਕੇ ਬਾਬਾ ਬਿਲਗਾ ਕਿਤਾਬ ਘਰ ਅਤੇ ਰੀਡਿੰਗ ਰੂਮ ਲਈ ਕੁਲਬੀਰ ਸਿੰਘ ਸੰਘੇੜਾ ਅਤੇ ਹਰਭਜਨ ਸਿੰਘ ਦਰਦੀ ਨੇ 6.50 ਲੱਖ ਰੁਪਏ ਦਾ ਚੈਕ ਕਮੇਟੀ ਦੇ ਸਮੂਹ ਅਹੁਦੇਦਾਰਾਂ ਅਤੇ ਕਮੇਟੀ ਮੈਂਬਰਾਂ ਦੇ ਸਪੁਰਦ ਕੀਤਾ। ਯਾਦ ਰੱਖਣਯੋਗ ਹੈ ਕਿ ਬਾਬਾ ਬਿਲਗਾ ਕਿਤਾਬ ਘਰ ਦੀ ਉਸਾਰੀ ਲਈ ਬਾਬਾ ਜੀ ਦੇ ਪਰਿਵਾਰ ਵੱਲੋਂ ਪਹਿਲਾਂ ਹੀ 3.50 ਲੱਖ ਰੁਪਏ ਕਮੇਟੀ ਨੂੰ ਦਿੱਤੇ ਜਾ ਚੁੱਕੇ ਹਨ।

# ਰਾਮਗੜ੍ਹੀਆ ਇੰਸਟੀਚਿਊਟ ਆਫ ਇੰਜੀਨੀਅਰਿੰਗ ਅਤੇ ਟੈਕਨਾਲੋਜੀ ਵਿਖੇ ਖ਼ੂਨ ਦਾਨ ਕੈਂਪ ਦਾ ਆਯੋਜਨ

**ਫਗਵਾੜਾ (ਬੀ ਕੇ ਰੱਤੂ)–** ਰਾਮਗੜ੍ਹੀਆ ਐਜੁਕੈਸ਼ਨਲ ਕੌਂਸਲ ਦੇ ਚੇਅਰਮੈਨ ਸ. ਭਰਪੂਰ ਸਿੰਘ ਭੋਗਲ ਅਤੇ ਵਾਇਸ ਪ੍ਰੈਸੀਡੈਂਟ ਸ੍ਰੀਮਤੀ ਮਨਪ੍ਰੀਤ ਕੌਰ ਭੋਗਲ ਦੀ ਅਗਵਾਈ ਹੇਠ ਚਲ ਰਹੇ ਰਾਮਗੜ੍ਹੀਆ ਇੰਸਟੀਚਿਊਟ ਆਫ ਇੰਜੀਨੀਅਰਿੰਗ ਅਤੇ ਟੈਕਨਾਲੋਜੀ ਵਿਖੇ ਹਿੰਦੁਸਤਾਨ ਵੈਲਫੇਅਰ ਬਲਡ ਡੋਨਰਜ਼ ਕਲੱਬ ਫਗਵਾੜਾ ਵਲੋਂ ਪ੍ਰਧਾਨ ਵਿਨੀਤ ਪੂਰੀ ਅਤੇ ਜਨਰਲ ਸਕੱਤਰ ਹਰਜਿੰਦਰ ਕੁਮਾਰ ਗੋਗਨਾ ਦੇ ਸਹਿਯੋਗ ਨਾਲ ਖ਼ੂਨ ਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਇੰਸਟੀਚਿਊਟ ਦੇ ਪ੍ਰਿੰਸੀਪਲ ਡਾ. ਨਵੀਨ ਢਿੱਲੋਂ ਨੇ ਸਭ ਤੋਂ ਪਹਿਲਾਂ ਖ਼ੂਨ ਦਾਨ ਕਰਕੇ ਵਿਦਿਆਰਥੀਆਂ ਅੰਦਰ ਇਸ ਮਹਾਨ



ਖ਼ੂਨ ਦਾਨ ਕੈਂਪ ਵਿਚ ਹਿੱਸਾ ਲੈਣ ਲਈ ਉਤਸ਼ਾਹ ਪੈਦਾ ਕੀਤਾ। ਇਸ ਤੋਂ ਬਾਅਦ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਖ਼ੂਨਦਾਨ ਕੈਂਪ ਵਿਚ ਭਾਗ ਲਿਆ ਅਤੇ ਆਪਣਾ ਖ਼ੂਨ ਦਾਨ ਕੀਤਾ। ਕੈਂਪ ਦੌਰਾਨ ਇੰਸਟੀਚਿਊਟ ਦੀ ਡਾਇਰੈਕਟਰ ਡਾ. ਵਿਓਮਾ ਭੋਗਲ ਢੱਟ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ। ਉਹਨਾਂ ਕਿਹਾ ਕਿ ਲੋੜਵੰਦ ਮਰੀਜਾਂ ਲਈ ਸੰਜੀਵਨੀ ਦੇ ਰੂਪ ਵਿਚ ਖ਼ੂਨ ਦਾਨ ਕਰਨਾ ਸਭ ਤੋਂ ਵੱਡਾ ਪੁੰਨ ਹੈ। ਉਹਨਾਂ ਦੱਸਿਆ ਕਿ ਇਸ ਕੈਂਪ ਦਾ ਮਕਸਦ ਅਦਾਰੇ ਵਿਚ ਸਿੱਖਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਅੰਦਰ ਪੜ੍ਹਾਈ ਦੇ ਨਾਲ ਹੀ ਸਮਾਜ ਸੇਵਾ ਦੀ ਭਾਵਨਾ ਪੈਦਾ ਕਰਨਾ ਹੈ। ਪ੍ਰਿੰਸੀਪਲ ਨਵੀਨ ਢਿੱਲੋਂ ਨੇ ਕਿਹਾ ਕਿ ਭਵਿੱਖ ਵਿਚ ਵੀ ਅਜਿਹੇ ਉਪਰਾਲੇ ਕੀਤੇ ਜਾਂਦੇ ਰਹਿਣਗੇ ਤਾਂ ਜੋ ਵਿਦਿਆਰਥੀਆਂ ਅੰਦਰ ਸਮਾਜ ਸੇਵਾ ਦੀ ਭਾਵਨਾ ਨੂੰ ਵਿਕਸਿਤ ਕੀਤਾ ਜਾ ਸਕੇ। ਇਸ ਮੋਕੇ ਸਟਾਫ ਮੈਂਬਰ ਹਰਵਿੰਦਰ ਲੱਲ, ਰਾਜਵਿੰਦਰ ਸਿੰਘ ਬਾਂਸਲ, ਲਵਦੀਪ ਸਿੰਘ, ਪਰਮਿੰਦਰ ਸਿੰਘ, ਗੁਰਪ੍ਰੀਤ ਕੌਰ, ਨਿਵੇਤਾ ਅਰੋੜਾ ਅਤੇ ਵਰਿੰਦਰ ਪੱਬੀ ਆਦਿ ਵੀ ਹਾਜਰ ਸਨ।




# ਅਮਰੀਕਾ ਵਿੱਚ ਨਿਊ ਜਰਸੀ ਵਿਖੇ ਖੁਦਮੁਖਤਿਆਰ ਸ਼੍ਰੀ ਅਕਾਲ ਤਖਤ ਸਾਹਿਬ ਅਤੇ ਸਰਬੱਤ ਖਾਲਸਾ ਤੇ ਕਾਨਫਰੰਸ



**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਨਿਊ ਜਰਸੀ ਦੇ ਸਮੂਹ ਗੁਰਦੁਆਰਾ ਸਾਹਿਬ ਵਲੋਂ ਗਲੈਨ ਰੌਕ ਸ਼ਹਿਰ ਦੇ ਸ਼੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਾਹਿਬ ਵਿਖੇ ਸ਼੍ਰੀ ਅਕਾਲ ਤਖਤ ਸਾਹਿਬ ਅਤੇ ਸਰਬੱਤ ਖਾਲਸਾ ਤੇ ਕਾਨਫਰੰਸ ਹੋਈ, ਕਾਨਫਰੰਸ ਵਿਚ ਸ਼੍ਰੀ ਅਕਾਲ ਤਖਤ ਸਾਹਿਬ ਨੂੰ ਸਿੱਖ ਰਵਾਇਤਾਂ ਅਨੁਸਾਰ ਮੁੜ ਕੇ ਆਜ਼ਾਦ ਕਰਨ ਦੀ ਲੋੜ ਨੂੰ ਸੰਗਤ ਨਾਲ ਸਾਂਝਾ ਕੀਤਾ ਗਿਆ। ਪੰਥ ਦਰਦੀਆਂ ਨੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਆਜਾਦ ਕਰਵਾਉਣ ਲਈ ਸੁਝਾ ਦਿੱਤੇ । ਗੁਰਦੁਆਰਾ ਸਾਹਿਬ ਦੇ ਪ੍ਰਧਾਨ ਭਾਈ ਜਸਜੀਤ ਸਿੰਘ ਹੁੰਦਲ ਨੇ ਸੰਗਤ ਨੂੰ ਜੀ ਆਇਆਂ ਕਿਹਾ। ਭਾਈ ਯਾਦਵਿੰਦਰ ਸਿੰਘ ਨੇ ਸਰਬੱਤ ਖਾਲਸਾ 2015 ਦੇ ਪੰਥਕ ਫੈਸਲਿਆਂ ਤੇ ਸੰਗਤ ਦੇ ਸਹਿਯੋਗ ਨਾਲ ਕੰਮ ਕਰਨ ਲਈ ਪ੍ਰੇਰਣਾ ਦਿੱਤੀ। ਉਹਨਾਂ ਪੰਥਕ ਮਸਲਿਆਂ ਤੇ ਸਿੱਖ ਪੰਥ ਨੂੰ ਇਕੱਠੇ ਹੋ ਕੇ ਕੰਮ ਕਰਨ ਲਈ ਕਿਹਾ। ਕਾਨਫਰੰਸ ਵਿੱਚ ਭਾਈ ਰੇਸ਼ਮ ਸਿੰਘ ਕੈਲੀਫੌਰਨੀਆ ਤੋਂ ਉਚੇਚਾ ਤੋਰ ਤੇ ਪਹੁੰਚੇ। ਇਸ ਕਾਨ- ਫਰੰਸ ਵਿੱਚ ਭਾਈ ਹਰਿੰਦਰ ਸਿੰਘ ਨੇ ਸ਼੍ਰੀ ਅਕਾਲ ਤਖਤ ਸਾਹਿਬ ਦੀ ਖੁਦਮੁਖਤਿਆਰੀ ਅਤੇ ਚੌਣ ਪ੍ਰਣਾਲੀ ਬਾਰੇ ਪੇਸ਼ਕਾਰੀ ਅਤੇ ਲੈਕਚਰ ਕੀਤਾ।

ਯੁਨਾਈਟਿਡ ਸਿੱਖਸ ਦੇ ਭਾਈ ਹਰਦਿਆਲ ਸਿੰਘ ਨੇ ਵਿਸ਼ਵ ਸਿੱਖ ਪਾਰਲੀਮੈਂਟ ਬਣਾਉਣ ਬਾਰੇ ਵਿਚਾਰ ਸਾਂਝੇ ਕੀਤੇ। ਕਾਨਫਰੰਸ ਵਿੱਚ ਸਿੱਖ ਸੰਗਤ ਨੂੰ ਬਹੁਤ ਹੀ ਮਹੱਤਵਪੂਰਨ ਜਾਣਕਾਰੀ ਦਿੱਤੀ ਗਈ। ਇਸ ਪੇਸ਼ਕਾਰੀ ਤੋਂ ਉਪਰੰਤ ਸੰਗਤ ਵਲੋਂ ਸਵਾਲ ਕੀਤੇ ਗਏ ਅਤੇ ਵਿਚਾਰਾਂ ਹੋਈਆਂ। ਕਾਨਫਰੰਸ ਵਿੱਚ ਨਿਊ ਜਰਸੀ ਤੋਂ ਇਲਾਵਾ ਵਿਰਜਿਨੀਆ, ਮੈਰੀਲੈਂਡ, ਡੈਲਾਵੇਅਰ, ਪੈਨਸਿਲਵੇਨਿਆ, ਨਿਊ ਯੌਰਕ ਅਤੇ ਕਨੇਕਟੀਕੱਟ ਦੇ 200 ਤੋਂ ਵੱਧ ਗੁਰਦੁਆਰਾ ਸਾਹਿਬ ਅਤੇ ਜਥੇਬੰਦੀਆਂ ਦੇ ਨੁਮਾਇੰਦੇ ਅਤੇ ਸਿੱਖ ਸੰਗਤ ਨੇ ਹਿੱਸਾ ਲਿਆ।ਅੰਤ ਵਿੱਚ ਸਰਦਾਰ ਗੁਰਮੀਤ ਸਿੰਘ (ਰਾਣਾ) ਚੈਅਰਮੈਨ ਨੇ ਸੱਭ ਦਾ ਧੰਨਵਾਦ ਕਰਦਿਆਂ ਸਾਰੇ ਗੁਰਦੁਆਰਿਆਂ ਵਿੱਚ ਇਸ ਦਾ ਪ੍ਰਚਾਰ ਕਰਨ ਦੀ ਬੇਨਤੀ ਕੀਤੀ।

# ਨਿਊਯਾਰਕ ਵਿੱਚ ਸ਼ਹੀਦ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦਾ ਜਨਮ ਦਿਨ ਮਨਾਇਆ

**ਕੈਲੀਫੋਰਨੀਆ (ਹਸੁਨ ਲੜੋਆ ਬੰਗਾ) :** ਰਿਚਮੰਡ ਹਿੱਲ ਸਥਿਤ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਿਖੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਦੋਆਬਾ ਸਿੱਖ ਅਸੋਸੀਏਸ਼ਨ ਵੱਲੋਂ ਵੀਹਵੀਂ ਸਦੀ ਦੇ ਮਹਾਨ ਸਿੱਖ ਸ਼ਹੀਦ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦਾ ਜਨਮ ਦਿਹਾੜਾ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਅਤੇ ਦੀਵਾਨ ਸਜਾਏ ਗਏ। ਗੁਰੂਘਰ ਕਮੇਟੀ ਅਤੇ ਸਥਾਨਕ ਸੰਗਤ ਵਿੱਚ ਸੰਤ ਭਿੰਡਰਾਂ ਵਾਲਿਆਂ ਦੇ ਜਨਮ ਦਿਵਸ ਨੂੰ ਲੈ ਕੇ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਵਿਸ਼ੇਸ਼ ਤੌਰ ਤੇ ਦੀਵਾਨ ਵਿੱਚ ਪਹੁੰਚੇ ਖਾਲਿਸਤਾਨ ਅਫੇਅਰਜ਼ ਸੈਂਟਰ ਦੇ ਸੰਚਲਕ ਡਾ.ਅਮਰਜੀਤ ਸਿੰਘ ਨੇ ਸੰਤ ਜਰਨੈਲ ਸਿੰਘ ਦੇ ਜਨਮ ਦਿਨ ਦੀ ਸੰਗਤ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਸ ਮੌਕੇ ਭਾਈ ਪਰਮਜੀਤ ਸਿੰਘ ਪੰਮਾ ਦੀ ਰਿਹਾਈ ਨਾਲ ਕੌਮ ਨੂੰ ਵੱਡੀ ਜਿੱਤ ਹਾਸਲ ਹੋਈ ਹੈ। ਉਹਨਾਂ ਕਿਹਾ ਕਿ ਪੁਰਤਗਾਲ ਵੱਲੋਂ ਭਾਈ ਪੰਮਾ ਦੀ ਭਾਰਤ ਹਵਾਲਗੀ ਤੋਂ ਇਨਕਾਰ ਕਰਨਾ ਜਿੱਥੇ ਭਾਰਤ ਦੇ ਲੋਕਤੰਤਰ ਨੂੰ ਜਵਾਬ ਹੈ, ਉੱਥੇ ਹੀ ਸਿੱਖਾਂ ਦੇ ਕੌਮੀ ਨਿਸ਼ਾਨੇ ਖਾਲਸਾ ਰਾਜ ਦੇ ਰਾਹ ਵਿੱਚ ਇੱਕ ਉਸਾਰੂ ਕਦਮ ਹੈ। ਡਾ.ਅਮਰਜੀਤ ਸਿੰਘ ਨੇ ਇਹ ਆਸ



ਪ੍ਰਗਟਾਈ ਕਿ ਸਿੱਖ, ਸੰਤਾਂ ਦੇ ਬਚਨਾਂ ਤੇ ਦ੍ਰਿੜਤਾ ਨਾਲ ਪਹਿਰਾ ਦਿੰਦਿਆਂ ਕੌਮ ਦੀ ਚੜ੍ਹਦੀਕਲਾ ਲਈ ਸ਼ੰਘਰਸ਼ ਵਿੱਚ ਵਧ ਚੜ੍ਹ ਕੇ ਹਿੱਸਾ ਪਾਉਣਗੇ। ਸਰਬੱਤ ਖਾਲਸਾ 2015 ਵਿੱਚ ਨੌਰਥ ਅਮੈਰਿਕਨ ਡੈਲੀਗੇਸ਼ਨ ਦਾ ਹਿੱਸਾ ਰਹੇ ਹਰਿੰਦਰ ਸਿੰਘ ਨੇ ਕਿਹਾ ਸੰਤ ਭਿੰਡਰਾਂਵਾਲੇ ਸਿੱਖ ਕੌਮ ਲਈ ਅਜੋਕੇ ਸਮੇਂ ਵਿੱਚ ਸੰਤ ਸਿਪਾਹੀ ਦੀ ਜਾਗਦੀ ਮਿਸਾਲ ਕਇਮ ਕਰ ਗਏ ਹਨ, ਜਿਨਾਂ ਦੀ ਸਖਸ਼ੀਅਤ ਨੂੰ ਢਾਹ ਲਾਉਣ ਲਈ ਸਰਕਾਰਾਂ ਵੱਲੋਂ ਤਰਾਂ-ਤਰਾਂ ਦੇ ਹਥਕੰਡੇ ਅਪਣਾਏ ਜਾ ਰਹੇ ਹਨ। ਉਹਨਾਂ ਕਿਹਾ ਕਿ ਅੱਜ ਸਾਨੂੰ ਲੋੜ ਹੈ ਕਿ ਅਸੀਂ ਸੰਤਾਂ ਦੀ ਸਖਸ਼ੀਅਤ ਨੂੰ ਪਹਿਚਾਣੀਏ ਅਤੇ ਉਹਨਾਂ ਦੇ ਬਚਨਾਂ ਤੇ ਪਹਿਰਾ ਦੇਣ ਦਾ ਯਤਨ ਕਰੀਏ। ਕੈਲੀਫੋਰਨੀਆ ਤੋਂ ਅਕਾਲੀ ਦਲ (ਅ) ਦੇ ਸੀਨੀਅਰ ਲੀਡਰ ਸ.ਰੇਸ਼ਮ ਸਿੰਘ ਨੇ ਸੰਗਤ ਨੂੰ ਸਬੋਧਨ ਹੁੰਦਿਆਂ ਕਿਹਾ ਕਿ ਸਿੱਖ ਕੌਮ ਦੀ ਚੜ੍ਹਦੀਕਲਾ ਲਈ ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ 2017 ਦੀਆਂ ਪੰਜਾਬ ਅਸੈਂਬਲੀ ਚੋਣਾਂ ਵਿੱਚ ਹੰਭਲਾ ਮਾਰਨ ਦੀ ਲੋੜ ਹੈ ਤਾਂ ਜੋ ਪੰਜਾਬ ਅਤੇ ਸਿੱਖ ਕੌਮ ਦੇ ਭਵਿੱਖ ਨੂੰ ਸੁਰੱਖਿਅਤ ਕੀਤਾ ਜਾ ਸਕੇ। ਇਸ ਪ੍ਰੋਗਰਾਮ ਨੂੰ ਨਿਪੇਰੇ ਚੜ੍ਹਾਉਣ ਵਿੱਚ ਅਕਾਲੀ ਦਲ (ਅ) ਦੇ ਯੂਥ ਵਿੰਗ ਨੇ ਮੋਢੀ ਰੋਲ ਅਦਾ ਕੀਤਾ। ਦੀਵਾਨ ਵਿੱਚ ਗੁਰੂਘਰ ਜਮੇਟੀ ਦੇ ਪ੍ਰਧਾਨ ਗੁਰਦੇਵ ਸਿੰਘ ਕੰਗ, ਗਿਆਨੀ ਭੁਪਿੰਦਰ ਸਿੰਘ, ਸਿੱਖ ਸੈਂਟਰ ਫਲੱਸ਼ਿੰਗ ਦੇ ਪ੍ਰਧਾਨ ਹਿੰਮਤ ਸਿੰਘ, ਸਿੱਖ ਯੂਥ ਆਫ ਅਮਰੀਕਾ ਤੋਂ ਜਸਬੀਰ ਸਿੰਘ ਅਤੇ ਕੁਲਵੰਤ ਸਿੰਘ, ਸਿੱਖਸ ਫਾਰ ਜਸਟਿਸ ਤੋਂ ਅਵਤਾਰ ਸਿੰਘ ਪੰਨੂ ਆਦਿ ਸ਼ਾਮਲ ਸਨ।

# ਕਿੰਗਜ ਸਪੋਰਟਸ ਕਲੱਬ ਸੈਕਰਾਮੈਂਟੋ ਵੱਲੋਂ ਕਬੱਡੀ ਪ੍ਰਮੋਟਰ ਮਲਕੀਅਤ ਸਿੰਘ ਦਿਓਲ ਦਾ ਸਨਮਾਨ

**ਕੈਲੇਫੋਰਨੀਆ (ਹੁਸਨ ਲੜੋਆ ਬੰਗਾ)–** ਕਬੱਡੀ ਵਿਚੋਂ ਨਸ਼ਾ ਤੇ ਮਤਭੇਦ ਖਤਮ ਕਰਕੇ ਇਸ ਖੇਡ ਨੂੰ ਪਵਿੱਤਰ ਖੇਡ ਬਣਾਉਣ ਲਈ ਸਮੁੱਚੇ ਪੰਜਾਬੀਆਂ ਖਾਸ ਕਰਕੇ ਕਬੱਡੀ ਖੇਡ ਨੂੰ ਪਿਆਰ ਕਰਨ ਵਾਲਿਆਂ ਨੂੰ ਅੱਗੇ ਆਉਣਾ ਚਾਹੀਦਾ ਹੈ। ਇਹ ਵਿਚਾਰ ਕਿੰਗਜ਼ ਸਪੋਰਟਸ ਕਲੱਬ ਸੈਕਰਾਮੈਂਟੋ ਵੱਲੋਂ ਕੀਤੇ ਗਏ ਉਨ੍ਹਾਂ ਦੇ ਸਨਮਾਨ ਦੌਰਾਨ ਸ. ਮਲਕੀਅਤ ਸਿੰਘ ਦਿਓਲ ਟਰਾਂਟੋ ਕਬੱਡੀ ਫੈਡਰੇਸ਼ਨ ਦੇ ਜਨਰਲ ਸਕੱਤਰ ਨੇ ਕਹੇ।ਸੈਕਰਾਮੈਂਟੋ ਦੇ ਫੈਟ ਡੱਕਸ ਪੀਜਾਤੇ ਕੀਤੇ ਗਏ ਸੰਖੇਪ ਤੇ ਪ੍ਰਭਾਵਸ਼ਾਲੀ ਸਮਾਗਮ ਵਿਚ ਸ. ਦਿਓਲ ਨੇ ਬੋਲਦਿਆਂ ਕਿਹਾ ਕਬੱਡੀ ਨੂੰ ਜੇਕਰ ਜਿੰਦਾ ਰੱਖਣਾ ਹੈ ਤਾਂ ਇਸ ਖੇਡ ਲਈ ਇਮਾਨਦਾਰੀ ਨਾਲ ਕੰਮ ਦੀ ਲੋੜ ਹੈ। ਇਸ ਮੌਕੇ ਇਸ ਸਮਾਗਮ ਵਿਚ ਸ਼ਾਮਲ ਹੋਣ ਵਾਲਿਆਂ ਵਿਚ ਬੂਟਾ ਲੋਧੀ, ਗੁਰਦੇਵ ਪੰਛੀ ਯੂ. ਕੇ., ਜੱਸੀ ਢਿੱਲੋਂ, ਜਸਬੀਰ ਢੀਂਡਸਾ, ਬਿੱਲਾ ਸੇਖੋਂ, ਗੁਰਮੁਖ ਸੰਧੂ, ਸੰਤੋਖ ਦੁਸਾਂਝ, ਅਮਰਜੀਤ ਕੰਗ, ਸੁਖਵਿੰਦਰ ਤੂਰ, ਰਣਬੀਰ ਦੁਸਾਂਝ, ਜੱਸੀ ਢਿੱਲੋਂ, ਲੱਖੀ ਸੰਘਾ, ਭਲਨ ਹੋਠੀ, ਗੁਰਨੇਕ ਢਿੱਲੋਂ, ਇੰਦਰਜੀਤ ਸਿੱਧੂ, ਸੁੱਖੀ ਸੇਖੋਂ ਤੇ ਹੋਰ ਹਾਜ਼ਰ ਹੋਏ। ਇਸ ਮੌਕੇ ਕਿੰਗਜ਼ ਸਪੋਰਟਸ ਕਲੱਬ ਦੇ ਪ੍ਰਬੰਧਕਾਂ ਨੇ ਕਿਹਾ ਕਿ 6 ਮਾਰਚ ਨੂੰ ਡੱਲੇਵਾਲ ਕਬੱਡੀ ਕੱਪ ਵਿਚ ਉਨ੍ਹਾਂ ਵੱਲੋਂ ਕੁਝ ਸ਼ਖਸੀਅਤਾਂ ਜਿਹਨਾਂ ਵਿਚ ਪ੍ਰੋ. ਮੱਖਣਸਿੰਘ ਹਕੀਮਪੁਰ, ਦੇਵੀ ਦਿਆਲ ਤੇ ਪੱਤਰਕਾਰ ਰਮਿੰਦਰ ਢਿੱਲੋਂ ਦਾ ਗੋਲਡ ਮੈਡਲਾਂ ਨਾਲ ਸਨਮਾਨ ਕੀਤਾ ਜਾਵੇਗਾ।



# ਰੋਹਿਤ ਵੇਮੁਲਾ ਤੇ ਪਕੜਿਆ ਗਿਆ ਸਿਮ੍ਰਤੀ ਦਾ 'ਝੂਠ'

**ਨਵੀਂ ਦਿੱਲੀ–** ਸਿਮ੍ਰਤੀ ਇਰਾਨੀ ਦੇ ਬਿਆਨਾਂ ਨੂੰ ਲੈ ਕੇ ਹੰਗਾਮਾ ਮੱਚਿਆ ਹੋਇਆ ਹੈ। ਇਸੇ ਵਿਚਕਾਰ ਰੋਹਿਤ ਵੇਮੁਲਾ ਖੁਦਕੁਸ਼ੀ ਕੇਸ ਵਿਚ ਸਿਮ੍ਰਤੀ ਦੇ ਬਿਆਨ 'ਤੇ ਔਰਤ ਡਾਕਟਰ ਨੇ ਵੀ ਸਵਾਲ ਉਠਾਇਆ ਹੈ। ਡਾਕਟਰ ਨੇ ਕਿਹਾ ਕਿ ਰੋਹਿਤ ਨੂੰ ਦੇਖਣ ਉਹ ਖੁਦ ਗਈ ਸੀ। ਸਿਮ੍ਰਤੀ ਨੇ ਕਿਹਾ ਸੀ ਕਿ ਰੋਹਿਤ ਦੇ ਖੁਦਕੁਸ਼ੀ ਤੋਂ ਬਾਅਦ ਕਿਸੇ ਨੇ ਵੀ ਡਾਕਟਰ ਨੂੰ ਨਹੀਂ ਬੁਲਾਇਆ ਸੀ। ਰੋਹਿਤ ਵੇਮੁਲਾ ਖੁਦਕੁਸ਼ੀ ਕੇਸ ਵਿਚ ਹੈਦਰਾਬਾਦ ਯੂਨੀਵਰਸਿਟੀ ਦੀ ਡਾਕਟਰ ਐਮ. ਰਾਜਸ਼੍ਰੀ ਨੇ ਸਿਮ੍ਰਤੀ ਇਰਾਨੀ ਦੇ ਬਿਆਨ 'ਤੇ ਸਵਾਲ ਉਠਾਇਆ। ਉਹਨਾਂ ਨੇ ਕਿਹਾ ਕਿ ਮੈਂ ਰੋਹਿਤ ਦੀ ਜਾਂਚ ਕੀਤੀ ਸੀ ਅਤੇ ਕਾਲ ਆਉਣ ਦੇ ਪੰਜ ਮਿੰਟ ਦੇ ਅੰਦਰ ਉਥੇ ਪਹੁੰਚ ਗਈ ਸੀ। ਮੈਂ ਹੀ ਉਸਨੂੰ ਮ੍ਰਿਤਕ ਘੋਸ਼ਿਤ ਕੀਤਾ ਸੀ। ਉਹਨਾਂ ਮੁਤਾਬਕ ਪੂਰੇ 10 ਮਿੰਟ ਤਕ ਉਹਨਾਂ ਨੇ ਰੋਹਿਤ ਦੀ ਜਾਂਚ ਕੀਤੀ ਸੀ। ਡਾਕਟਰ ਰਾਜਸ਼੍ਰੀ ਨੇ ਕਿਹਾ ਕਿ ਮੇਰੇ ਪਹੁੰਚਣ ਦੇ 15 ਮਿੰਟ ਬਾਅਦ ਪੁਲਿਸ ਪਹੁੰਚੀ ਸੀ। ਐਚ. ਆਰ. ਡੀ. ਮਨਿਸਟਰ ਨੇ ਸੰਸਦ ਵਿਚ ਦਾਅਵਾ ਕੀਤਾ ਸੀ ਕਿ ਰੋਹਿਤ ਨੂੰ ਪ੍ਰਾਇਮਰੀ ਸਿੱਖਿਆ ਵੀ ਨਹੀਂ ਲੈਣ ਦਿੱਤੀ ਸੀ। ਲੋਕਾਂ ਨੇ ਉਸਨੂੰ ਘੇਰ ਕੇ ਰੱਖਿਆ ਹੋਇਆ ਸੀ। 17 ਜਨਵਰੀ ਨੂੰ ਹੈਦਰਾਬਾਦ ਯੂਨੀਵਰਸਿਟੀ ਦੇ ਦਲਿਤ ਵਿਦਿਆਰਥੀ ਰੋਹਿਤ ਵੇਮੁਲਾ ਨੇ ਖੁਦਕੁਸ਼ੀ ਕੀਤੀ ਸੀ।




# ਸ਼੍ਰੀ ਗੁਰੂ ਰਵਿਦਾਸ ਜੀ ਨੇ ਹਰ ਪ੍ਰਕਾਰ ਦੀ ਗੁਲਾਮੀ ਦੀ ਨਿੰਦਾ ਕੀਤੀ ਅਤੇ ਡਟਵਾਂ ਵਿਰੋਧ ਕੀਤਾ



ਕੁਲਦੀਪ ਚੰਦ
9417563054

ਸ਼੍ਰੀ ਗੁਰੂ ਰਵਿਦਾਸ ਜੀ ਦੇ ਸਮੇਂ ਸਮਾਜ ਜਾਤ-ਪਾਤ, ਕਰਮ ਕਾਂਡਾਂ, ਧਾਰਮਿਕ ਕੱਟੜਤਾ ਆਦਿ ਕੁਰੀਤੀਆਂ ਨਾਲ ਗ੍ਰਸਤ ਸੀ। ਅਖੌਤੀ ਜਾਤਿ ਪ੍ਰਥਾ ਦੇ ਢਾਂਚੇ ਅਨੁਸਾਰ ਉਸ ਵੇਲੇ ਚੋਥਾ ਵਰਣ ਮੰਨੇ ਜਾਂਦੇ ਸ਼ੂਦਰਾਂ ਨੂੰ ਕਿਸੇ ਵੀ ਤਰਾਂ ਦੇ ਅਧਿਕਾਰ ਪ੍ਰਾਪਤ ਨਹੀਂ ਸਨ ਅਤੇ ਉਨ੍ਹਾਂ ਨਾਲ ਜਾਨਵਰਾਂ ਤੋਂ ਵੀ ਮਾੜਾ ਸਲੂਕ ਕੀਤਾ ਜਾਂਦਾ ਸੀ। ਉਚੱਕੋਟੀ ਦੇ ਕਹਾਉਣ ਵਾਲੇ ਕੁੱਝ ਲੋਕ ਧਾਰਮਿਕ ਗ੍ਰੰਥਾ ਦੀ ਮਨਘੜਤ ਵਿਆਖਿਆ ਕਰਦੇ ਸਨ। ਅਜਿਹੇ ਲੋਕਾਂ ਨੇ ਸਮਾਜ ਵਿੱਚ ਇਹ ਗੱਲ ਫੈਲਾਈ ਹੋਈ ਸੀ ਕਿ ਸ਼ੂਦਰਾਂ ਨੂੰ ਨਾਂ ਵੇਦ ਪਾਠ ਪੜ੍ਹਣ ਨਾਂ ਹੀ ਸੁਣਨ ਦੇਣਾ ਚਾਹੀਦਾ ਹੈ। ਬ੍ਰਾਹਮਣਵਾਦੀ ਪ੍ਰਥਾ ਪ੍ਰਭਾਵਸ਼ਾਲੀ ਹੋਣ ਕਾਰਨ ਕਿਸੇ ਵੀ ਤਰਾਂ ਦਾ ਪਾਠ ਕਰਨ ਵਾਲੇ ਸ਼ੂਦਰਾਂ ਦੀ ਜੀਭ ਕੱਟਣ ਅਤੇ ਵੇਦ ਪਾਠ ਸੁਣਨ ਵਾਲੇ ਸ਼ੂਦਰਾਂ ਦੇ ਕੰਨਾ ਵਿੱਚ ਸਿੱਕਾ ਪਿਘਲਾਕੇ ਪਾਣ ਦੇ ਹੁਕਮ ਲਾਗੂ ਸਨ। ਇਸ ਸਮਾਜਿਕ ਢਾਂਚੇ ਵਿੱਚ ਬਦਲਾਓ ਲਿਆਉਣ ਲਈ ਕਈ ਸਮਾਜਿਕ ਰਹਿਵਰਾਂ ਨੇ ਅਵਾਜ਼ ਉਠਾਈ ਹੈ ਜਿਨ੍ਹਾਂ ਵਿੱਚੋਂ ਸ਼੍ਰੀ ਗੁਰੂ ਰਵਿਦਾਸ ਜੀ ਦਾ ਨਾਮ ਪ੍ਰਮੁੱਖ ਤੌਰ ਤੇ ਸ਼ਾਮਲ ਹੈ। ਸ਼੍ਰੀ ਗੁਰੂ ਰਵਿਦਾਸ ਜੀ ਦੇ ਜਨਮ ਦਿਨ, ਜਨਮ ਸਥਾਨ ਅਤੇ ਜੋਤੀ ਜੋਤ ਸਮਾਉਣ ਬਾਰੇ ਵੱਖ ਵੱਖ ਵਿਦਵਾਨਾਂ ਦੇ ਵੱਖ ਵੱਖ ਵਿਚਾਰ ਹਨ। ਬਹੁਤੇ ਵਿਦਵਾਨਾਂ ਅਨੁਸਾਰ ਸੰਨ ਸ਼੍ਰੀ ਗੁਰੂ ਰਵਿਦਾਸ ਜੀ ਦਾ ਜਨਮ ਇਸਵੀ 1433 ਨੂੰ ਪਿਤਾ ਸੰਤੋਖ ਦਾਸ ਤੇ ਮਾਤਾ ਕਲਸਾ ਦੇਵੀ ਦੇ ਘਰ ਬਨਾਰਸ (ਵਾਰਾਨਸੀ) ਦੀ ਬਸਤੀ 'ਸੀਰ ਗੋਵਰਧਨਪੁਰ' ਵਿਖੇ ਹੋਇਆ। ਗੁਰੂ ਰਵਿਦਾਸ ਜੀ ਨੇ ਆਪਣੇ ਪਿੱਤਰੀ ਅਰਥਾਤ ਬਜ਼ੁਰਗਾਂ ਵਾਲੇ ਕਿੱਤੇ ਨੂੰ ਅਪਣਾਇਆ ਅਤੇ ਇਸ ਵਿੱਚ ਹੀ ਸੰਤੋਖ ਗ੍ਰਹਿਣ ਕੀਤਾ। ਆਪ ਜੀ ਦੇ ਬਜ਼ੁਰਗ ਬਨਾਰਸ ਦੇ ਆਸ-ਪਾਸ ਮਰੇ ਹੋਏ ਪਸ਼ੂਆਂ ਨੂੰ ਚੁੱਕਣ ਦਾ ਅਤੇ ਜੁੱਤੀਆਂ ਗੰਢਣ ਦਾ ਕੰਮ ਕਰਦੇ ਸਨ। ਗੁਰੂ ਜੀ ਨੇ ਆਪ ਆਪਣੀ ਬਾਣੀ ਵਿੱਚ ਇਸ ਸਬੰਧੀ ਜ਼ਿਕਰ ਕੀਤਾ ਹੈ :

ਮੇਰੀ ਜਾਤੀ ਕੁਟ ਬਾਂਢਲਾ ਢੋਰ ਢੋਵੰਤਾ
ਨਿਤਹਿ ਬਾਨਾਰਸੀ ਆਸ ਪਾਸਾ।।
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸ ਦਾਸਾ।।

ਗੁਰੂ ਰਵਿਦਾਸ ਜੀ ਆਰਥਿਕ ਤੌਰ ਤੇ ਭਾਂਵੇ ਗਰੀਬ ਸਨ ਪ੍ਰੰਤੂ ਅਧਿਆਤਮਕ ਤੌਰ ਤੇ ਅਮੀਰ ਸਨ। ਆਪ ਅਪਣੇ ਹੱਥੀ ਕਿਰਤ ਕਰਦੇ ਅਤੇ ਲੋੜਵੰਦ ਲੋਕਾਂ ਦੀ ਮੱਦਦ ਕਰਦੇ ਅਤੇ ਰੱਬ ਦੀ ਭਗਤੀ ਕਰਦੇ। ਆਪਜੀ ਨੇ ਅਪਣੇ ਸਮਕਾਲੀ ਸੰਤ ਮਹਾਂਪੁਰਖਾਂ ਬਾਰੇ ਵੀ ਅਪਣੀ ਬਾਣੀ ਵਿੱਚ ਡੂੰਘਾ ਵਿਚਾਰ ਵਟਾਂਦਰਾ ਕੀਤਾ ਹੈ।

ਨਾਮਦੇਵ, ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ।।
ਕਹਿ ਰਵਿਦਾਸੁ ਸਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ।।

ਸ਼੍ਰੀ ਗੁਰੂ ਰਵਿਦਾਸ ਜੀ ਅਨੁਸਾਰ ਪ੍ਰਮਾਤਮਾ ਕੋਈ ਰਹੱਸ ਨਹੀਂ ਹੈ ਸਗੋਂ ਪ੍ਰਮਾਤਮਾ ਤਾਂ ਹਰ ਕਣ ਵਿੱਚ ਮੋਜੂਦ ਹੈ। ਗੁਰੂ ਰਵਿਦਾਸ ਜੀ ਨੇ ਪਰਮਾਤਮਾ ਵਿੱਚ ਆਪਣੀ ਹੋਂਦ ਦਾ ਵਰਣਨ ਕਰਦੇ ਹੋਏ ਕਿਹਾ ਹੈ:-


ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ।।
ਕਨਕ ਕਟਿਕ ਜਲ ਤਰੰਗ ਜੈਸਾ।।

ਗੁਰੂ ਰਵਿਦਾਸ ਜੀ ਦਾ ਜਨਮ ਸਮਾਜ ਦੇ ਉਸ ਵਰਗ ਵਿੱਚ ਹੋਇਆ ਸੀ ਜਿਸਨੂੰ ਸ਼ੂਦਰ ਅਤੇ ਅਛੂਤ ਕਿਹਾ ਜਾਂਦਾ ਸੀ ਅਤੇ ਇਸ ਵਰਗ ਦੇ ਲੋਕਾਂ ਨਾਲ ਬਾਕੀ ਤਿੰਨ ਵਰਗਾਂ ਦੇ ਲੋਕ ਕੋਈ ਵੀ ਮੇਲ ਮਿਲਾਪ ਨਹੀਂ ਰੱਖਦੇ ਸਨ। ਆਪਜੀ ਸਮਾਜ ਵਿੱਚੋਂ ਸ਼ੋਸ਼ਣ, ਭਿੱਟ, ਕੁਰੀਤੀਆਂ ਅਤੇ ਅਡੰਬਰਾਂ ਦਾ ਖਾਤਮਾ ਕਰਕੇ, ਇੱਥੇ ਸ਼੍ਰੇਣੀ ਤੇ ਵਰਣਹੀਣ ਵਰਗ ਅਤੇ ਦਰਜਾ ਰਹਿਤ ਸਮਾਜ ਕਾਇਮ ਕਰਕੇ ਸੰਸਾਰ ਵਿੱਚ ਵਿਲੱਖਣ ਪ੍ਰਕਾਰ ਦਾ ਸਮਾਜ ਸਥਾਪਤ ਕਰਨਾ ਚਾਹੁੰਦੇ ਸਨ। ਆਪ ਮਾਨਵ ਏਕਤਾ ਅਤੇ ਮਨੁੱਖੀ ਬਰਾਬਰੀ ਦੇ ਅਲੰਬਰਦਾਰ ਸਨ ਜਿਨ੍ਹਾਂ ਨੇ ਉਸ ਘੋਰ ਅੰਧਕਾਰ ਦੇ ਯੁੱਗ ਵਿੱਚ ਅਨੇਕ ਪ੍ਰਕਾਰ ਦੇ ਸਮਾਜਕ ਅਤੇ ਆਰਥਕ ਹਨੇਰਿਆਂ ਨੂੰ ਆਪਣੀ ਬਾਣੀ ਅਤੇ ਪ੍ਰਵਚਨਾਂ ਦੇ ਅਦਭੁੱਤ ਨੂਰ ਰਾਹੀਂ ਦੂਰ ਕਰਨ ਵਿੱਚ ਉੱਘਾ ਯੋਗਦਾਨ ਪਾਇਆ। ਗੁਰੂ ਜੀ ਹਮੇਸ਼ਾ ਪ੍ਰਭੂ ਭਗਤੀ ਵਿੱਚ ਲੀਨ ਰਹਿੰਦੇ ਸਨ। ਉਹ ਜਨਮ ਤੋਂ ਹੀ ਭਗਤੀ ਭਾਵ ਵਾਲੀ ਰੁਚੀ ਰੱਖਦੇ ਸਨ। ਉਹ ਸ਼੍ਰੋਮਣੀ ਵਿਦ-ਵਾਨਾਂ, ਭਗਤਾਂ, ਪੀਰਾਂ-ਪੈਗੰਬਰਾਂ, ਰਿਸ਼ੀਮੁਨੀਆਂ ਵਿੱਚ ਇੱਕ ਉਚਕੋਟੀ ਦੀ ਸ਼ਖਸੀਅਤ ਹਨ, ਜਿਨ੍ਹਾਂ ਦੀ ਰਚਿਤ ਬਾਣੀ (40 ਸ਼ਬਦਾਂ ਅਤੇ 01 ਸ਼ਲੋਕ) ਨੂੰ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ ਗੁਰੂ ਸਾਹਿਬਾਨਾਂ ਜੀ ਦੀ ਬਾਣੀ ਨਾਲ ਸ਼ਾਮਿਲ ਕੀਤਾ ਅਤੇ ਉਨ੍ਹਾਂ ਦੀ ਬਾਣੀ ਨੂੰ ਵੀ ਸਦਾ ਲਈ ਅਮਰ ਕਰ ਦਿੱਤਾ। ਗੁਰੂ ਰਵਿਦਾਸ ਜੀ ਨੇ ਇਸ ਤਰਾਂ ਦੇ ਰਾਜ ਦੀ ਕਲਪਨਾ ਕੀਤੀ ਸੀ:-

ਐਸਾ ਚਾਹੁੰ ਰਾਜ ਮੈਂ ਜਹਾਂ ਮਿਲੇ ਸਭਨ ਕੋ ਅੰਨ,
ਛੋਟ-ਬੜੇ ਸਭ ਸਮ ਵਸੇ ਰਵਿਦਾਸ ਰਹੇ ਪ੍ਰਸੰਨ।

ਅਗਿਆਨਤਾ ਅਤੇ ਗਰੀਬੀ ਇਸ ਸਮਾਜ ਦੀ ਪਹਿਚਾਣ ਬਣ ਚੁੱਕੀ ਸੀ। ਗੁਰੂ ਰਵਿਦਾਸ ਜੀ ਆਪਣੇ ਗਰੀਬ ਸਮਾਜ ਦੀ ਨੁਹਾਰ ਬਦਲਣ ਦੇ ਇਛੁੱਕ ਸਨ। ਗੁਰੂ ਜੀ ਨੇ ਸਭ ਨੂੰ ਗਿਆਨਵਾਨ ਹੋਣ ਲਈ ਪ੍ਰੇ-ਰਆ:-

ਮਾਧੋ ਅਬਿਦਿਆ ਹਿਤ ਕੀਨ।। ਬਿਬੇਕ ਦੀਪ ਮਲੀਨ।।



ਗੁਰੂ ਰਵਿਦਾਸ ਜੀ ਨੇ ਜਾਤ-ਪਾਤ ਦਾ ਖੰਡਨ ਕਰਕੇ ਉਚ ਵਰਗ ਦੇ ਜਾਤੀ ਅਭਿਆਨ ਤੇ ਹੰਕਾਰ ਨੂੰ ਸੱਟ ਮਾਰੀ। ਉਸ ਸਮੇਂ ਸਮਾਜਿਕ ਰੀਤੀ ਰਿਵਾਜਾਂ ਕਾਰਨ ਸੂਦਰ ਅਤੇ ਅਛੂਤ ਜਾਤ ਵਾਲੇ ਸਰਵਜਨਕ ਥਾਵਾਂ ਤੇ ਨਹੀਂ ਜਾ ਸਕਦੇ ਸਨ ਅਤੇ ਗੁਲਾਮਾਂ ਵਾਲਾ ਜੀਵਨ ਬਤੀਤ ਕਰ ਰਹੇ ਸਨ। ਗੁਰੂ ਰਵਿਦਾਸ ਜੀ ਨੇ ਇਸ ਖਿਲਾਫ ਆਪਣੀ ਆਵਾਜ਼ ਉਠਾਈ ਅਤੇ ਆਪਣੀ ਬਾਣੀ ਵਿੱਚ ਅਨੇਕਾਂ ਪਦਾਂ ਵਿੱਚ ਚਮਾਰ ਜਾਤੀ ਨੂੰ ਸਨਮਾਨ ਦਿੱਤਾ। ਗੁਰੂ ਰਵਿਦਾਸ ਜੀ ਦੇ ਜੀਵਨ ਸਿਧਾਂਤ ਦੀ ਇੱਕ ਹੋਰ ਅਲੌਕਿਕ ਖੂਬੀ ਇਹ ਹੈ ਕਿ ਉਹ ਗ੍ਰਹਿਸਥ ਜੀਵਨ ਬਤੀਤ ਕਰਦੇ ਹੋਏ, ਹੱਥੀਂ ਕੰਮ ਕਰਨ ਨੂੰ ਹੀ ਰੱਬ ਦੀ ਭਗਤੀ ਮੰਨਦੇ ਸਨ। ਗੁਰੂ ਰਵਿਦਾਸ ਕਥਨੀ ਅਤੇ ਕਰਨੀ ਦੇ ਧਨੀ ਸਨ। ਉਨ੍ਹਾਂ ਨੇ ਜਿਹੜਾ ਉਪਦੇਸ਼ ਲੋਕਾਂ ਨੂੰ ਦਿੱਤਾ ਹੈ ਪਹਿਲਾਂ ਉਸ ਉਪਰ ਆਪ ਅਮਲ ਕੀਤਾ। ਲੋਕਾਂ ਨੂੰ ਹੱਥੀਂ ਕੰਮ ਕਰਨ ਦੀ ਪ੍ਰੇਰਨਾ ਤਦ ਹੀ ਉਨ੍ਹਾਂ ਨੇ ਦਿੱਤੀ ਸੀ ਜਦੋਂ ਉਨ੍ਹਾਂ ਨੇ ਪਹਿਲਾਂ ਆਪ ਇਸ ਸਿਧਾਂਤ ਉਪਰ ਅਮਲ ਕੀਤਾ ਸੀ। ਸਾਰੀ ਉਮਰ ਉਹ ਆਪ ਹੱਥਾਂ ਨਾਲ ਆਪਣਾ ਪਿਤਾ ਪੁਰਖੀ ਕਿੱਤਾ ਕਰਦੇ ਰਹੇ। ਗੁਰੂ ਰਵਿਦਾਸ ਜੀ ਹੱਥਾਂ ਨਾਲ ਕਿਰਤ ਕਰਦੇ ਹੋਏ ਮਨ ਵਿੱਚ ਪ੍ਰਭੂ ਦਾ ਜਾਪ ਕਰਦੇ ਰਹਿੰਦੇ ਸਨ। ਗੁਰੂ ਰਵਿਦਾਸ ਜੀ ਨੇ ਤਤਕਾਲੀ ਸਮਾਜ ਵਿੱਚ ਫੈਲੀਆਂ ਕੁਰੀਤੀਆਂ, ਰੂੜ੍ਹੀਆਂ ਅਤੇ ਧਾਰਮਿਕ ਅਡੰਬਰਾਂ ਦਾ ਡੱਟ ਕੇ ਵਿਰੋਧ ਕੀਤਾ ਉਨ੍ਹਾਂ ਨੇ ਇਹ ਗੱਲ ਵੀ ਲੋਕਾਈ ਨੂੰ ਸਪੱਸ਼ਟ ਕਰ ਦਿੱਤੀ ਸੀ ਕਿ ਭਗਵਾਨ, ਪਰਮਾਤਮਾ, ਈਸ਼ਵਰ, ਅੱਲ੍ਹਾ, ਖ਼ੁਦਾ, ਰਹੀਮ ਆਦਿ ਸਭ ਇੱਕੋਂ ਇਲਾਹੀ ਸ਼ਕਤੀ ਦੇ ਅੱਡ-ਅੱਡ ਨਾਂ ਹਨ ਜਿਸ ਨੇ ਇਸ ਬ੍ਰਹਿਮੰਡ ਦੀ ਸਿਰਜਣਾ ਕੀਤੀ ਹੈ। ਉਸ ਵੇਲੇ ਕੁੱਝ ਅਖੌਤੀ ਲੋਕਾਂ ਨੇ ਹਰ ਸੰਭਵ ਕੋਸ਼ਿਸ਼ ਦੁਆਰਾ ਗੁਰੂ ਜੀ ਦੇ ਮਿਸ਼ਨ-ਪ੍ਰਚਾਰ ਵਿੱਚ ਰੋਕਾਂ ਪਾਈਆਂ ਪਰ ਹਰ ਵਾਰ ਗੁਰੂ ਜੀ ਦੀ ਜਿੱਤ ਹੋਈ। ਗੁਰੂ ਜੀ ਨੇ ਉਸ ਵੇਲੇ ਸਮਾਜ ਵਿੱਚ ਫੈਲੇ ਜਾਤ-ਪਾਤ ਦੇ ਅੰਧ ਵਿਸ਼ਵਾਸ਼ਾਂ ਨੂੰ ਤੋੜਕੇ ਇੱਕ ਮਹਾਨ ਸਮਾਜ ਸੁਧਾਰਕ ਦਾ ਕੰਮ ਕੀਤਾ ਸੀ। ਸ਼੍ਰੀ ਗੁਰੂ ਰਵਿਦਾਸ ਜੀ ਨੇ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਨੂੰ ਦੂਰ ਕਰਨ ਅਤੇ ਇਸ ਸਬੰਧੀ ਪ੍ਰਚਾਰ ਕਰਨ ਲਈ ਵੱਖ ਵੱਖ ਇਲਾਕਿਆਂ ਵਿੱਚ ਜਾਕੇ ਕੰਮ ਕੀਤਾ। ਸ਼੍ਰੀ ਗੁਰੂ ਰਵਿਦਾਸ ਜੀ ਸ਼੍ਰੀ ਗੁਰੂ ਨਾਨਕ ਦੇਵ ਜੀ ਤੋਂ ਉਮਰ ਵਿੱਚ ਕਾਫੀ ਵੱਡੇ ਸਨ ਵੱਖ ਵੱਖ ਵਿਦਵਾਨਾਂ ਅਨੁਸਾਰ ਉਨ੍ਹਾਂ ਦੀਆਂ ਆਪਸ ਵਿੱਚ ਤਿੰਨ ਮੁਲਾਕਾਤਾਂ ਹੋਈਆਂ। ਵਿਦਵਾਨਾਂ ਅਨੁਸਾਰ ਪਹਿਲੀ ਗੋਸ਼ਟੀ ਚੂੜਕਾਣੇ (ਨਨਕਾਣਾ ਸਾਹਿਬ) ਵਿਖੇ ਉਦੋਂ ਹੋਈ, ਜਦੋਂ ਗੁਰੂ ਨਾਨਕ ਦੇਵ ਜੀ ਅਜੇ ਕਿਸ਼ੋਰ ਅਵਸਥਾ ਵਿੱਚ ਸਨ। ਗੁਰੂ ਰਵਿਦਾਸ ਜੀ, ਸੰਤ ਕਬੀਰ ਜੀ, ਸੰਤ ਸੇਨ ਜੀ, ਸੰਤ ਪੀਪਾ ਜੀ ਅਤੇ ਸੰਤ ਧੰਨਾ ਜੀ ਪੰਜਾਬ ਵਿੱਚ ਪ੍ਰਚਾਰ ਹਿੱਤ ਵਿਚਰ ਰਹੇ ਸਨ। ਗੁਰੂ ਨਾਨਕ ਦੇਵ ਜੀ ਨੇ ਜਿਹੜੇ ਪੈਸੇ ਆਪਣੇ ਪਿਤਾ ਮਹਿਤਾ ਕਾਲੂ ਜੀ ਪਾਸੋਂ ਵਪਾਰ ਲਈ ਪ੍ਰਾਪਤ ਕੀਤੇ ਸਨ। ਉਹ ਇਨ੍ਹਾਂ ਸੰਤਾਂ ਦੀ ਸੇਵਾ ਤੇ ਹੀ ਲਾ ਕੇ ਸੱਚਾ ਸੌਦਾ ਕੀਤਾ ਸੀ। ਦੂਜੀ ਮੁਲਾਕਾਤ ਅਤੇ ਗੋਸ਼ਟੀ ਸੁਲਤਾਨਪੁਰ ਵਿੱਚ ਉਸ ਸਮੇਂ ਹੋਈ ਜਦੋਂ ਗੁਰੂ ਰਵਿਦਾਸ ਜੀ ਆਪਣੇ ਹੋਰ ਸੰਤ ਸਾਥੀਆਂ ਨਾਲ ਉੱਤਰੀ ਭਾਰਤ ਦਾ ਦੌਰਾ ਕਰਦੇ-ਕਰਦੇ ਦੁਬਾਰਾ ਪੰਜਾਬ ਆਏ ਸਨ। ਤੀਜੀ ਗੋਸ਼ਟੀ ਕਾਸ਼ੀ ਵਿੱਚ ਗੋਪਾਲਦਾਸ ਦੀ ਬਗੀਚੀ ਜਿੱਥੇ ਹੁਣ 'ਗੁਰੂ ਕਾ ਬਾਗ' ਗੁਰਦੁਆਰਾ ਹੈ ਵਿੱਚ ਹੋਈ। ਸਤਿਗੁਰੂ ਰਵਿਦਾਸ ਜੀ ਉਨ੍ਹਾਂ ਸਮਾਜ ਸੁਧਾਰਕ ਸੰਤਾਂ ਵਿੱਚੋਂ ਅਗਾਂਹਵਧੂ ਸਨ, ਜਿਨ੍ਹਾਂ ਨੇ ਪ੍ਰੰਪਰਾਗਤ ਜਾਤੀਵਾਦ ਦੇ ਬੰਧਨਾ ਨੂੰ ਚਕਨਾ-ਚੂਰ ਕਰਨ ਦੇ ਲਈ ਸਾਮੰਤਸ਼ਾਹੀ ਅਤੇ ਰੂੜਵਾਦੀ ਲੋਕਾਂ ਦਾ ਡੱਟ ਕੇ ਮੁਕਾਬਲਾ ਕੀਤਾ। ਗੁਰੂ ਰਵਿਦਾਸ ਜੀ ਨੇ ਆਪਣੇ ਸੰਘਰਸ਼ਮਈ ਜੀਵਨ ਦੁਆਰਾ ਸੁੱਤੇ ਹੋਏ ਭਾਰਤੀ ਸਮਾਜ ਨੂੰ ਜਗਾਇਆ। ਉਸ ਸਮੇਂ ਦੇ ਕਈ ਰਾਜਿਆਂ ਨੇ ਆਪਜੀ ਨੂੰ ਆਪਣਾ ਰਾਜਗੁਰੂ ਬਣਾਇਆ, ਉਨ੍ਹਾਂ ਵਿੱਚ ਰਾਣਾ ਕੁੰਭਾ, ਰਾਉ ਦੂਦਾ, ਹਰਦੇਵ ਸਿੰਘ ਨਾਗਰ, ਵੀਰ ਸਿੰਘ ਬਘੇਲਾ, ਰਾਣਾ ਸਾਂਗਾ, ਚੰਦਰਹੰਸ, ਰਾਣੀ ਝਾਲੀ, ਮੀਰਾ ਬਾਈ ਪ੍ਰਸਿੱਧ ਹਨ। ਇਨ੍ਹਾਂ ਦੇ ਨਾਲ ਨਾਲ ਦੇਸ਼ ਵਿਦੇਸ਼ ਦੇ ਲੋਕਾਂ ਨੇ ਵੀ ਆਪਜੀ ਦੀ ਧਾਰਮਿਕ ਵਿਚਾਰਧਾਰਾ ਦਾ ਸਮਰਥਨ ਕੀਤਾ। ਬੇਗਮਪੁਰਾ ਸ਼ਹਿਰ ਗੁਰੂ ਰਵਿਦਾਸ ਜੀ ਦੇ ਆਪਣੇ ਸ਼ਬਦਾਂ ਵਿੱਚ ਇਕ ਐਸਾ ਸਥਾਨ ਹੈ, ਜਿੱਥੇ ਮਾਨ-ਵਤਾ ਦੀ ਪੂਰੀ ਸੁਤੰਤਰਤਾ ਹੈ।

ਬੇਗਮਪੁਰਾ ਸਹਿਰ ਕੋ ਨਾਉ, ਦੂਖੁ ਅੰਦੋਹੁ ਨਹੀਂ ਤਿਹ ਠਾਓ।।
ਨਾ ਤਸਵੀਸ ਖਿਰਾਜੁ ਨਾ ਮਾਲੁ। ਖਉਫੁ ਨ ਖਤਾ ਨ ਤਰਸੁ ਜਵਾਲੁ।।੧।।
ਅਬ ਮੋਹਿ ਖੂਬ ਵਤਨ ਗਹ ਪਾਈ। ਉਹਾਂ ਖੈਰਿ ਸਦਾ ਮੇਰੇ ਪਾਈ।। ਰਹਾਉ।।
ਕਾਇਮੁ ਦਾਇਮੁ ਸਦਾ ਪਾਤਿਸਾਹੀ। ਦੋਮ ਨ ਸੇਮ ਏਕ ਸੋ ਆਹੀ।।
ਆਬਾਦਾਨੁ ਸਦਾ ਮਸਹੂਰ। ਉਹਾਂ ਗਨੀ ਬਸਹਿ ਮਾਮੂਰ।।੨।।
ਤਿਉ ਤਿਉ ਸੈਲ ਕਰਹਿ ਜਿਉ ਭਾਵੈ। ਮਹਰਮ ਮਹੁਲ ਨ ਕੋ ਅਟਕਾਵੈ।
ਕਹਿ ਰਵਿਦਾਸ ਖਲਾਸੁ ਚਮਾਰਾ। ਜੋ ਹਮ ਸਹਰੀ ਸੋ ਮੀਤੁ ਹਮਾਰਾ।।੩।।

ਸਤਿਗੁਰੂ ਰਵਿਦਾਸ ਜੀ ਨੇ ਪ੍ਰਮਾਤਮਾ ਦੀ ਅਸਲ ਭਾਵਨਾ, ਮੂਰਤੀ ਪੂਜਾ, ਅਵਤਾਰਵਾਦ, ਕਰਮਕਾਂਡ ਵਰਗੇ ਧਾਰਮਿਕ ਮਾਨਤਾ ਦਾ ਖੰਡਨ ਕੀਤਾ।

ਰਵਿਦਾਸ ਇਕ ਹੀ ਨੂਰ ਤੇ, ਜਿਮਿ ਉਪਜਿਯੋ ਸੰਸਾਰ।।
ਉਚ ਨੀਚ ਕਿਹ ਬਿਧਿ ਭਏ, ਬਾਹਮਣ ਅਰੁ ਚਮਾਰ।।

ਸ਼੍ਰੀ ਗੁਰੂ ਰਵਿਦਾਸ ਜੀ ਨੇ ਹਰ ਪ੍ਰਕਾਰ ਦੀ ਗੁਲਾਮੀ ਦੀ ਨਿੰਦਾ ਕੀਤੀ ਅਤੇ ਡਟਵਾਂ ਵਿਰੋਧ ਕੀਤਾ:-

ਪਰਾਧੀਨਤਾ ਪਾਪ ਹੈ ਜਾਨ ਲੇਹੁ ਰੇ ਮੀਤ।
ਰਵਿਦਾਸ ਦਾਸ ਪ੍ਰਾਧੀਨ ਸੋਂ ਕੌਣ ਕਰੈ ਹੈ ਪ੍ਰੀਤ।
ਪ੍ਰਾਧੀਨ ਕੋ ਦੀਨ ਕਿਆ ਪਰਾਧੀਨ ਬੇਦੀਨ।
ਰਵਿਦਾਸ ਦਾਸ ਪਰਾਧੀਨ ਕੋ ਸਭਹੀ ਸਮਝੇ ਹੀਨ।
ਰਵਿਦਾਸ ਮਨੁੱਖ ਕਰਿ ਵਸਨ ਕੂੰ ਸੁਖਕਰ ਹੈਂ ਦੂਈ ਠਾਂਵ।
ਇੱਕ ਸੁੱਖ ਹੈ ਸਵਰਾਜ ਮਂਹਿ ਦੂਸਰ ਮਰਘਟ ਗਾਂਵ।

ਇਤਿਹਾਸਕ ਧਰਮ ਅਸਥਾਨ ਖੁਰਾਲਗੜ੍ਹ (ਖੁਰਾਲੀ), ਤਹਿਸੀਲ ਗੜ੍ਹਸ਼ੰਕਰ, ਜ਼ਿਲਾ ਹੁਸ਼ਿਆਰਪੁਰ (ਪੰਜਾਬ) ਦੀ ਧਰਤੀ ਵੀ ਸ਼੍ਰੀ ਗੁਰੂ ਰਵਿਦਾਸ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ। ਇਤਿਹਾਸਕਾਰਾਂ ਅਨੁਸਾਰ ਸ਼੍ਰੀ ਗੁਰੂ ਰਵਿਦਾਸ ਜੀ ਸੀਰ ਗੋਵਰਧਨਪੁਰ ਬਨਾਰਸ (ਕਾਂਸ਼ੀ) ਯੂ. ਪੀ. ਤੋਂ ਪੈਦਲ ਲੁਧਿਆਣਾ ਹੁੰਦੇ ਹੋਏ ਸੰਨ 1515 ਈਸਵੀ ਵਿੱਚ ਇਸ ਅਸਥਾਨ ਤੇ ਆਏ ਸਨ।

ਸ਼੍ਰੀ ਗੁਰੂ ਰਵਿਦਾਸ ਜੀ ਦੇ ਇਸ ਅਸਥਾਨ ਤੇ ਪਹੁੰਚਣ ਸਮੇਂ ਉਨ੍ਹਾਂ ਦੀਆਂ ਸੇਵਕਾਵਾਂ ਮੀਰਾ ਬਾਈ, ਝਾਲਾਂ ਬਾਈ ਅਤੇ ਭਾਨ-ਵਤੀ ਜੀ ਵੀ ਨਾਲ ਸਨ।

ਸ਼੍ਰੀ ਗੁਰੂ ਰਵਿਦਾਸ ਜੀ ਮਹਾਰਾਜ ਇਸ ਅਸਥਾਨ ਤੇ 4 ਸਾਲ 2 ਮਹੀਨੇ 11 ਦਿਨ ਠਹਿਰੇ। ਇਸ ਸਮੇਂ ਉਹ ਖੁਦ ਪ੍ਰਭੂ ਦਾ ਨਾਮ ਸਿਮਰਨ ਕਰਦੇ, ਸੰਗਤਾਂ ਨੂੰ ਸੁਣਾਉਂਦੇ ਅਤੇ ਜੀਵਾਂ ਨੂੰ ਨਾਮ ਸਿਮਰਨ ਦੀ ਬਖਸ਼ਿਸ਼ ਕਰਦੇ ਰਹੇ।

ਬਹੁਤ ਸਾਰੇ ਪ੍ਰਾਣੀ ਉਨ੍ਹਾਂ ਦੇ ਸੇਵਕ ਬਣ ਗਏ। ਗੁਰੂ ਜੀ ਦੀ ਮਹਿਮਾ ਨੂੰ ਵਧਦਿਆਂ ਵੇਖ ਕੇ ਉਸ ਸਮੇਂ ਦਾ ਰਾਜਾ ਬੈਨ ਸਿੰਘ ਗੁਰੂ ਜੀ ਨਾਲ ਈਰਖਾ ਕਰਨ ਲੱਗਾ। ਰਾਜੇ ਨੇ ਗੁਰੂ ਜੀ ਨੂੰ ਖਰਾਸ (ਚੱਕੀ) ਚਲਾਉਣ ਦੀ ਸਜਾ ਦਿੱਤੀ। ਗੁਰੂ ਜੀ ਅੰਤਰ ਧਿਆਨ ਹੋ ਕੇ ਪ੍ਰਭੂ ਭਗਤੀ ਵਿਚ ਲੀਨ ਹੋ ਗਏ ਅਤੇ ਖਰਾਸ (ਚੱਕੀ) ਆਪਣੇ ਆਪ ਚੱਲਣ ਲੱਗ ਪਈ। ਇਸ ਚਮਤਕਾਰ ਨੂੰ ਵੇਖ ਕੇ ਸਭ ਹੈਰਾਨ ਹੋ ਗਏ। ਰਾਜਾ ਇਸ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਗੁਰੂ ਜੀ ਦੇ ਚਰਨੀਂ ਪੈ ਗਿਆ।

ਇਸ ਤਰ੍ਹਾਂ ਉਸਨੇ ਆਪਣੀ ਭੁੱਲ ਬਖਸ਼ਾਈ। ਇਸ ਤੋਂ ਬਾਅਦ ਰਾਜਾ ਅਤੇ ਇਲਾਕੇ ਦੀ ਜਨਤਾ ਨੇ ਗੁਰੂ ਜੀ ਕੋਲ ਿ ਹਸ ਲਿਕੇ ਵਿੱਚ ਪਾਣੀ ਦੀ ਘਾਟ ਦੂਰ ਕਰਨ ਲਈ ਬੇਨਤੀ ਕੀਤੀ। ਗੁਰੂ ਜੀ ਨੇ ਸੰਗਤਾਂ ਨੂੰ ਨਾਲ ਲੈ ਕੇ ਇੱਥੋਂ 3 ਮੀਲ ਦੂਰ ਡੂੰਘੀ ਖੱਡ ਵਿਚ ਜਾ ਕੇ ਸੱਜੇ ਪੈਰ ਦੇ ਅੰਗੂਠੇ ਨਾਲ ਭਾਰੀ ਪੱਥਰ ਹਟਾ ਕੇ ਪਾਣੀ ਦਾ ਚਸ਼ਮਾ ਵਗਾ ਦਿੱਤਾ ਜਿਸ ਨੂੰ ਚਰਨ ਗੰਗਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਇੱਥੇ ਪਵਿੱਤਰ ਜਲ 24 ਘੰਟੇ ਚਲਦਾ ਰਹਿੰਦਾ ਹੈ। ਇਸ ਜਲ ਦੀ ਖਾਸ ਗੱਲ ਇਹ ਹੈ ਕਿ ਇਹ ਸਿਰਫ 200 ਮੀਟਰ ਦੇ ਅੰਦਰ ਹੀ ਧਰਤੀ ਵਿਚੋਂ ਨਿਕਲਦਾ ਹੈ ਅਤੇ ਇਸੇ ਹੀ ਥਾਂ ਰਹਿ ਜਾਂਦਾ ਹੈ। ਇਸ ਦੇ ਦੁਆਲੇ ਦੇ ਖੇਤਰ ਵਿਚ ਧਰਤੀ ਵਿੱਚ ਪਾਣੀ ਬਹੁਤ ਜ਼ਿਆਦਾ ਡੂੰਘਾਈ ਵਿਚ ਮਿਲਦਾ ਹੈ। ਅੱਜ 22 ਫਰਵਰੀ, 2016 ਨੂੰ ਸ਼੍ਰੀ ਗੁਰੂ ਰਵਿਦਾਸ ਜੀ ਦਾ ਪ੍ਰਗਟ ਉਤਸਵ ਦੇਸ਼ ਵਿਦੇਸ਼ਾਂ ਵਿੱਚ ਸ਼ਰਧਾਪੂਰਵਕ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।

ਅੱਜ ਵੀ ਸਮਾਜ ਵਿੱਚ ਵੰਡੀਆਂ ਪਈਆਂ ਹੋਈਆਂ ਹਨ ਅਤੇ ਉਨ੍ਹਾਂ ਵਲੋਂ ਕਲਪਨਾ ਕੀਤੇ ਗਏ ਜਾਤ ਅਤੇ ਵਰਗ ਰਹਿਤ ਸਮਾਜ ਦੀ ਸਿਰਜਣਾ ਕਰਨ ਲਈ ਕਾਫੀ ਕੁੱਝ ਹੋਰ ਕਰਨ ਦੀ ਲੋੜ ਹੈ।

# SRI GURU RAVIDASS JI'S 639TH PARKASH UTSAV CELEBRATED IN PITTSBURG (CA)

Sri Guru Ravidass Sabha (CA) and Sangat celebrated 639th Parkash Utsav of SATGURU RAVIDASS JI on Sunday, February 28th, 2016 in Sri Guru Ravidass Temple, Pittsburg, California. This celebration was attended by over 3000 devotees. Guru Ji blessed us with a sunny day on the Parkash Utsav; it has generally rained on this occasion in the past. Sangat came from as far as Fresno, Yuba City Fremont, Sacramento, San Francisco and San Jose. This was a biggest gathering we have ever seen in this temple.

Satguru Ravidass ji preached about equality among us all. The following verse reflects a desire to find a Utopia without suffering or discrimination;

Begumpura, 'the city without sorrow', is the name of the town.
There is no suffering or anxiety there.
There are no troubles or taxes on commodities there.
There is no fear, blemish or downfall there.
Now, I have found this most excellent city.
There is lasting peace and safety there,
Oh my brother, God's Kingdom is steady, stable and eternal.
There is no second or third status; all are equal there.

In addition to Guru Ka Langar 'Blessed food", there were numerous food stalls by Sewadars and some restaurants. Langar was served to Sangat from morning until late evening. Fresh JALEBI was another attraction. People enjoyed hot samosa, pakora, tikki, Gol-Gapa, bhature-chhole and paprichatt. Saag and Maki-di-Roti and Ras-Malai were very popular. Sewa for the food stalls was done by the following Sewadars:

1) Pakora by Tandoor Restaurant
2) Saag&Makki di Rotti by Jarnail Singh and family
3) PooriChole& Coffee by Gurnam Singh Rattu & Family
4) CholeBhature by SantokhMadhar, Balwinder Kumar, Ajay Chahal& Family
5) GolGappe& Samosa by Kulwant Banga
6) KadhiChawal&AalooTikki by Rashpal Singh of Sargam Restaurant
7) Rasmalai by Surinder Rattu & Family
8) All soft drinks & water by Shashi & Vijay Paul, Harmesh &Shakuntla Bangar
9) Mango Lassi by Karnayal Singh & Family
10) PapriChatt by Ramesh Suman & Harmesh Lal Sheemar
11. JALEBI by Jarnail Singh

For the first time, Consul General of India, Honorable Venkatesan Ashok attended the Gurpurab celebrations. He congratulated sangat. Consul K.VenkataRamana talked about the teachings of Sri Guru Ravidass ji. They spent time meeting and greeting the Sangat. Consul General of India and the staff have been very helpful to our community and they assured Sangat that they will continue to support the community. They are also planning to celebrate Dr. B.R. Ambedkar's 125th birthday in April 2016.

Pittsburg Police Department sent their representative to show their support to the community. Rev. Will McGarvey, Executive Director of Interfaith Council of Contra Costa County, came to the temple to deliver his message of peace, harmony and brotherhood. People from various communities came to Gurughar to celebrate Gurpurab. Mr. Randhir Singh Suman Gen. Sec Sri Guru Ravidass Sabha, Bay Area and Mr. Karam Singh Bangar Past President of Sri Guru Ravidass Sabha, Fresno also shared Guru Ravidass Ji's teachings with Sangat.

Prominent Jatha of Giani Gurcharan Singh Rasia enhanced this celebration with very melodious Shabad Kirtan. They performed on Saturday evening and on Sunday morning. Giani Surjit Singh jiZakhmi from Patna Sahib Gurdwara, a famous Katha Wachak, enlightened sangat about the teachings of Sri Guru Ravidass ji. Singer Sultan Akhtar, writer AlmastDesarpuri, Giani Parkash Singh, Giani Gurnam Singh & Giani Ompal Singh and Kumar Khatkar adorned the Kirtan Diwan.

It was very kind of Sant Jaswinder Singh from Dera Baba Habir Singh KhararAcharowal to come and bless the sangat.

Mr. Charan Dass Banga worked for days with few volunteers to decorate the Gurughar. He made all the paper decoration outside the Gurughar. Paras Ram helped with the decorations also.

Ramesh Ralh, Gian Chand, Hans Raj, Shinder Pal, Rakesh Kumar, Ompal Singh and Gurnam Singh planted flowers and worked on the landscaping for 2-3 weeks for this occasion. There were more volunteers but it is hard to name them all. May Waheguru bless them for their hard work. We thank all the sewadars for their help.

A representative from Fijian community came to Gurughar with Mr. Deo Raj to ask for help for people in Fiji who are suffering due to a major cyclone that destroyed their homes and belongings. Sangat donated generously for this cause. We are still collecting funds and clothes to send to Fiji.

This was a very well organized celebration by the Managing Committee and Sewadars. We are thankful to all the Sewadars and Sangat for their help and support. May Waheguru Bless the entire Sangat and fulfil all their desires.

Bole So Nirbhai,
Sri Guru Ravidass Maharaj ki Jai.

**Report: Ramesh Suman**





ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ 28 ਫਰਵਰੀ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਗਏ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਪ੍ਰਬੰਧਕ ਕਮੇਟੀ ਅਤੇ ਸੰਗਤ ਨੂੰ ਲੱਖ ਲੱਖ ਵਧਾਈਆਂ।



ਗੁਰਨਾਮ ਸਿੰਘ ਰੱਤੂ ਅਤੇ ਉਹਨਾਂ ਦੀ ਸੁਪਤਨੀ ਸੱਤਿਆਵਤੀ ਰੱਤੂ

# ਗੁਰਨਾਮ ਸਿੰਘ ਰੱਤੂ ਅਤੇ ਸਮੂਹ ਰੱਤੂ ਪਰਿਵਾਰ

## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ 28 ਫਰਵਰੀ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਗਏ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਪ੍ਰਬੰਧਕ ਕਮੇਟੀ ਅਤੇ ਸੰਗਤ ਨੂੰ ਲੱਖ ਲੱਖ ਵਧਾਈਆਂ



ਸ: ਜਰਨੈਲ ਸਿੰਘ ਸਾਬਕਾ ਨੰਬਰਦਾਰ ਸਕਰੂਲੀ ਅਤੇ ਸਮੂਹ ਪਰਿਵਰ ਵੱਲੋਂ ਧੰਨ ਧੰਨ ਸਾਹਿਬ ਸ਼੍ਰੀ ਗੁਰੁ ਰਵੀਦਾਸ ਜੀ ਮਾਹਾਰਾਜ ਜੀ ਦੇ 639 ਵੇ ਪ੍ਰਕਾਸ਼ ਦਿਵਸ ਉਪਰ ਹਰ ਸਾਲ ਦੀ ਤਰ੍ਹਾਂ ਸਾਗ ਅਤੇ ਮੱਕੀ ਦੀ ਰੋਟੀ ਲੱਸੀ ਅਤੇ ਹੋਰ ਗੁਰੁ ਕੇ ਲੰਗਰਾਂ ਨਾਲ ਗੁਰੁ ਦੀਆਂ ਸੰਗਤਾਂ ਦੀ ਨਿਮਰਤਾ ਅਤੇ ਸ਼ਰਧਾ ਨਾਲ ਸੇਵਾ ਕੀਤੀ।



ਬੇਨਤੀ ਕਰਤਾ

# ਸ. ਜਰਨੈਲ ਸਿੰਘ

ਵਾਈਸ ਚੇਅਰਮੈਨ, ਸ੍ਰੀ ਗੁਰੂ ਰਵਿਦਾਸ ਸਭਾ, ਪਿਟਸਬਰਗ (ਕੈਲੇਫੋਰਨੀਆ)

ਨੰਬਰਦਾਰ ਅਤੇ ਸਾਬਕਾ ਸਰਪੰਚ ਸਕਰੂਲੀ ਤੇ ਸਮੂਹ ਪਰਿਵਾਰ

# ਸ੍ਰੀ ਗੁਰੂ ਰਵਿਦਾਸ ਸਭਾ ਸੈਲਮਾ (ਕੈਲੇਫੋਰਨੀਆ)



ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਸੈਲਮਾ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 639ਵੇਂ ਗੁਰਪੁਰਬ ਸਬੰਧੀ ਧਾਰਮਿਕ ਸਮਾਗਮ 20 ਮਾਰਚ ਦਿਨ ਐਤਵਾਰ ਨੂੰ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਹਨ। ਇਸ ਸਬੰਧ ਵਿਚ ਪ੍ਰਬੰਧਕਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ **ਗੁਰਪੁਰਬ ਨੂੰ ਸਮਰਪਿਤ 18 ਮਾਰਚ ਨੂੰ ਸ੍ਰੀ ਅਖੰਡ ਪਾਠ ਸਾਹਿਬ ਅਰੰਭ** ਕਰਵਾਏ ਜਾਣਗੇ ਅਤੇ **20 ਮਾਰਚ ਨੂੰ ਭੋਗ ਪਾਏ ਜਾਣਗੇ**। ਉਪਰੰਤ ਪੰਥ ਪ੍ਰਸਿੱਧ ਰਾਗੀ ਢਾਡੀ ਅਤੇ ਕਥਾਵਾਚਕ ਗੁਰੂ ਜੀ ਦੇ ਜੀਵਨ ਅਤੇ ਉਪਦੇਸ਼ ਸਬੰਧੀ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਗੁਰਬਾਣੀ ਨਾਲ ਜੋੜਨਗੇ। ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਸਮੂਹ ਪ੍ਰਬੰਧਕਾਂ ਵਲੋਂ ਸੰਗਤਾਂ ਨੂੰ ਤਿੰਨੇ ਦਿਨ ਗੁਰੂ ਘਰ ਹੁੰਮ ਹੁਮਾ ਕੇ ਪਹੁੰਚਣ ਦੀ ਅਪੀਲ ਕੀਤੀ ਗਈ ਹੈ।

ਬੇਨਤੀ ਕਰਤਾ: ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ

**ਸ੍ਰੀ ਗੁਰੂ ਰਵਿਦਾਸ ਟੈਂਪਲ** ਫੋਨ: 559-891-8286

2650 Blaine Avenue Selma (CA) 93662


# Golden State Truck Sales Inc.

## ਗੋਲਡਨ ਸਟੇਟ ਟਰੱਕ ਸੇਲਜ਼ ਇੰਕ.




ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ

ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ।

ਸਸਤੇ ਵਿਆਜ ਦਰ ਦੇ ਨਾਲ ਆਪਣੇ ਟਰੱਕ ਦਾ ਲੋਨ ਕਰਵਾਓ

ਅਸੀਂ ਕਰੈਡਿਟ, ਬੈਡ ਕਰੈਡਿਕ, ਬੈਂਕਰਪਸੀ, ਫਸਟ ਟਾਈਮ ਬਾਇਰ (ਪਹਿਲੀ ਵਾਰ ਖਰੀਦਣ ਵਾਲੇ), ਫੋਰਕਲੋਜ਼ਰ, ਮੈਡੀਕਲ ਬਿਲ ਆਨ ਕ੍ਰੈਡਿਟ ਦੀ ਸਹੂਲਤ ਵੀ ਮੁਹੱਈਆ ਕਰਵਾਉਣ ਵਿਚ ਮਦਦ ਕਰਦੇ ਹਾਂ।

ਅਸੀਂ ਮਿੱਟੀ ਲੋਡ ਕਰਨ ਵਾਲੇ ਟਰੱਕ ਵੀ ਵੇਚਦੇ ਹਾਂ।





Call : Dharminder Singh

Cell : 530-870-6600 Fax : 530-405-1429


Email: myfuturetruck@gmail.com

2535 Front St. West Sacramento, CA 95691





# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ 28 ਫਰਵਰੀ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਗਏ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਪ੍ਰਬੰਧਕ ਕਮੇਟੀ ਅਤੇ ਸੰਗਤ ਨੂੰ ਲੱਖ ਲੱਖ ਵਧਾਈਆਂ



ਸਵਰਗਵਾਸੀ ਸ੍ਰੀ ਲਾਹੌਰੀ ਰਾਮ ਜੀ (ਕਮਿਸ਼ਨਰ)



# ਸਵਰਗਵਾਸੀ ਕਮਿਸ਼ਨਰ ਲਾਹੌਰੀ ਰਾਮ ਜੀ ਦਾ ਪਰਿਵਾਰ

# ਬਹੁਜਨ ਸਮਾਜ ਦੇ ਨਿਧੜਕ ਵਿਦਵਾਨ ਸਵ: ਸੀ. ਐੱਲ. ਚੁੰਬਰ ਨੂੰ ਉੱਚ ਸਖ਼ਸ਼ੀਅਤਾਂ ਵਲੋਂ ਭਾਵ ਭਿੰਨੀਆਂ ਸ਼ਰਧਾਂਜ਼ਲੀਆਂ ਭੇਂਟ
























(ਸਫਾ 1 ਦੀ ਬਾਕੀ)

2016 ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦੇ ਨਮਿਤ ਅੰਤਿਮ ਅਰਦਾਸ ਮੌਕੇ ਸ਼੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਫੇਸ 2, ਜਲੰਧਰ ਵਿਖੇ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਕੀਰਤਨੀ ਜਥੇ ਵਲੋਂ ਗੁਰਬਾਣੀ ਦਾ ਵੈਰਾਗਮਈ ਕੀਰਤਨ ਕੀਤਾ ਗਿਆ।

ਇਸ ਮੌਕੇ ਉਨ੍ਹਾਂ ਨੂੰ ਧਾਰਮਿਕ, ਸਮਾਜਿਕ ਜਥੇਬੰਦੀਆਂ ਦੇ ਨੁਮਾਇੰਦਿਆਂ, ਵੱਖ ਵੱਖ ਪਾਰਟੀਆਂ ਦੇ ਰਾਜਨੀਤਕ ਆਗੂਆਂ, ਸਮਾਜਿਕ ਚਿੰਤਕਾਂ ਅਤੇ ਪ੍ਰਮੁੱਖ ਕਾਲਮ ਨਵੀਸਾਂ ਪੱਤਰਕਾਰਾਂ ਵਲੋਂ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹੁੰਦੇ ਹੋਏ ਭਾਵ ਭਿੰਨੀਆਂ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ, ਜਿਸ ਵਿੱਚ ਬੁਲਾਰਿਆਂ ਵਲੋਂ ਉਹਨਾਂ ਦੀ ਸਮਾਜ ਨੂੰ ਦੇਣ ਅਤੇ ਨੇਕ ਕਾਰਗੁਜ਼ਾਰੀ ਤੇ ਚਾਨਣਾ ਪਾਇਆ ਗਿਆ। ਸ਼ਰਧਾਂਜਲੀ ਸਮਾਰੋਹ ਵਿੱਚ ਸੀ .ਐਲ. ਚੁੰਬਰ ਦੇ ਛੋਟੇ ਭਰਾ ਪ੍ਰੇਮ ਕੁਮਾਰ ਚੁੰਬਰ ਮੁੱਖ ਸੰਪਾਦਕ ਹਫ਼ਤਾਵਾਰੀ ਅਖਬਾਰ ਦੇਸ਼ ਦੁਆਬਾ ਅਤੇ ਅੰਬੇਦਕਰ ਟਾਈਮਜ਼ ਨੇ ਆਪਣੇ ਭਰਾ ਵਲੋਂ ਉਹਨਾਂ ਦੇ ਪਿਤਾ ਸਵ: ਸ਼੍ਰੀ ਪੰਜਾਬ ਰਾਏ ਚੁੰਬਰ ਦੇ ਸਦੀਵੀ ਵਿਛੋੜਾ ਦੇ ਜਾਣ ਤੋਂ ਬਾਅਦ ਮਾਤਾ ਬਿਸ਼ਨ ਕੌਰ ਦੇ ਸਹਿਯੋਗ ਨਾਲ਼ ਪਰਿਵਾਰ ਨੂੰ ਅੱਗੇ ਲੈ ਕੇ ਜਾਣ ਲਈ ਜੋ ਘਾਲਣਾ ਕੀਤੀ ਉਹ ਕਦੇ ਵੀ ਭੁਲਾਈ ਨਹੀਂ ਜਾ ਸਕਦੀ। ਇਸ ਸਮੇਂ ਸ਼੍ਰੀ ਸੀ.ਐਲ. ਚੁੰਬਰ ਦੀ ਆਦਰਯੋਗ ਮਾਤਾ ਬਿਸ਼ਨ ਕੌਰ ਨਾਲ਼ ਸਭ ਸਖ਼ਸ਼ੀਅਤਾਂ ਵਲੋਂ ਦੁੱਖ ਦਾ ਇਜ਼ਹਾਰ ਕੀਤਾ ਗਿਆ।

ਇਸ ਮੌਕੇ ਰਾਮ ਸਿੰਘ ਸ਼ੁਕਲਾ ਆਦਿ ਧਰਮ ਮੰਡਲ ਹਿਮਾਚਲ ਪ੍ਰਦੇਸ਼, ਜਤਿੰਦਰ ਪੰਨੂੰ ਮੁੱਖ ਸੰਪਾਦਕ ਨਵਾਂ ਜ਼ਮਾਨਾ, ਮੰਗਤ ਰਾਮ ਪਾਸਲਾ ਸੀ.ਪੀ.ਆਈ. (ਐਮ), ਡਾ. ਰਘਬੀਰ ਕੌਰ ਜਨਰਲ ਸਕੱਤਰ ਦੇਸ਼ ਭਗਤ ਯਾਦਗਾਰ ਹਾਲ ਕਮੇਟੀ, ਰਮੇਸ਼ ਚੰਦਰ ਸਾਬਕਾ ਅੰਬੈਸਡਰ ਰਸ਼ੀਆ, ਨਿਰੰਜਨ ਸਿੰਘ ਸਾਥੀ ਸੀਨੀਅਰ ਪੱਤਰਕਾਰ ਅਜੀਤ, ਡਾ. ਰੌਣਕੀ ਰਾਮ ਡੀਨ ਅਤੇ ਪ੍ਰੋਫੈਸਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਡਾ. ਕਰ-ਮਜੀਤ ਸਿੰਘ ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ ਪੰਜਾਬ, ਸੀਨੀਅਰ ਆਗੂ ਡਾ. ਰਾਮ ਲਾਲ ਜੱਸੀ, ਚੌਧਰੀ ਦਰਸ਼ਨ ਲਾਲ ਜੇਠੂਮਜਾਰਾ ਸਾਬਕਾ ਐਮ.ਐਲ.ਏ., ਸ਼ਿੰਗਾਰਾ ਰਾਮ ਸਹੂੰਗੜਾ, ਡਾ. ਜਸਵੰਤ ਰਾਏ, ਚੁੰਬਰ ਹੋਰਾਂ ਦੇ ਬਚਪਨ ਦੇ ਸਾਥੀ ਡਾ.ਕੁਲ-ਵੰਤ ਸਿੰਘ, ਬਲਵੀਰ ਪਰਵਾਨਾ ਨਵਾਂ ਜ਼ਮਾਨਾ, ਗੁਰਮੀਤ ਸਿੰਘ ਨਵਾਂ ਜ਼ਮਾਨਾ, ਸਰਦਾਰੀ ਲਾਲ ਮਹੇ ਆਗੂ ਆਮ ਆਦਮੀ ਪਾਰਟੀ, ਅਵਤਾਰ ਸਿੰਘ ਸਰਹੱਦੀ, ਹਰਬੰਸ ਸਿੰਘ ਹੀਰਾ ਕਾਂਸ਼ੀ ਰੇਡੀਓ ਯੂ.ਕੇ. ਤੇ ਆਦਿ ਧਰਮ ਬ੍ਰਦਰਹੁੱਡ ਯੂ.ਕੇ., ਫਰੈਡੀ ਜੋਸਫ਼ ਚੀਫ਼ ਐਡੀਟਰ ਮਸੀਹੀ ਸੰਸਾਰ, ਸਰਦਾਰੀ ਲਾਲ ਮਹੇ, ਸੀਤਾ ਰਾਮ ਬਾਂਸਲ ਅਤੇ ਹੋਰਨਾਂ ਵਲੋਂ ਸੀ.ਐਲ. ਚੁੰਬਰ ਦੀਆਂ ਯਾਦਾਂ ਨੂੰ ਤਾਜ਼ਾ ਕਰਦਿਆਂ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਸ ਮੌਕੇ ਖਾਸ ਤੌਰ ਤੇ ਭੇਜੇ ਗਏ ਸ਼ੋਕ ਸੰਦੇਸ਼ ਵੀ ਸ਼ਰਧਾਂਜਲੀ ਸਮਾਹੋਰ ਵਿੱਚ ਸ਼ਾਮਲ ਕੀਤੇ ਗਏ।


ਇਸ ਸਮਾਰੋਹ ਵਿੱਚ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਦੀ ਕਮੇਟੀ ਅਹੁਦੇਦਾਰ ਡੀ.ਆਰ. ਚੁੰਬਰ, ਅਸ਼ੋਕ ਕੁਮਾਰ ਤੇ ਮੈਂਬਰਾਂ ਵਲੋਂ ਸ਼੍ਰੀਮਤੀ ਸੰਤੋਸ਼ ਕੁਮਾਰੀ ਚੁੰਬਰ ਪਤਨੀ ਸਵ: ਸੀ.ਐਲ. ਚੁੰਬਰ ਨੂੰ ਸਿਰੋਪਾਓ ਦਿੱਤਾ ਗਿਆ। ਸ਼੍ਰੀਮਤੀ ਸੰਤੋਸ਼ ਕੁਮਾਰੀ ਵਲੋਂ ਬਹੁਤ ਹੀ ਭਾਵਕ ਹੁੰਦੇ ਹੋਏ ਕਿਹਾ ਕਿ ਅੱਜ ਸ਼੍ਰੀ ਚੁੰਬਰ ਦਾ ਜਿਉਣਾ ਤੇ ਚਲੇ ਜਾਣਾ ਸਫ਼ਲ ਹੋ ਗਿਆ ਹੈ, ਜਿਸ ਤਰ੍ਹਾਂ ਨਾਲ਼ ਅੱਜ ਉਨ੍ਹਾਂ ਦੀ ਕਿਰਤ ਘਾਲਣਾ ਅਤੇ ਸੰਘਰਸ਼ ਦਾ ਮੁੱਲ ਪਾਇਆ ਗਿਆ ਹੈ। ਇਸ ਮੌਕੇ ਸ਼੍ਰੀ ਚੁੰਬਰ ਦੇ ਵੱਡੇ ਲੜਕੇ ਕੁਮਾਰਜੀਵ ਚੁੰਬਰ ਨੂੰ ਪਰਿਵਾਰ ਦੀ ਜਿਮੇਂਵਾਰ ਸੰਭਾਲਦੇ ਹੋਏ ਪਗੜੀ ਦੀ ਰਸਮ ਕੀਤੀ ਗਈ। ਇਸ ਸਮੇਂ ਜਨਸੰਗਰਾਮ ਚੁੰਬਰ, ਰਵੀਜੋਤ ਅਤੇ ਅਮਨਦੀਪ ਵੀ ਹਾਜ਼ਰ ਸਨ।

ਇਸ ਮੌਕੇ ਹੋਰ ਸਾਕ ਸਬੰਧੀਆਂ, ਰਿਸ਼ਤੇਦਾਰ ਤੋਂ ਇਲਾਵਾ ਸਮਾਜਿਕ ਸਖ਼ਸ਼ੀਅਤਾਂ ਪ੍ਰਕਾਸ਼ ਚੰਦ ਜੱਸਲ ਆਰ.ਪੀ.ਆਈ., ਐਫ.ਸੀ. ਮੱਲ ਸਾਬਕਾ ਈ. ਏ. ਡਾਇਰੈਕਟਰ, ਹਰਜਿੰਦਰ ਸਿੰਘ ਜਲੰਧਰ ਦੂਰਦਰਸ਼ਨ, ਧਰਮਪਾਲ ਰਾਹੁਲ ਬੁੱਧ ਵਿਹਾਰ ਸੋਫੀ ਪਿੰਡ, ਗੁਰਦਿਆਲ ਜੱਸਲ, ਗੁਰਮੀਤ ਲਾਲ ਸਾਂਪਲਾ, ਬਲਵਿੰਦਰ ਕੁਮਾਰ ਪੁਆਰ, ਅਸ਼ੋਕ ਮਹੇ, ਮਨੋਹਰ ਲਾਲ ਮਹੇ, ਰਾਮ ਨਾਥ ਸੁੰਡਾ ਮੂਲ ਨਿਵਾਸੀ ਦੇ ਮੁੱਖ ਸੰਪਾਦਕ, ਜੈ ਰਾਮ ਮਾਹਿਲਪੁਰ, ਡੀ.ਪੀ. ਮਹਿਮੀ ਸਾਬਕਾ ਮੈਨੇਜਰ ਰਿਜ਼ਰਵ ਬੈਂਕ, ਪ੍ਰਿੰਸੀਪਲ ਰਾਜ ਕੁਮਾਰ ਬੱਧਣ, ਪ੍ਰਿੰਸੀਪਲ ਅਸ਼ੋਕ ਕੁਮਾਰ ਲੱਧੜ ਜਵਾਹਰ ਨਵੋਦਿਆ, ਹਰਨਾਮ ਦਾਸ ਮਹੇ ਸਾਬਕਾ ਮੈਨੇਜਰ ਸਟੇਟ ਬੈਂਕ, ਸੱਤਪਾਲ ਸਾਹਲੋਂ ਸੰਪਾਦਕ ਅਦਬੀ ਮਹਿਕ, ਗੀਤਕਾਰ ਪੰਮੀ ਲਾਲੋ ਮਜ਼ਾਰਾ, ਮਿਸ਼ਨਰੀ ਗਾਇਕ ਰਾਜ ਦਦਰਾਲ, ਰੇਸ਼ਮ ਕਰਨਾਣਵੀ ਪੱਤਰਕਾਰ ਦੇਸ਼ ਦੁਆਬਾ ਅਤੇ ਰੋਸ਼ਨ ਭਾਰਤੀ ਪੱਤਰਕਾਰ ਆਦਿ ਸ਼ਰਧਾਜਲੀ ਦੇਣ ਲਈ ਹਾਜ਼ਰ ਸਨ। ਸਮਾਹੋਰ 'ਚ ਸਟੇਜ ਸਕੱਤਰ ਦੀ ਜਿਮੇਂਵਾਰੀ ਹਰਮੇਸ਼ ਜੱਸਲ ਦੁਆਰਾ ਨਿਭਾਈ ਗਈ। ਸ਼ਰਧਾਂਜਲੀ ਸਮਾਰੋਹ ਦੇ ਅਖੀਰ ਵਿੱਚ ਸਵ: ਸ਼੍ਰੀ ਸੀ.ਐਲ. ਚੁੰਬਰ ਦੇ ਬਜ਼ੁਰਗ ਮਾਤਾ ਸ਼੍ਰੀਮਤੀ ਬਿਸ਼ਨ ਕੌਰ ਨਾਲ ਅਫਸੋਸ ਪ੍ਰਗਟ ਕੀਤਾ। ਅੰਤ ਵਿਚ ਸਮੂਹ ਪਰਿਵਾਰ ਵਲੋਂ ਸਮਾਰੋਹ ਵਿੱਚ ਪਹੁੰਚੀਆਂ ਸਭ ਸਕੇ-ਸਬੰਧੀਆਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਬਹੁਜਨ ਸਮਾਜ ਦੇ ਨਿਧੜਕ ਵਿਦਵਾਨ ਸਵ: ਸੀ. ਐੱਲ. ਚੁੰਬਰ ਨੂੰ ਉੱਚ ਸ਼ਖ਼ਸ਼ੀਅਤਾਂ ਵਲੋਂ ਭਾਵ ਭਿੰਨੀਆਂ ਸ਼ਰਧਾਂਜ਼ਲੀਆਂ ਭੇਂਟ









ਸ੍ਰੀ ਚੁਰੰਜੀ ਲਾਲ ਚੁੰਬਰ ਜੀ ਦਾ ਆਪਣੀ ਭਰ ਜਵਾਨੀ 'ਚ ਇਸ ਸੰਸਾਰ ਤੋਂ ਅਚਾਨਕ ਚਲੇ ਜਾਣਾ 'ਚੁੰਬਰ' ਪਰਿਵਾਰ ਲਈ ਇਹ ਇਕ ਨਾ ਪੂਰਾ ਹੋਣ ਵਾਲਾ ਘਾਟਾ ਹੈ। ਉਹ ਬਚਪਨ ਤੋਂ ਹੀ ਇਕ ਹੋਣਹਾਰ ਵਿਦਿਆਰਥੀ ਸੀ ਜਿਸ ਨੇ ਪਹਿਲਾਂ ਪੰਜਵੀਂ ਵਿਚੋਂ ਜ਼ਿਲ੍ਹੇ 'ਚੋਂ ਮੈਰਿਟ ਵਿਚ ਪਹਿਲੇ ਨੰਬਰ ਤੇ ਰਹਿ ਕੇ ਵਜ਼ੀਫਾ ਪ੍ਰਾਪਤ ਕੀਤਾ ਤੇ ਫਿਰ ਇਸੇ ਮੈਰਿਟ ਨੂੰ ਅੱਠਵੀਂ ਤੇ ਦਸਵੀਂ ਦੀਆਂ ਪ੍ਰੀਖਿਆਵਾਂ ਵਿਚ ਵੀ ਬਰਕਰਾਰ ਰੱਖਿਆ ਤੇ ਜ਼ਿਲ੍ਹੇ ਭਰ 'ਚ ਪਹਿਲੇ ਸਥਾਨ ਤੇ ਰਹਿ ਕੇ ਵਜ਼ੀਫਾ ਪ੍ਰਾਪਤ ਕੀਤਾ। ਉਸ ਦਾ ਨਾਮ ਅੱਜ ਵੀ ਸਰਕਾਰੀ ਹਾਈ ਸਕੂਲ ਸ਼ੰਕਰ, ਜ਼ਿਲ੍ਹਾ ਜਲੰਧਰ ਦੇ ਮੈਰਿਟ 'ਚ ਆਉਣ ਵਾਲੇ ਵਿਦਿਆਰਥੀਆਂ ਦੀ, ਸਕੂਲ ਆਨਰਜ਼ ਬੋਰਡ ਦੀ ਸੂਚੀ 'ਚ ਦਰਜ ਹੋਇਆ ਦੇਖਿਆ ਜਾ ਸਕਦਾ ਹੈ।

ਮੈਨੂੰ ਆਪਣੇ ਇਸ ਹੋਣਹਾਰ ਵਿਦਿਆਰਥੀ ਦੀਆ ਜੀਵਨ ਭਰ ਦੀਆਂ ਉਪਲਬਧੀਆਂ 'ਤੇ ਹਮੇਸ਼ਾ ਫਖਰ ਰਿਹਾ ਹੈ। ਮੇਰੇ ਦਿਲ 'ਚ ਇਸ ਵਿਛੜੀ ਰੂਹ ਦੀਆਂ ਕਈ ਯਾਦਾਂ ਅੱਜ ਵੀ ਅੰਕਿਤ ਹਨ। ਉਹ ਬਹੁਜਨ ਸਮਾਜ ਦੇ ਵੱਡੇ ਚਿੰਤਕਾਂ 'ਚੋਂ ਇਕ ਸੀ। ਇਸ ਤੋਂ ਉਪਰੰਤ ਉਹ ਇਕ ਵੱਡਾ ਬੌਧਿਕ ਲਿਖਾਰੀ ਵੀ ਸੀ। ਜਿਸ ਨੇ ਆਪਣੀ ਬੌਧਿਕਤਾ ਦੀ ਪੈਂਠ ਆਪਣੇ ਹੀ ਸੰਪਾਦਤ ਹੁੰਦੇ ਅਖਬਾਰ 'ਕੌਮੀ ਉਡਾਰੀਆਂ' ਰਾਹੀਂ ਲੋਕਾਂ ਦੇ ਰੂਬਰੂ ਹੋ ਕੇ ਬਣਾਈ। ਉਸ ਨੇ 'ਬਹੁਜਨ ਭਾਰਤੀ ਸਮਾਜ' ਦੀ ਦਿਲੋਂ ਆਪਣੀ ਜਾਨ ਨਾਲ ਸੇਵਾ ਕੀਤੀ ਤੇ 'ਸਮਾਜਿਕ ਬਰਾ-ਬਰੀ' ਲਿਆਉਣ ਲਈ ਬੜੀ ਨਿਡਰਤਾ ਨਾਲ 'ਮਾਨਵਵਾਦੀ' ਲੀਹਾਂ ਤੇ ਕਲਮ ਚਲਾਈ। ਸਮਾਜ ਨੂੰ ਅਜੇ ਉਸ ਦੀ ਬਹੁਤ ਲੋੜ ਸੀ ਪਰ ਕੁਦਰਤ ਦੇ ਭਾਣੇ ਅੱਗੇ ਮਾਨਵ ਕੁਝ ਵੀ ਨਹੀਂ ਹੈ। ਇਸ ਭਾਣੇ ਨੂੰ ਮੰਨਣਾ, ਇਕ ਕੁਦਰਤੀ ਅਟੱਲ ਸਚਾਈ ਹੈ। ਇਸ ਲਈ ਉਹਨਾਂ ਨਮਿਤ ਆਤਮਾ ਦੀ ਸ਼ਾਂਤੀ ਅੱਜ ਅੰਤਿਮ ਅਰਦਾਸ ਦੇ ਮੌਕੇ 'ਤੇ ਆਪਣੇ ਵੱਲੋਂ ਵਿਛੜੀ ਰੂਹ ਨੂੰ ਸ਼ਰਧ-ਾਂਜਲੀ ਦਿੰਦਾ ਹੋਇਆ 'ਸ਼ਰਧਾ ਸੁੰਮਨ' ਪੇਸ਼ ਕਰਦਾ ਹਾਂ ਤੇ ਪਿੱਛੇ ਸਾਰੇ ਚੁੰਬਰ ਪਰਿਵਾਰ ਨੂੰ ਭਾਣਾ ਮੰਨਣ ਤੇ ਬਲ ਬਖਸ਼ਣ ਲਈ ਅਰਦਾਸ 'ਚ ਸ਼ਾਮਲ ਹੁੰਦਾ ਹਾਂ।

ਚੁੰਬਰ ਪਰਿਵਾਰ ਦਾ ਸ਼ੁਭਚਿੰਤਕ,

**ਪ੍ਰੋ. ਐਚ. ਐਲ. ਕਪੂਰ**
**ਯੂ. ਐਸ. ਏ.**



**ਸਤਿਕਾਰਯੋਗ ਚੁੰਬਰ ਜੀ,**
**ਜੈ ਗੁਰੂਦੇਵ**

ਅਖ਼ਬਾਰਾਂ ਰਾਹੀਂ ਪਤਾ ਲੱਗਾ ਕਿ ਸ੍ਰੀ ਸੀ. ਐਲ. ਚੁੰਬਰ ਜੀ ਹੁਣ ਸਾਡੇ ਵਿਚਕਾਰ ਨਹੀਂ ਰਹੇ। ਇਹ ਦੁਖਦਾਈ ਖ਼ਬਰ ਮਨ ਨੂੰ ਡਾਢਾ ਦੁਖੀ ਕਰ ਗਈ।

ਮੈਂ ਇਕ ਦੋ ਵਾਰੀ ਉਨ੍ਹਾਂ ਨੂੰ ਮਿਲਿਆ। ਇਕ ਵਾਰੀ ਜਲੰਧਰ ਨਵਾਂ ਜ਼ਮਾਨਾ ਦੇ ਦਫ਼ਤਰ, ਇਕ ਵਾਰ ਫਿਲੌਰ ਵਿਖੇ ਇਕ ਸਮਾਗਮ ਵਿਚ। ਬਹੁਤਾ ਵਿਸਥਾਰ ਨਾਲ ਬਹੁਤੀ ਗੱਲ ਨਹੀਂ ਹੋਈ ਪਰ ਜਿੰਨੇ ਵੀ ਸਮੇਂ ਹੋਈ ਚੰਗੀ ਹੋਈ। ਚੰਗੇ ਵਿਚਾਰ ਆਪਣੀ ਕੌਮ ਦੀ ਫਿਕਰਮੰਦੀ ਤੇ ਅਗਾਂਹਵਧੂ ਸੋਚ ਉਨ੍ਹਾਂ ਦੀ ਪਛਾਣ ਸੀ।

ਮੈਂ ਗਮ ਦੀ ਇਸ ਘੜੀ ਵਿਚ ਆਪ ਜੀ ਦੇ ਬਰਾਬਰ ਸ਼ਾਮਲ ਹਾਂ। ਪ੍ਰਮਾਤਮਾ ਉਹਨਾਂ ਦੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ।
ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।
ਤੁਹਾਡੇ ਦੁੱਖ ਦਾ ਸਾਂਝੀ

**ਨਿਰਮਲ 'ਪ੍ਰੇਮੀ'**
**094631-61691**

ਸ੍ਰੀ ਸੀ. ਐਲ. ਚੁੰਬਰ ਜੀ ਮੇਰੇ ਬਹੁਤ ਨੇੜਲੇ ਮਿੱਤਰ ਸਨ। ਉਹਨਾਂ ਦੇ ਸੰਪਰਕ ਵਿਚ ਆਉਣ ਨਾਲ ਮੈਨੂੰ ਆਦਿ ਧਰਮ ਅਤੇ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੇ ਸੰਘਰਸ਼ ਦਾ ਅਸਲੀ ਗਿਆਨ ਸੀ। ਪਹਿਲੀ ਵਾਰ ਉਹ ਮੈਨੂੰ 14 ਜਨਵਰੀ 2010 ਨੂੰ ਮਿਲੇ।ਉਹ ਗੜ੍ਹਸ਼ੰਕਰ ਵਿਚ ਆਪਣੀ ਸੁਪਤਨੀ ਸੰਤੋਸ਼ ਜੀ ਦੇ ਨਾਲ ਸਨ। ਬੜੀ ਹੈਰਾਨੀ ਦੀ ਗੱਲ ਸੀ ਕਿ ਉਹ ਮੇਰੇ ਪੀਸਟਰ ਨੂੰ ਪੜ੍ਹ ਕੇ ਹੀ ਪਤਨੀ ਸਮੇਤ ਗੜ੍ਹਸ਼ੰਕਰ ਰਾਮ ਜੀ ਨੂੰ ਸ਼ਰਧਾਂਜਲੀ ਦੇਣ ਆਏ ਸਨ। ਉਹਨਾਂ ਦੀ ਸਮਾਧੀ ਤੇ ਫੁੱਲ ਅਰਪਿਤ ਕੀਤੇ। ਮੈਂ ਤਾਂ ਉਹਨਾਂ ਦੇ ਨਾਲ ਕਾਨ੍ਹਪੁਰ ਵਿਚ ਵੀ ਇਸੇ ਸਾਲ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਤੇ ਕਈ ਸਮਾਰੋਹਾਂ ਨੂੰ ਸੰਬੋਧਿਤ ਕੀਤਾ ਸੀ। ਕਾਨ੍ਹਪੁਰ ਵਿਚ ਉਹ ਮੇਰੇ ਹੀ ਘਰ ਰਹੇ। ਮੈਂ ਪ੍ਰਮਾਤਮਾ ਨੂੰ ਪ੍ਰਾਥਨਾ ਕਰਦਾ ਹਾਂ ਕਿ ਉਹਨਾਂ ਦੀ ਆਤਮਾ ਨੂੰ ਸ਼ਾਂਤੀ ਬਖਸ਼ੇ।

**ਰਾਮ ਸਿੰਘ ਸੁਕਲਾ**
**ਜਨਰਲ ਸਕੱਤਰ ਸ੍ਰੀ ਗੁਰੂ ਆਦਿ ਪ੍ਰਕਾਸ਼ ਟਰੱਸਟ ਆਨੰਦਗੜ੍ਹ, ਮਹਿਲਾਂਵਲੀ, ਹੁਸ਼ਿਆਰਪੁਰ, ਪੰਜਾਬ**
**094189-45621**
**098177-43012**

**ਸ਼ੋਕ ਸੰਦੇਸ਼**
**ਸਮੂਹ ਚੁੰਬਰ ਪਰਿਵਾਰ**

ਬਹੁਜਨ ਸਮਾਜ ਦੇ ਨਿਧੜਕ ਵਿਦਵਾਨ ਤੇ ਰੌਸ਼ਨ ਦਿਮਾਗ ਅੱਜ ਸਾਡੇ ਵਿਚ ਨਹੀਂ ਰਹੇ। ਉਨ੍ਹਾਂ ਦੇ ਸੀ. ਐਲ. ਚੁੰਬਰ ਜੀ ਦੇ ਦਿੱਤੇ ਹੋਏ ਇਕ ਇਕ ਲਫਜ਼ ਨੂੰ ਕਦੀ ਭੁਲਾਇਆ ਨਹੀਂ ਜਾ ਸਕਦਾ ਜੋ ਉਹਨਾਂ ਨਾਲ ਬਿਤਾਇਆ ਸਮਾਂ ਉਹ ਹਮੇਸ਼ਾ ਯਾਦ ਰਹੇਗਾ। ਭਾਵੇਂ ਸੀ. ਐਲ. ਚੁੰਬਰ ਸਾਹਿਬ ਸਾਡੇ ਵਿਚਕਾਰ ਨਹੀਂ ਰਹੇ।

ਉਹਨਾਂ ਦੀ ਕਲਮ ਸਾਨੂੰ ਉਹਨਾਂ ਦੀ ਯਾਦ ਦਿਵਾਉਂਦੀ ਰਹੇਗੀ। ਅਸੀਂ ਪਾਰਟੀ ਵੱਲੋਂ ਸਮੂਹ ਚੁੰਬਰ ਪਰਿਵਾਰ ਦੇ ਦੁੱਖ ਦੀ ਘੜੀ ਵਿਚ ਸ਼ਰੀਕ ਹੁੰਦੇ ਵਾਹਿਗੁਰੂ ਜੀ ਦੇ ਚਰਨਾਂ 'ਚ ਅਰਦਾਸ ਕਰਦੇ ਹਾਂ ਕਿ ਆਪਣੇ ਚਰਨਾਂ 'ਚ ਨਿਵਾਸ ਦੇਣ।

**ਦਰਸ਼ਨ ਸਿੰਘ ਬਖਸ਼ੀਵਾਲਾ**
**ਜਨਰਲ ਸਕੱਤਰ, ਪੰਜਾਬ**
**ਸਾਬਕਾ ਸ਼ਿਕਾਇਤ ਨਿਵਾਰਣ ਕਮੇਟੀ ਮੈਂਬਰ**
**98553-40020, 99883-66313**

*(ਬਾਕੀ ਸ਼ਰਧਾਜਲੀਆਂ ਅਗਲੇ ਅੰਕ ਵਿਚ)*






ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ

# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ 28 ਫਰਵਰੀ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਗਏ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਪ੍ਰਬੰਧਕ ਕਮੇਟੀ ਅਤੇ ਸੰਗਤ ਨੂੰ ਲੱਖ ਲੱਖ ਵਧਾਈਆਂ

## ਸਮੂਹ ਨਾਰੇਬਟ ਪਰਿਵਾਰ, ਪਿਟਸਬਰਗ (ਕੈਲੇਫੋਰਨੀਆ)



Left to right... Shinder Paul Narabut (Chairman Sri Guru Ravidass Temple, Pittsburg CA)
Roni Narabut, Kamla Rani Narabut, Mohinder Paul Narabut,
Abhishek Pal Narabut (ExGeneral Secretary, Sri Guru Ravidass Temple, Pittsburg CA),
Navdeep Kaur Narabut, Ayesha Pal (5yrs) Liyana Pal (Baby)

ਲੱਖ ਖੁਸ਼ੀਆਂ ਪਾਤਿਸ਼ਾਹੀਆਂ ਜੇ ਸਤਿਗੁਰ ਨਦਰਿ ਕਰੇਇ ॥

ਹਰਿ



# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੈਕਰਾਮੈਂਟੋ ਵੱਲੋਂ



# ਸ੍ਰੀ ਗੁਰੂ ਰਵਿਦਾਸ ਜੀ ਦੇ

## 639ਵੇਂ ਆਗਮਨ ਪੁਰਬ 'ਤੇ

## 13 ਮਾਰਚ 2016 ਦਿਨ ਐਤਵਾਰ ਨੂੰ

# 16ਵਾਂ ਸਾਲਾਨਾ ਮਹਾਨ ਨਗਰ ਕੀਰਤਨ

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਸਮੂਹ ਸੰਗਤਾਂ ਦੇ ਚਰਨਾਂ ਵਿਚ ਨਿਮਰਤਾ ਸਹਿਤ ਬੇਨਤੀ ਹੈ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 639ਵੇਂ ਪ੍ਰਕਾਸ਼ ਦਿਵਸ 'ਤੇ 16ਵਾਂ ਮਹਾਨ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ 'ਚ 13 ਮਾਰਚ 2016 ਨੂੰ ਸਜਾਇਆ ਜਾ ਰਿਹਾ ਹੈ। ਇਸ ਮੌਕੇ 'ਤੇ ਪੰਥ ਪ੍ਰਸਿੱਧ ਰਾਗੀ, ਢਾਡੀ ਜਥੇ ਅਤੇ ਕਥਾਵਾਚਕ ਸ਼ਬਦ ਕੀਰਤਨ ਅਤੇ ਵਿਆਖਿਆ ਨਾਲ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ। ਇਸ ਮਹਾਨ ਨਗਰ ਕੀਰਤਨ ਵਿਚ ਪਰਿਵਾਰ ਸਮੇਤ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਪਹੁੰਚ ਰਹੇ ਰਾਗੀ ਜਥੇ

ਭਾਈ ਜਸਬੀਰ ਸਿੰਘ ਖਾਲਸਾ

- ਭਾਈ ਜਸਬੀਰ ਸਿੰਘ ਖਾਲਸਾ ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ
- ਭਾਈ ਮਨਪ੍ਰੀਤ ਸਿੰਘ ਜੀ ਚੰਡੀਗੜ੍ਹ ਵਾਲੇ
- ਇਸ ਤੋਂ ਇਲਾਵਾ ਪੰਥ ਦੇ ਹੋਰ ਵੀ ਮਹਾਨ ਕੀਰਤਨੀ ਜੱਥੇ, ਢਾਡੀ ਜੱਥੇ, ਕਵੀਸਰ ਅਤੇ ਕਥਾ ਵਾਚਕ ਗੁਰਬਾਣੀ ਰਾਹੀਂ ਆਈਆਂ ਸੰਗਤਾਂ ਨੂੰ ਨਿਹਾਲ ਕਰਨਗੇ।

ਰੈਣ ਸਬਾਈ ਕੀਰਤਨ 12 ਮਾਰਚ 2016 ਸ਼ਨਿੱਚਰਵਾਰ ਰਾਤ

## ਪ੍ਰੋਗਰਾਮਾਂ ਦਾ ਵੇਰਵਾ

| | |
|---|---|
| ਆਰੰਭ ਸ੍ਰੀ ਅਖੰਡ ਪਾਠ ਸਾਹਿਬ | : 11 ਮਾਰਚ 2016, ਦਿਨ ਸ਼ੁਕਰਵਾਰ ਸਵੇਰੇ 9.00 ਵਜੇ |
| ਭੋਗ ਸ੍ਰੀ ਅਖੰਡ ਪਾਠ ਸਾਹਿਬ | : 13 ਮਾਰਚ 2016 ਦਿਨ ਐਤਵਾਰ ਸਵੇਰੇ 9.00 ਵਜੇ |
| ਨਿਸ਼ਾਨ ਸਾਹਿਬ | : 11 ਮਾਰਚ 2016 ਦਿਨ ਸ਼ਨੀਵਾਰ ਨੂੰ ਸ਼ਾਮ 3 ਵਜੇ |
| ਕੀਰਤਨ ਦਰਬਾਰ | : 12 ਮਾਰਚ 2016 ਦਿਨ ਸ਼ਨੀਵਾਰ ਸ਼ਾਮ 6 ਵਜੇ ਤੋਂ ਸ਼ੁਰੂ ਹੋਵੇਗਾ |

### ਕਮੇਟੀ ਮੈਂਬਰ

ਚੇਅਰਮੈਨ : ਜਸਵਿੰਦਰ ਬੰਗਾ 916-796-5003
ਵਾਈਸ ਚੇਅਰਮੈਨ: ਦਰਸ਼ਨ ਵਿਰਕ : 916-228-0540,
ਪ੍ਰਧਾਨ- ਜੋਗਿੰਦਰ ਢੁੱਬਰ : 916-582-1611,
ਵਾਈਸ ਪ੍ਰਧਾਨ- ਸਤਨਾਮ ਮੰਢਾਲੀ : 916-803-0108,
ਵਾਈਸ ਪ੍ਰਧਾਨ- ਬਲਵਿੰਦਰ ਕੌਲ੍ਹ : 916-425-2707,
ਜਨਰਲ ਸਕੱਤਰ- ਜੀਵਨ ਰੱਤੂ: 916-256-9393,
ਜੁਆਇੰਟ ਸਕੱਤਰ- ਰਾਜ ਕੁਮਾਰ ਸੁਜ : 916-698-3806,
[illegible]- ਰਾਜ ਬੰਗੜ : 916-601-3842,
ਕੈਸ਼ੀਅਰ- ਇੰਦਰਜੀਤ ਪਰਵਾਣਾ : 916-276-2538,
ਕੈਸ਼ੀਅਰ- ਸੁਰਿੰਦਰ ਮੱਲ : 916-849-8530,
ਕੈਸ਼ੀਅਰ- ਮਨਜੀਤ ਭਾਰਦਵਾਜ : 916-743-5012,
ਪੀ.ਆਰ.ਓ. ਮੈਂਬਰ- ਜਸਵੰਤ ਬੀਸਲਾ : 916-293-6030,
[illegible] - ਕਰਨੈਲ ਵਿਰਕ : 916-267-8774,
[illegible] : 916-834-9371,
[illegible] - ਮਹਿੰਦਰ ਧਾਮੀ : 916-470-9163

ਨਗਰ ਕੀਰਤਨ ਵਿਚ ਜਾਂ ਗੁਰੂ ਘਰ ਵਿਖੇ ਕਿਸੇ ਵੀ ਤਰ੍ਹਾਂ ਦੀ ਸੇਵਾ ਲਈ ਸੰਪਰਕ ਕਰੋ ਜੀ

ਗੁਰੂ ਘਰ : 916-992-1710, [illegible] : 916-796-5003, [illegible] : 916-582-1611, [illegible] : 916-228-0540, [illegible] : 916-425-2705, [illegible] : 916-803-0108, [illegible] (ਪੀ.ਆਰ.ਓ.) : 916-293-6030

ਹੋਰ ਜਾਣਕਾਰੀ ਲਈ ਪ੍ਰਬੰਧਕ ਕਮੇਟੀ ਜਾਂ ਭਾਈ ਨਿਰਮਲ ਸਿੰਘ ਅਤੇ ਭਾਈ ਜਸਪਾਲ ਸਿੰਘ ਨਾਲ 916-992-1710 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਕਿਸੇ ਵੀ ਕਿਸਮ ਦੀ ਸੇਵਾ ਅਤੇ ਅਖੰਡ ਪਾਠ ਸਾਹਿਬ ਦੀ ਸੇਵਾ ਲਈ ਜੱਸੀ ਬੰਗਾ ਨਾਲ 916-796-5003 ਜਾਂ ਸਿਮ ਢੁੱਬਰ ਨਾਲ 916-582-1611 'ਤੇ ਸੰਪਰਕ ਕਰੋ।

### ਲੜੀਵਾਰ ਅਖੰਡ ਪਾਠ ਸਾਹਿਬ ਪ੍ਰੋਗਰਾਮਾਂ ਦਾ ਵੇਰਵਾ

| ਆਰੰਭ ਸ੍ਰੀ ਅਖੰਡ ਪਾਠ ਸਾਹਿਬ | ਭੋਗ ਸ੍ਰੀ ਅਖੰਡ ਪਾਠ ਸਾਹਿਬ |
|---|---|
| 19 ਫਰਵਰੀ 2016 ਦਿਨ ਸ਼ੁਕਰਵਾਰ | 21 ਫਰਵਰੀ 2016 ਦਿਨ ਐਤਵਾਰ |
| (ਅਖੰਡ ਪਾਠ ਸਾਹਿਬ ਦੀ ਸੇਵਾ ਬੀਬੀਆਂ ਵੱਲੋਂ ਹੋਵੇਗੀ) | |
| 20 ਫਰਵਰੀ 2016 ਦਿਨ ਸ਼ਨਿੱਚਰਵਾਰ | 22 ਫਰਵਰੀ 2016 ਦਿਨ ਸੋਮਵਾਰ |
| (ਇਹ ਸਮਾਗਮ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਉਤਸਵ ਵਾਲੇ ਦਿਨ ਹੋਵੇਗਾ) (ਇਸ ਸਮਾਗਮ ਦੀ ਸੇਵਾ ਭਗਵੰਤ ਜਸੱਲ ਅਤੇ ਮੇਵਾ ਉਜਾਗਰ 'ਤੇ ਪਰਿਵਾਰ ਵੱਲੋਂ ਹੋਵੇਗੀ) | |
| 26 ਫਰਵਰੀ 2016 ਦਿਨ ਸ਼ੁਕਰਵਾਰ | 28 ਫਰਵਰੀ 2016 ਦਿਨ ਐਤਵਾਰ |
| (ਇਸ ਸਮਾਗਮ ਨਗਰ ਵਾਲੇ ਸੰਤ ਦਰਸ਼ਨ ਦਾਸ ਜੀ ਅਤੇ ਸੈਕਰਾਮੈਂਟੋ ਦੀ ਸਮੂਹ ਸੰਗਤ ਵਲੋਂ ਹੋਵੇਗਾ) | |
| 4 ਮਾਰਚ 2016 ਦਿਨ ਸ਼ੁਕਰਵਾਰ | 6 ਮਾਰਚ 2016 ਦਿਨ ਐਤਵਾਰ |
| (ਇਸ ਅਖੰਡ ਪਾਠ ਸਾਹਿਬ ਦੀ ਸੇਵਾ ਸ੍ਰੀ ਗੁਰੂ ਰਵਿਦਾਸ ਨੌਜਵਾਨ ਸਭਾ ਵਲੋਂ ਹੋਵੇਗੀ) | |
| 11 ਮਾਰਚ 2016 ਦਿਨ ਸ਼ੁਕਰਵਾਰ | 13 ਫਰਵਰੀ 2016 ਦਿਨ ਐਤਵਾਰ |
| (ਇਹ ਸੇਵਾ ਸ੍ਰੀ ਗੁਰੂ ਰਵਿਦਾਸ ਸਭਾ, ਰਿਓਲਿੰਡਾ ਅਤੇ ਸਮੂਹ ਸੰਗਤ ਵਲੋਂ ਹੋਵੇਗੀ) | |

ਨਗਰ ਕੀਰਤਨ ਦੌਰਾਨ ਹੈਲੀਕਾਪਟਰ ਰਾਹੀਂ ਫੁੱਲਾਂ ਦੀ ਵਰਖਾ ਹੋਵੇਗੀ।

13 ਮਾਰਚ ਦਿਨ ਐਤਵਾਰ ਨੂੰ ਅਮਰੀਕਾ ਦਾ ਸਮਾਂ ਇਕ ਘੰਟਾ ਅੱਗੇ ਹੋ ਜਾਵੇਗਾ।

ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਆਪਣੀਆਂ ਗੱਡੀਆਂ ਸਹੀ ਜਗ੍ਹਾ 'ਤੇ ਪਾਰਕ ਕਰੋ

[illegible] ਹਰਬੰਸ ਰੱਲ੍ਹ 916-821-5836 ਅਵਤਾਰ ਸਿੰਘ 916-717-4223

[illegible]

# Shri Guru Ravidass Temple Rio Linda, Sacramento

6221-16th Street Rio Linda, CA 95673, Phone 916-992-1710


Copyright@Punjab Mail USA






ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ 28 ਫਰਵਰੀ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਗਏ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਪ੍ਰਬੰਧਕ ਕਮੇਟੀ ਅਤੇ ਸੰਗਤ ਨੂੰ ਲੱਖ ਲੱਖ ਵਧਾਈਆਂ।



ਸੋਮ ਨਾਥ ਭਾਟੀਆ ਅਤੇ ਉਹਨਾਂ ਦੀ ਸੁਪਤਨੀ ਬੀਬੀ ਨੀਨਾ ਭਾਟੀਆ

# ਸੋਮ ਨਾਥ ਭਾਟੀਆ

## ਪ੍ਰਧਾਨ

## ਸ੍ਰੀ ਗੁਰੂ ਰਵਿਦਾਸ ਸਭਾ, ਪਿਟਸਬਰਗ, ਕੈਲੇਫੋਰਨੀਆ

## ਅਤੇ ਸਮੂਹ ਪਰਿਵਾਰ






ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ 28 ਫਰਵਰੀ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਗਏ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਪ੍ਰਬੰਧਕ ਕਮੇਟੀ ਅਤੇ ਸੰਗਤ ਨੂੰ ਲੱਖ ਲੱਖ ਵਧਾਈਆਂ।

# ਜਗਤਾਰ ਸਿੰਘ ਭਾਟੀਆ

## (ਬਿਜਨਸਮੈਨ)

## ਅਤੇ

## ਸਮੂਹ ਪਰਿਵਾਰ



ਜਗਤਾਰ ਸਿੰਘ ਭਾਟੀਆ (ਬਿਜਨਸਮੈਨ) ਅਤੇ ਉਹਨਾਂ ਦੀ ਸੁਪਤਨੀ ਬੀਬੀ ਨਿਰਮਲ ਸਿੰਘ ਭਾਟੀਆ

**ਕੌਮਾਂਤਰੀ ਔਰਤ ਦਿਵਸ ਤੇ ਵਿਸ਼ੇਸ**

# ਔਰਤ- ਕੱਲ੍ਹ, ਅੱਜ ਅਤੇ ਭਲਕੇ



- ਫਤਿਹਜੰਗ ਸਿੰਘ
91-98726-70278

ਔਰਤ ਬੇਸ਼ੱਕ ਦੁਨੀਆਂ ਦੀ ਅੱਧੀ ਆਬਾਦੀ ਹੈ ਪਰ ਇਹ ਅੱਧ ਦੀ ਮਾਲਕ ਨਹੀਂ ਹੈ। ਪੱਛਮੀ ਦੇਸ਼ਾਂ ਵਿਚ ਔਰਤ ਨੇ ਆਪਣੀ ਸਥਿਤੀ ਜਿੰਨੀ ਮਜ਼ਬੂਤ ਬਣਾਈ ਹੈ, ਉਨੀ ਹੀ ਅਰਬ ਅਤੇ ਏਸ਼ੀਅਨ ਮੁਲਕਾਂ ਦੀ ਔਰਤ ਅਧੋਗਤੀ ਦੀ ਸ਼ਿਕਾਰ ਹੈ। ਖਾਸ ਕਰਕੇ ਮੁਸਲਿਮ ਔਰਤਾਂ ਦੀ ਸਥਿਤੀ ਬਹੁਤ ਹੀ ਚਿੰਤਾਜਨਕ ਹੈ। ਭਾਰਤ ਵਿਚ ਵੀ ਇਤਿਹਾਸ ਅਤੇ ਮਿਥਿਹਾਸ ਔਰਤ ਦੀ ਸਥਿਤੀ ਨੂੰ ਉਪਰ ਨੀਚੇ ਤੇ ਡਾਵਾਂਡੋਲ ਬਣਾਈ ਤੁਰੇ ਆ ਰਹੇ ਹਨ। ਸਾਡੀ ਪੁਰਾਣੀ ਸੰਸਕ੍ਰਿਤੀ ਜਿਸ 'ਤੇ ਅਸੀਂ ਬੜਾ ਮਾਣ ਵੀ ਕਰਦੇ ਹਾਂ, ਇਸ ਵਿਚ ਔਰਤ ਨੂੰ ਇਕ ਖਿਡੌਣਾ ਅਤੇ ਕੋਈ ਕਮਜ਼ੋਰ ਜਿਹੀ ਵਰਤੀ ਜਾਣ ਵਾਲੀ ਵਸਤੂ ਮੰਨਿਆ ਗਿਆ ਹੈ।

ਦੁਨੀਆਂ ਦੀਆਂ ਪ੍ਰਾਚੀਨ ਸਭਿਆਤਾਵਾਂ ਬੇਬੀਲੋਨੀਆ, ਮਿਸਰ ਅਤੇ ਚੀਨ ਆਦਿ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਉਸ ਵੇਲੇ ਵੀ ਔਰਤ ਦੀ ਸਥਿਤੀ ਕਠਪੁਤਲੀਆਂ ਤੋਂ ਵੱਧ ਕੁਝ ਨਹੀਂ ਸੀ। ਭਾਰਤ ਦੇ ਵੈਦਿਕ ਕਾਲ ਵਿਚ ਰਮਾਇਣ ਅਤੇ ਮਹਾਂਭਾਰਤ (ਵੀਰ ਕਾਲ) ਸਮੇਂ ਵੀ ਔਰਤ ਦੀ ਸਥਿਤੀ ਡਾਵਾਂਡੋਲ ਹੀ ਰਹੀ। ਉਸਨੂੰ ਆਪਣਾ ਸਾਥੀ ਚੁਣਨ ਲਈ ਸਵੰਬਰ ਰਚਾਉਣ ਦੀ ਆਜ਼ਾਦੀ ਵੀ ਸੀ ਪਰ ਦੂਜੇ ਪਾਸੇ ਸੀਤਾ ਮਾਤਾ ਨੂੰ ਇਕ ਆਮ ਆਦਮੀ ਦੇ ਇਲਜ਼ਾਮ ਲਾਉਣ 'ਤੇ ਬਿਨਾਂ ਪੁੱਛ ਪੜਤਾਲ ਕੀਤਿਆਂ ਜਣੇਪੇ ਦੀ ਹਾਲਤ ਵਿਚ ਜੰਗਲਾਂ ਵਿਚ ਭਟਕਣ ਦੀ ਸਜ਼ਾ ਭੁਗਤਣੀ ਪਈ ਅਤੇ ਫਿਰ ਅਗਨੀ ਪ੍ਰੀਖਿਆ ਵੀ ਦੇਣੀ ਪਈ। ਅਹਿਲਿਆ ਬਾਈ ਨਾਲ ਬਲਾਤਕਾਰ ਦਾ ਅਪਰਾਧ ਤਾਂ ਇੰਦਰ ਅਤੇ ਚੰਦਰਮਾ ਨੇ ਕੀਤਾ ਪਰ ਪੱਥਰ ਬਣ ਕੇ ਸਾਲਾਂ ਤੱਕ ਦੀ ਸਜ਼ਾ ਅਹਿੱਲਿਆ ਬਾਈ ਨੂੰ ਭੁਗਤਣੀ ਪਈ। ਮਹਾਂਭਾਰਤ ਦੀ ਦਰੋਪਤੀ ਦੇ ਪੰਜ ਪਤੀ ਹੁੰਦਿਆਂ ਵੀ ਸ਼ਰੇਆਮ ਭਰੇ ਦਰਬਾਰ ਕੱਪੜੇ ਲੁਹਾਉਣ ਦੀ ਸਜ਼ਾ ਉਸਨੂੰ ਭੁਗਤਣੀ ਪਈ ਕਿਉਂਕਿ ਉਸਨੂੰ ਇਕ ਜਿਉਂਦੀ ਜਾਗਦੀ ਆਦਮ ਜਾਤ ਨਹੀਂ ਸਗੋਂ ਇਕ ਵਸਤੂ ਸਮਝ ਕੇ ਜੂਏ ਵਿਚ ਹਾਰ ਦਿੱਤਾ ਗਿਆ ਸੀ। ਕਿੰਨੀਆਂ ਹੀ ਗੋਪੀਆਂ ਨੂੰ ਕ੍ਰਿਸ਼ਨ ਜੀ ਦੇ ਵਿਯੋਗ ਵਿਚ ਤੜਫ ਤੜਫ ਕੇ ਸੰਤਾਪ ਹੰਢਾਉਣਾ ਪਿਆ। ਜੇ ਮਹਾਂਰਿਸ਼ੀ ਵਾਲਮੀਕ ਨੇ ਔਰਤ ਦੀ ਸਰਾਹਣਾ ਕੀਤੀ ਵੀ ਤਾਂ ਉਸਦੀ ਪਤੀ ਭਗਤੀ ਦੀ ਹੀ ਕੀਤੀ ਹੈ। ਇਸੇ ਯੁੱਗ ਵਿਚ ਔਰਤ ਸੀਤਾ, ਅਰੁੰਧਤੀ, ਗੰਧਾਰੀ, ਰੁਕਮਣੀ ਆਦਿ ਦੇ ਰੂਪ ਵਿਚ ਉਭਰ ਕੇ ਆਈਆਂ ਤਾਂ ਹਨ ਪਰ ਪੂਰੀ ਆਜ਼ਾਦ ਹੋ ਕੇ ਨਹੀਂ, ਮਰਦ ਦਾ ਪਰਛਾਵਾਂ ਬਣ ਕੇ, ਦਾਸੀ ਬਣ ਕੇ, ਸੇਵਾ ਦੀ ਮੂਰਤ ਬਣ ਕੇ ਸਾਹਮਣੇ ਆਈਆਂ ਹਨ। ਰਿਸ਼ੀ ਮੁੰਨੀ ਵੀ ਕਈ ਕਈ ਨਾਰੀਆਂ ਰੱਖਦੇ ਰਹੇ ਹਨ। ਰਾਜੇ ਮਹਾਰਾਜੇ ਆਪਣੇ ਪਰੋਹਿਤਾਂ ਨੂੰ ਕਈ ਕਈ ਔਰਤਾਂ (ਦਾਸੀਆਂ) ਭੇਟ ਕਰ ਦਿੰਦੇ ਸਨ। ਪੁੱਤਰ ਦੀ ਚਾਹਤ ਅਧੀਨ ਆਪਣੀ ਔਰਤ ਨੂੰ ਉਸਦੇ ਨਾਂ ਚਾਹੁੰਦਿਆਂ ਵੀ 'ਨਿਯੋਗ' ਦੀ ਆੜ ਹੇਠ ਗੈਰ ਮਰਦ ਨੂੰ ਸੌਂਪ ਦਿੱਤਾ ਜਾਂਦਾ ਸੀ। ਇਸੇ ਯੁੱਗ ਵਿਚ ਇਹ ਵੀ ਪ੍ਰਚੱਲਿਤ ਸੀ ਕਿ ਪਤੀ ਨਾਲ ਸਤੀ ਹੋਣ ਵਾਲੀ ਔਰਤ ਨੂੰ ਚਿਖਾ ਤੋਂ ਆਪਣੇ ਦਿਓਰ ਦਾ ਹੱਥ ਫੜ ਕੇ ਉਠ ਪੈਣ ਨੂੰ ਕਿਹਾ ਜਾਂਦਾ ਸੀ ਤੇ ਉਸਦੀ ਹੀ ਪਤਨੀ ਬਣ ਕੇ ਰਹਿਣਾ ਪੈਂਦਾ ਕਿਉਂਕਿ ਔਰਤ ਜਦੋਂ ਤੱਕ ਦਸ ਪੁੱਤਰਾਂ ਨੂੰ ਜਨਮ ਨਾ ਦਿੰਦੀ ਉਹ ਜਿੰਦਾ ਰਹਿਣੀ ਜ਼ਰੂਰੀ ਸੀ। ਜੋ ਔਰਤ ਸਤੀ ਹੁੰਦੀ ਉਸਨੂੰ ਅੱਕ, ਧਤੂਰਾ, ਭੰਗ ਪਿਆ ਕੇ ਬੇਸੁੱਧ ਜਿਹੀ ਕਰਕੇ ਬਾਂਸਾਂ ਨਾਲ ਜਕੜ ਕੇ ਉਪਰ ਕਾਫੀ ਮਾਤਰਾ ਵਿਚ ਘਿਓ ਪਾ ਕੇ ਸਾੜ ਦਿੱਤਾ ਜਾਂਦਾ। ਉਸਦੀਆਂ ਚੀਕਾਂ ਸੁਣਾਈ ਨਾ ਦੇਣ ਇਸ ਲਈ ਪੂਰੇ ਜ਼ੋਰ ਨਾਲ ਢੋਲ, ਮਿਰਦੰਗ, ਸ਼ੰਖ ਆਦਿ ਵਜਾਏ ਜਾਂਦੇ।

ਔਰਤ ਦੀ ਹਾਲਤ ਨੂੰ ਨਿਘਰਦੀ ਸਥਿਤੀ ਵਿਚ ਲਿਜਾਣ ਵਿਚ ਮਨੂੰ ਦਾ ਬਹੁਤ ਵੱਡਾ ਹੱਥ ਹੈ। ਮਨੂੰ ਸਿਮ੍ਰਤੀ ਦਾ ਹੁਕਮ ਹੈ ਕਿ ਔਰਤ ਕਦੇ ਆਜ਼ਾਦ ਨਾ ਰਹੇ, ਉਸਦਾ ਆਜ਼ਾਦ ਰਹਿਣਾ ਉਚਿਤ ਨਹੀਂ। ਉਹ ਬਚਪਨ ਵਿਚ ਪਿਤਾ, ਜਵਾਨੀ ਵਿਚ ਪਤੀ ਅਤੇ ਬੁਢਾਪੇ ਵਿਚ ਪੁੱਤਰ ਦੇ ਅਧੀਨ ਰਹੇ। (9/3) ਮਨੂੰ ਨੇ ਕੁੜੀਆਂ ਜੰਮਣ ਵਾਲੀ ਔਰਤ ਨੂੰ ਛੱਡ ਦੇਣ ਲਈ ਵੀ ਲਿਖਿਆ ਹੈ। ਉਹ ਸੋਚ ਹੀ ਨਹੀਂ ਸਕਿਆ ਕਿ ਲੜਕੀ ਦੇ ਜੰਮਣ ਵਿਚ ਸੌ ਫੀਸਦੀ ਮਰਦ ਦਾ ਹੀ ਰੋਲ ਹੁੰਦਾ ਹੈ। ਮਨੂੰ ਵੱਲੋਂ ਔਰਤ ਦੀ ਪੱਕੀ ਕੀਤੀ ਹੋਈ ਗੁਲਾਮੀ ਅੱਜ ਵੀ ਮਰਦ ਦੇ ਖ਼ੂਨ ਵਿਚ ਦੌੜ ਰਹੀ ਹੈ।

ਮੁਗਲ ਕਾਲ ਵਿਚ ਔਰਤ ਨੇ ਹੋਰ ਵੀ ਜ਼ਿਆਦਾ ਜ਼ੁਲਮ ਸਹੇ। ਰਾਜਸਥਾਨ ਵਿਚ ਤਾਂ ਸੁੰਦਰ ਕੰਨਿਆ ਨੂੰ ਜਨਮ ਦੇਣਾ ਅਪਰਾਧ, ਖਤਰਾ ਅਤੇ ਮੁਸੀਬਤਾਂ ਦਾ ਘਰ ਮੰਨਿਆ ਜਾਂਦਾ ਸੀ। ਕੁੜੀ ਨੂੰ ਜੰਮਦਿਆਂ ਹੀ ਮਾਰਨ ਦੀ ਪ੍ਰਥਾ ਨੇ ਇੱਥੋਂ ਹੀ ਜਨਮ ਲਿਆ। ਇਸੇ ਸਮੇਂ ਵਿਚ 'ਮਹਾਂਕਵੀ' ਤੁਲਸੀ ਦਾਸ ਅਤੇ ਸੂਰਦਾਸ ਦਾ ਜਨਮ ਹੋਇਆ। 'ਸੂਰ-ਸਾਗਰ' ਵਿਚ ਸੂਰਦਾਸ ਨਾਰੀ ਚਰਿੱਤਰ ਨੂੰ ਬਹੁਤ ਨੀਵੇਂ ਪੱਧਰ ਤੱਕ ਲੈ ਗਿਆ। ਤੁਲਸੀ ਨੇ ਤਾਂ 'ਢੋਲ, ਗੰਵਾਰ, ਸ਼ੂਦਰ, ਪਸ਼ੂ, ਨਾਰੀ, ਸ਼ਕਲ ਤਾੜਨਾ ਕੇ ਅਧਿਕਾਰੀ' ਲਿਖ ਕੇ ਜਿੱਥੇ ਨਾਰੀ ਨੂੰ ਪਸ਼ੂ ਸਮਾਨ ਬਣਾ ਦਿੱਤਾ, ਉਥੇ ਸ਼ੂਦਰ ਨੂੰ ਵੀ ਮਾਨਵ ਮੰਨਣ ਤੋਂ ਇਨਕਾਰ ਕਰ ਦਿੱਤਾ। ਇਸੇ ਸਮੇਂ ਵਿਚ ਨਾਰੀ ਨੂੰ ਨਿਰੋਲ ਧਾਰਮਿਕ ਵਸਤੂ ਬਣਾ ਦਿੱਤਾ। ਬੱਚੇ (ਮੁੰਡੇ) ਪੈਦਾ ਕਰਨੇ, ਚਾਰ ਦੀਵਾਰੀ ਵਿਚ ਰਹਿ ਕੇ ਪਤੀ ਸੇਵਾ ਕਰਨੀ, ਬਾਕੀ ਰਹਿੰਦਾ ਸਮਾਂ ਵੱਧ ਤੋਂ ਵੱਧ ਪਾਠ ਪੂਜਾ ਵਿਚ ਗੁਜ਼ਾਰਨਾ ਹੀ ਇਸਤਰੀ ਧਰਮ ਬਣਾ ਦਿੱਤਾ ਗਿਆ। ਦੇਵਦਾਸੀ ਪ੍ਰਥਾ ਨੇ ਔਰਤ ਦੀ ਦਸ਼ਾ ਨੂੰ ਹੋਰ ਵੀ ਡੂੰਘੀ ਖੱਡ ਵਿਚ ਸੁੱਟ ਦਿੱਤਾ। ਦੇਵਤੇ ਨਾਲ ਵਿਆਹ ਦਾ ਢੌਂਗ ਰਚਾ ਕੇ ਪੁਜਾਰੀਆਂ ਵੱਲੋਂ ਰੱਜ ਕੇ ਸ਼ੋਸ਼ਣ ਕੀਤਾ ਜਾਂਦਾ ਤੇ ਫਿਰ ਚਕਲੇ ਤੇ ਵੇਚ ਦਿੱਤਾ ਜਾਂਦਾ।



ਇਸ ਤਰ੍ਹਾਂ ਮੁੱਢ ਤੋਂ ਤੁਰੇ ਆ ਰਹੇ ਇਸ ਮਰਦ ਪ੍ਰਧਾਨ ਸਮਾਜ ਵਿਚ ਅੱਜ ਦੀ ਬਣੀ ਮਾਦਾ ਭਰੂਣ ਹੱਤਿਆ ਦੀ ਸਮੱਸਿਆ ਜੋ ਅੱਜ ਮੂੰਹ ਅੱਡ ਕੇ ਸਮਾਜ ਨੂੰ ਨਿਗਲਣ ਲਈ ਤਿਆਰ ਦਿੱਸਦੀ ਹੈ, ਇਸਦੇ ਬੀਜ ਸਾਡੀ ਪੁਰਾਣੀ ਸਭਿਅਤਾ, ਸਾਡੇ ਇਤਿਹਾਸ-ਮਿਥਿਹਾਸ, ਸਾਡੀ ਸੰਸਕ੍ਰਿਤੀ ਵਿਚ ਬੀਜੇ ਪਏ ਹਨ, ਜਿਸ ਸੰਸਕ੍ਰਿਤੀ 'ਤੇ ਅਸੀਂ 'ਮਾਣ' ਵੀ ਬੜਾ ਕਰਦੇ ਹਾਂ। ਇਸੇ ਤਰ੍ਹਾਂ ਹੀ ਸਮੇਂ ਸਮੇਂ 'ਤੇ ਇਤਿਹਾਸ ਵਿਚ ਉਹ ਮੁਕਾਮ ਵੀ ਆਏ ਜਦੋਂ ਔਰਤ ਦੇ ਹੱਕ ਵਿਚ ਆਵਾਜ਼ ਬੁਲੰਦ ਹੋਈ। ਉਨ੍ਹਾਂ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਬਣਦਾ ਹੈ। ਬੁੱਧ ਕਾਲ ਵਿਚ ਔਰਤ ਨੂੰ ਬਰਾਬਰ ਮੰਨ ਕੇ ਪ੍ਰਚਾਰ ਸੰਘ ਵਿਚ ਸ਼ਾਮਲ ਕੀਤਾ ਤਾਂ ਅੰਬਾਪਾਲੀ, ਵਿਮਲਾ ਅਤੇ ਸੋਮਾ ਵਰਗੀਆਂ ਨੇ ਤਨਦੇਹੀ ਅਤੇ ਸਿਆਣਪ ਨਾਲ ਕੰਮ ਕਰਕੇ ਆਪਣਾ ਨਾਂ ਕਮਾਇਆ। ਗੁਰੂ ਨਾਨਕ ਦੇਵ ਜੀ ਨੇ 'ਸੋ ਕਿਉਂ ਮੰਦਾ ਆਖੀਐ ਜਿਤ ਜੰਮੇ ਰਾਜਾਨ' ਦਾ ਹੋਕਾ ਦੇ ਕੇ ਔਰਤ ਨੂੰ ਮਾਣ ਸਨਮਾਨ ਦਿੱਤਾ ਤਾਂ ਮਾਈ ਭਾਗੋ ਵਰਗੀਆਂ ਕਈ ਬਹਾਦਰ ਔਰਤਾਂ ਨੇ ਆਪਣੀ ਬਹਾਦਰੀ ਦਾ ਸਬੂਤ ਦਿੱਤਾ। ਮਹਾਂਰਾਸ਼ਟਰ ਦੇ ਮਹਾਤਮਾ ਜੋਧੀ ਰਾਓ ਫੂਲੇ ਨੇ ਉਨੀਵੀਂ ਸਦੀ ਦੇ ਅਖੀਰਲੇ ਅੱਧ ਵਿਚ ਸਭ ਤੋਂ ਪਹਿਲਾਂ ਔਰਤ ਨੂੰ ਪੜ੍ਹਾਉਣ ਦਾ ਕੰਮ ਸ਼ੁਰੂ ਕੀਤਾ ਤੇ ਉਸਦੀ ਪਤਨੀ ਸਵਿੱਤਰੀ ਬਾਈ ਫੂਲੇ ਅਜੋਕੇ ਭਾਰਤ ਦੀ ਪਹਿਲੀ ਇਸਤਰੀ ਅਧਿਆਪਕ ਬਣੀ। ਇਸ ਪਵਿੱਤਰ ਕੰਮ ਲਈ ਉਸਨੂੰ ਅਣਗਿਣਤ ਯਾਤਨਾਵਾਂ ਝੱਲਣੀਆਂ ਪਈਆਂ।

ਡਾ. ਅੰਬੇਡਕਰ ਨੇ ਔਰਤ ਨੂੰ ਵਿਸ਼ੇਸ਼ ਸਨਮਾਨ ਦਿੱਤਾ ਅਤੇ ਉਸਦੇ ਸਦੀਆਂ ਤੋਂ ਖੋਹੇ ਅਧਿਕਾਰਾਂ ਨੂੰ ਬਹਾਲ ਕਰਨ ਦੇ ਉਚੇਚੇ ਯਤਨ ਕੀਤੇ। ਬੰਬਈ ਵਿਧਾਨ ਪ੍ਰੀਸ਼ਦ ਦੇ ਮੈਂਬਰ ਹੁੰਦਿਆਂ 3 ਅਗਸਤ 1928 ਨੂੰ ਬਿਲ ਪੇਸ਼ ਕੀਤਾ ਅਤੇ ਮੁਜ਼ਾਹਰੇ ਤੇ ਘਿਰਾਓ ਕਰਕੇ ਅੰਗਰੇਜ਼ ਸਰਕਾਰ ਨੂੰ ਪਹਿਲੀ ਵਾਰ ਔਰਤ ਦੀ ਬੇਗਾਰੀ ਖਤਮ ਕਰਨ ਲਈ ਮਜ਼ਬੂਰ ਕੀਤਾ। ਫਿਰ 28 ਜੁਲਾਈ ਨੂੰ ਪ੍ਰਸੂਤਾ ਛੁੱਟੀ ਅਤੇ ਵੇਤਨ ਦਾ ਪ੍ਰਬੰਧ ਕਰਵਾਇਆ। ਮਰਦ ਦੇ ਬਰਾਬਰ ਹੜਤਾਲ ਕਰਨ ਦਾ ਅਧਿਕਾਰ ਦਿਵਾਇਆ। ਵੋਟ ਦੇ ਅਧਿਕਾਰ ਲਈ 'ਇੰਡੀਅਨ ਸਟੈਚੁਟਰੀ ਕਮਿਸ਼ਨ' ਨੂੰ ਯਾਦ ਪੱਤਰ ਦੇ ਕੇ ਔਰਤ ਲਈ ਵੋਟ ਦੇ ਅਧਿਕਾਰ ਲਈ ਜ਼ੋਰਦਾਰ ਆਵਾਜ਼ ਉਠਾਈ। ਸੰਵਿਧਾਨ ਨਿਰਮਾਣ ਵੇਲੇ ਉਹਨਾਂ ਨੇ ਧਾਰਾ 15 (1) ਰਾਹੀ ਔਰਤ ਨੂੰ ਮਰਦ ਦੇ ਬਰਾਬਰ ਦਾ ਅਧਿਕਾਰ ਦਿਵਾਇਆ। ਧਾਰਾ 39 ਰਾਹੀਂ ਬਰਾਬਰ ਕੰਮ ਅਤੇ ਬਰਾਬਰ ਤਨਖਾਹ ਦੀ ਵਿਵਸਥਾ ਕੀਤੀ। ਭਾਰਤ ਦੇ ਕਾਨੂੰਨ ਮੰਤਰੀ ਹੁੰਦਿਆਂ 5 ਫਰਵਰੀ 1951 ਨੂੰ ਬਹੁ ਚਰਚਿਤ 'ਹਿੰਦੂ ਕੋਡ ਬਿਲ' ਪੇਸ਼ ਕੀਤਾ, ਜਿਸ ਵਿਚ ਔਰਤ ਦੇ ਜਾਇਦਾਦ ਮਾਲਕੀ ਅਧਿਕਾਰ, ਤਲਾਕ ਦੇਣ ਦਾ ਅਧਿਕਾਰ, ਆਪਣਾ ਵਾਰਸ ਚੁਣਨ ਦਾ ਅਧਿਕਾਰ, ਬੱਚਾ ਗੋਦ ਲੈਣ ਦਾ ਅਧਿਕਾਰ ਆਦਿ ਸ਼ਾਮਲ ਸਨ। ਇਸ ਬਿਲ ਤੇ 30 ਘੰਟੇ ਬਹਿਸ ਹੋਈ ਪਰ ਮਨੂੰਵਾਦੀ ਪ੍ਰਵਿਰਤੀ ਦੇ ਵਿਰੋਧ ਕਾਰਨ ਉਹ ਪਾਸ ਨਾ ਹੋ ਸਕਿਆ। ਦੁਖੀ ਹੋ ਕੇ ਡਾ. ਅੰਬੇਡਕਰ ਨੇ ਆਪਣੇ ਕਾਨੂੰਨ ਮੰਤਰੀ ਪਦ ਤੋਂ ਅਸਤੀਫ਼ਾ ਦੇ ਦਿੱਤਾ। ਉਨ੍ਹਾਂ ਨੇ ਕਿਹਾ ਸੀ, "ਜਦੋਂ ਤੱਕ ਔਰਤ ਨੂੰ ਦੋ ਨੰਬਰ ਦੀ ਨਾਗਰਿਕ ਸਮਝਿਆ ਜਾਂਦਾ ਰਹੇਗਾ, ਉਦੋਂ ਤੱਕ ਦੇਸ਼ ਦਾ ਅੱਧਾ ਹਿੱਸਾ ਗੁਲਾਮ ਬਣਿਆ ਰਹੇਗਾ ਅਤੇ ਜਦੋਂ ਤੱਕ ਔਰਤਾਂ ਇਨਕਲਾਬ ਵਿਚ ਹਿੱਸੇਦਾਰ ਨਹੀਂ ਬਣਨਗੀਆਂ, ਇਨਕਲਾਬ ਭਾਵੇਂ ਸਮਾਜਿਕ ਹੋਵੇ ਤੇ ਭਾਵੇਂ ਆਰਥਿਕ ਉਹ ਅਧੂਰਾ ਰਹੇਗਾ।"

ਆਜ਼ਾਦ ਦੇਸ਼ ਦੇ ਲੋਕਤੰਤਰਿਕ ਢਾਂਚੇ ਵਿਚ ਭਾਵੇਂ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਮੁੱਖ ਮੰਤਰੀ, ਗਵਰਨਰ ਅਤੇ ਅਫਸਰਸ਼ਾਹੀ ਵਿਚ ਹਜ਼ਾਰਾਂ ਹੀ ਨਾਂ ਔਰਤਾਂ ਦੇ ਲਏ ਜਾ ਸਕਦੇ ਹਨ ਪਰ ਸਮੁੱਚੀ ਇਸਤਰੀ ਜਾਤੀ ਦੀ ਸਥਿਤੀ ਮਰਦ ਦੇ ਮੁਕਾਬਲੇ ਸਨਮਾਨਯੋਗ ਤੇ ਬਰਾਬਰਤਾ ਵਾਲੀ ਹਾਲੇ ਨਹੀਂ ਬਣੀ ਭਾਵੇਂ ਕਈ ਖੇਤਰਾਂ ਵਿਚ ਔਰਤ ਮਰਦ ਨਾਲੋਂ ਅੱਗੇ ਵੀ ਨਿਕਲ ਚੁੱਕੀ ਹੈ। ਗਿਣਤੀ ਪੱਖੋਂ ਅੱਧ ਦੀ ਮਾਲਕ ਔਰਤ ਹਾਲੇ ਵੀ ਇਕ ਤਿਹਾਈ ਰਾਜਨੀਤਿਕ ਰਾਖਵੇਂਕਰਨ ਲਈ ਜੂਝ ਰਹੀ ਹੈ ਪਰ ਮਰਦ ਪ੍ਰਧਾਨ ਸਮਾਜ ਉਸਨੂੰ ਹਾਲੇ ਬਣਦਾ ਹੱਕ ਦੇਣ ਲਈ ਤਿਆਰ ਨਹੀਂ। "ਸੋ ਕਿਉਂ ਮੰਦਾ ਆਖੀਐ.." ਉਚਾਰ ਕੇ ਸਿੱਖੀ ਦੇ ਮੋਢੀ ਨੇ ਸਦੀਆਂ ਪਹਿਲਾਂ ਔਰਤ ਨੂੰ ਪੂਰਾ ਇੱਜ਼ਤ ਮਾਣ ਤਾਂ ਦੇ ਦਿੱਤਾ ਸੀ ਪਰ ਸਿੱਖੀ ਦੇ ਸਰਵ ਉੱਚ ਸਥਾਨ ਹਰਿਮੰਦਰ ਸਾਹਿਬ ਵਿਚ ਹਾਲੇ ਵੀ ਔਰਤ ਕੀਰਤਨ ਕਰਕੇ ਸਿੱਖ ਧਰਮ ਵਿਚ ਆਪਣੀ ਆਸਥਾ ਪ੍ਰਗਟ ਨਹੀਂ ਕਰ ਸਕਦੀ, ਕਿਉਂਕਿ ਉਸਨੂੰ ਸ਼ਾਇਦ ਅਪਵਿੱਤਰ ਜਾਂ ਨਾਕਾਬਲ ਮੰਨਿਆ ਜਾਂਦਾ ਹੈ।

ਅੱਜ ਦੀ ਔਰਤ ਪੜ੍ਹ ਲਿਖਕੇ ਨੌਕਰੀ ਕਰਦਿਆਂ ਪੁਰਾਣੀ ਸਥਾਪਤ ਕਿਲ੍ਹੇ ਦੀ ਕੰਧ ਅਤੇ ਘਰ ਦੀ ਚਾਰ ਦੀਵਾਰੀ ਤੋਂ ਬਾਹਰ ਆਉਣ ਦੀ ਕੋਸ਼ਿਸ਼ ਵਿਚ ਉਸਨੇ ਆਪਣੇ ਆਪ 'ਤੇ ਨੌਕਰੀ ਅਤੇ ਘਰ ਦਾ ਦੁੱਗਣਾ ਬੋਝ ਵੀ ਪਾ ਲਿਆ ਹੈ ਪਰ ਉਹ ਫਿਰ ਵੀ ਬਰਾਬਰਤਾ ਦੀ ਤੱਕੜੀ ਵਿਚ ਪੂਰੀ ਨਹੀਂ ਪੈ ਰਹੀ। ਬਾਹਰ ਨਿਕਲਣ ਕਰਕੇ ਨਾਰੀ ਅਪਰਾਧਾਂ ਵਿਚ ਵਾਧਾ ਹੋਇਆ ਹੈ, ਜਿਸ ਕਰਕੇ ਇਕ ਵਾਰੀ ਫਿਰ ਉਹ ਮਰਦ ਪ੍ਰਧਾਨ ਸਮਾਜ ਕੋਲ ਸੁਰੱਖਿਆ ਲਈ ਸੁਆਲੀਆ ਚਿੰਨ੍ਹ ਬਣੀ ਖਲੋਤੀ ਨਜ਼ਰ ਆ ਰਹੀ ਹੈ। ਅੱਜ ਵੀ ਮਨੂੰ ਦੇ ਜਾਤਪਾਤੀ ਕਿਲ੍ਹੇ ਦੀ ਦੇਹਲੀ ਲੰਘਣ ਦੇ ਨਤੀਜੇ ਵਜੋਂ ਉਸਨੂੰ 'ਸਿਆਣੇ ਬੰਦਿਆਂ' ਵੱਲੋਂ ਸਥਾਪਤ ਕੀਤੀਆਂ ਖਾਪ ਪੰਚਾਇਤਾਂ ਦੀ ਪ੍ਰਦਾਨ ਕੀਤੀ ਮਨਮਰਜ਼ੀ ਦੀ ਗੈਰ ਕਾਨੂੰਨੀ ਤੇ ਗੈਰ ਕੁਦਰਤੀ ਮੌਤ ਦੀ ਸਜ਼ਾ ਭੁਗਤਣੀ ਪੈਂਦੀ ਹੈ।

ਭਾਰਤੀ ਔਰਤ ਅੱਜ ਸ਼ਾਇਦ ਨਹੀਂ ਸੋਚ ਰਹੀ ਕਿ ਉਸਨੇ ਪੱਛਮ ਦੀ ਨਕਲ ਕਰਕੇ ਫੈਸ਼ਨ ਅਤੇ ਆਜ਼ਾਦੀ ਦੀ ਖੁੱਲ੍ਹ ਤਾਂ ਮਾਣ ਲਈ ਹੈ ਪਰ ਇੰਝ ਕਰਕੇ ਫਿਰ ਇਸ ਚਮਕ ਦਮਕ ਵਿਚ ਅਤੇ ਪੈਸੇ ਦੀ ਚਕਾਚੌਂਧ ਵਿਚ ਉਹ ਮਰਦ ਦੀ ਗੁਲਾਮੀ ਕਬੂਲਦੀ ਜਾ ਰਹੀ ਹੈ। ਕੀ ਉਹ ਫਿਰ ਇਕ ਵਿਖਾਵੇ ਦੀ ਵਸਤੂ ਨਹੀਂ ਬਣਦੀ ਜਾ ਰਹੀ? ਕੀ ਉਹ ਆਪਣੇ ਇਸ ਲਹੂ ਭਿੱਜੇ ਇਤਿਹਾਸਕ-ਮਿਥਿਹਸਕ ਸਫਰ ਨੂੰ ਜਾਰੀ ਰੱਖ ਕੇ ਆਪਣੀ ਸੰਪੂਰਨ ਆਜ਼ਾਦੀ ਤੋਂ ਭਟਕ ਕੇ ਇਕ ਹੋਰ ਗੁਲਾਮੀ ਦੇ ਸਮੁੰਦਰ ਵਿਚ ਤਾਂ ਨਹੀਂ ਡੁੱਬਣ ਜਾ ਰਹੀ?

ਇਸ ਸਭ ਕੁਝ ਦੀ ਸਾਰਥਿਕ ਪੜਚੋਲ ਵੀ ਇਸ ਸਮੇਂ ਦੀ ਨਾਰੀ ਨੂੰ ਕਰਨੀ ਚਾਹੀਦੀ ਹੈ ਤਾਂ ਜੋ ਉਹ ਮੂਲ ਸਮੱਸਿਆ ਦੀ ਨਿਸ਼ਾਨਦੇਹੀ ਕਰਕੇ ਕੋਈ ਸਹੀ ਅਤੇ ਜਾਨਦਾਰ ਪੈਂਤੜਾ ਅਖਤਿਆਰ ਕਰ ਸਕੇ ਅਤੇ ਵਧੇਰੇ ਮੁਸ਼ਤੈਦੀ ਨਾਲ ਬਰਾਬਰੀ ਦੀ ਜੰਗ ਲੜ ਕੇ ਆਪਣੇ ਬਣਦੇ ਅਧਿਕਾਰ ਪ੍ਰਾਪਤ ਕਰ ਸਕੇ, ਨਹੀਂ ਤਾਂ ਸਮੇਂ ਦਾ ਪਹੀਆ ਉਵੇਂ ਘੁੰਮਦਾ ਹੋਇਆ ਦਰੜ ਕੇ ਨਿਕਲ ਜਾਵੇਗਾ, ਜਿਵੇਂ ਉਹ ਪਹਿਲਾਂ ਨਿਕਲਦਾ ਰਿਹਾ ਹੈ।

ਅਜੋਕੇ ਸਮੇਂ ਵਿਚ ਡਾ. ਹਰਸ਼ਿੰਦਰ ਕੌਰ ਨੇ ਭਰੂਣ ਹੱਤਿਆ- ਜੋ ਕਿ ਨਾਰੀ ਦੇ ਨਾਂ 'ਤੇ ਕਲੰਕ ਦਾ ਹੀ ਦੂਜਾ ਨਾਂ ਹੈ; ਸਬੰਧੀ ਬੜੇ ਲੂੰ ਕੰਡੇ ਖੜ੍ਹੇ ਕਰਨ ਵਾਲੇ ਤੱਥ ਸਾਹਮਣੇ ਲਿਆਂਦੇ ਹਨ। ਆਪਣੇ ਪੇਸ਼ੇ ਅਤੇ ਸਰਵੇਖਣ ਦੇ ਆਧਾਰ 'ਤੇ ਉਹਨਾਂ ਆਪਣੀ ਪੁਸਤਕ 'ਭਰੂਣ ਹੱਤਿਆ-ਇਕ ਸ਼ਰਾਪ' ਵਿਚ ਲਿਖਿਆ ਹੈ ਕਿ "ਹਿੰਦੁਸਤਾਨ ਅਤੇ ਚੀਨ ਵਿਚੋਂ ਇਸ ਵੇਲੇ 100 ਕਰੋੜ ਕੁੜੀਆਂ ਖਤਮ ਹੋ ਚੁੱਕੀਆਂ ਹਨ ਤੇ ਲੱਗਭੱਗ 11 ਲੱਖ ਕੁੜੀਆਂ ਹਰ ਸਾਲ ਹਿੰਦੁਸਤਾਨ ਵਿਚ ਮਾਰੀਆਂ ਜਾ ਰਹੀਆਂ ਹਨ। ਮੈਂ ਇਹਨਾਂ ਅਣਜੰਮੀਆਂ ਕੁੜੀਆਂ ਜਾਂ ਜੰਮਦੇ ਸਾਰ ਮਾਰੀਆਂ ਜਾ ਰਹੀਆਂ ਕੁੜੀਆਂ ਦੀ ਹੀ ਗੱਲ ਕਰ ਰਹੀ ਹਾਂ, ਜਿਹਨਾਂ ਵਿਚੋਂ ਬਹੁਤੀਆਂ ਨੂੰ ਅੱਜ ਵੀ ਜੰਮਦੇ ਸਾਰ ਮਾਰਨ ਲਈ ਮਾਂ ਦੀ ਛਾਤੀ 'ਤੇ ਜ਼ਹਿਰ ਲਾ ਕੇ ਦੁੱਧ ਚੁੰਘਾਇਆ ਜਾਂਦਾ ਹੈ ਜਾਂ ਮੂੰਹ ਵਿਚ ਭੂਸਾ ਭਰ ਕੇ ਸਾਹ ਬੰਦ ਕਰ ਦਿੱਤਾ ਜਾਂਦਾ ਹੈ ਜਾਂ ਜਿੰਦਾ ਘੜੇ ਵਿਚ ਪਾ ਕੇ ਜ਼ਮੀਨ ਹੇਠਾਂ ਦੱਬ ਦਿੱਤਾ ਜਾਂਦਾ ਹੈ। ਹੁਣ ਤੱਕ ਦੇ ਮਾਦਾ ਭਰੂਣ ਅਤੇ ਨਵਜੰਮੀਆਂ ਕੁੜੀਆਂ ਦੀ ਮੌਤ ਦੇ ਅੰਦਾਜ਼ੇ ਮੁਤਾਬਕ ਢਾਈ ਲੱਖ ਲੀਟਰ ਲਹੂ ਇਹਨਾਂ ਬੇਜ਼ੁਬਾਨ ਮਜ਼ਲੂਮਾਂ ਦਾ ਵਹਿਮ ਚੁੱਕਿਆ ਹੈ। ਜਿਹਨਾਂ ਦਾ ਹਾਲੇ ਪਤਾ ਨਹੀਂ ਲੱਗ ਸਕਿਆ, ਉਹ ਵੱਖਰੀਆਂ ਹਨ।" ਕਿੰਨੇ ਦਿਲ ਕੰਬਾਊ ਤੱਥ ਹਨ!

ਪੰਜਾਬ ਦੇ ਸੰਦਰਭ ਵਿਚ ਉਹਨਾਂ ਨੇ ਪੰਜਾਬੀਆਂ ਨੂੰ ਵੰਗਾਰਿਆ ਹੈ "ਕੀ ਤੁਸੀਂ ਕੁੜੀਆਂ ਨੂੰ ਮਾਰ ਕੇ ਭਗਤ ਸਿੰਘ, ਊਧਮ ਸਿੰਘ ਵਰਗੇ ਵਿਰਸੇ ਨੂੰ ਖਤਮ ਕਰਨਾ ਚਾਹੁੰਦੇ ਹੋ ਤਾਂ ਕਿ ਅੱਗੋਂ ਉਹਨਾਂ ਵਰਗਿਆਂ ਨੂੰ ਜਨਮ ਦੇਣ ਵਾਲੀਆਂ ਮਾਵਾਂ ਹੀ ਪੈਦਾ ਨਾ ਹੋਣ?" ਲੇਖਿਕਾ ਨੇ ਚਿਤਾਵਨੀ ਦਿੱਤੀ ਹੈ ਕਿ "ਕੁੜੀਆਂ ਦੀ ਕਮੀ ਆ ਜਾਣ ਨਾਲ ਹੋਰ ਸੂਬਿਆਂ ਦੀਆਂ ਕੁੜੀਆਂ ਨਾਲ ਵਿਆਹ ਕਰਵਾਉਣਾ ਪਵੇਗਾ ਜਿਸ ਨਾਲ ਪੰਜਾਬ ਦਾ ਸਭਿਆਚਾਰਕ ਵਿਰਸਾ ਹੀ ਖਤਮ ਹੋ ਜਾਵੇਗਾ ਅਤੇ ਵੇਸ਼ਵਾਗਮਨੀ ਦੇ ਰਾਹ ਪੈ ਕੇ ਏਡਜ਼ ਵਰਗੀਆਂ ਬਿਮਾਰੀਆਂ ਵੀ ਫੈਲਣਗੀਆਂ।"

ਲੇਖਿਕਾ ਨੇ ਭਰੂਣ ਹੱਤਿਆ ਵਿਰੁੱਧ ਚੁੱਪ ਰਹਿਣ 'ਤੇ ਧਾਰਮਿਕ ਅਕੀਦਿਆਂ ਨੂੰ ਵੀ ਕਟਹਿਰੇ ਵਿਚ ਖੜ੍ਹਾ ਕੀਤਾ ਹੈ, "ਸਾਡਾ ਧਰਮ ਬੱਕਰਾ ਹਲਾਲ ਕਰਨਾ ਠੀਕ ਨਹੀਂ ਸਮਝਦਾ। ਉਸ ਜ਼ੁਲਮ ਵਿਚ ਤਾਂ ਕੁਝ ਮਿੰਟਾਂ ਦੀ ਤਕਲੀਫ ਦੀ ਗੱਲ ਹੁੰਦੀ ਹੈ। ਇੱਥੇ ਕੁੜੀਆਂ ਨੂੰ ਸਾਲਾਂ ਸਾਲ ਹਲਾਲ ਕੀਤਾ ਜਾਂਦਾ ਹੈ ਤੇ ਹੁਣ ਧਰਮ ਇਸ ਬਾਰੇ ਕੀ ਕਹਿਣਾ ਚਾਹੁੰਦਾ ਹੈ?"

ਲੇਖਿਕਾ ਨੇ ਕੁੜੀਆਂ ਨੂੰ ਪਰਾਇਆ ਧਨ ਕਹਿਣ ਤੇ ਵੀ ਬੜੀ ਕਰਾਰੀ ਚੋਟ ਮਾਰੀ ਹੈ, "ਜਿਹੜੇ ਵੀ ਮਾਪੇ ਆਪਣੀਆਂ ਬੇਟੀਆਂ ਨੂੰ ਪਰਾਇਆ ਧਨ ਸਮਝਦੇ ਹਨ, ਉਹ ਇਸ ਗੱਲ ਲਈ ਤਿਆਰ ਰਹਿਣ ਕਿ ਬੁਢਾਪੇ ਵਿਚ ਉਨ੍ਹਾਂ ਦਾ ਮੁੰਡਾ ਕਿਸੇ ਹੋਰ ਪਰਾਏ ਧਨ ਨਾਲ ਮਿਲ ਕੇ ਉਹਨਾਂ ਨੂੰ ਘਰੋਂ ਬਾਹਰ ਜ਼ਰੂਰ ਧੱਕ ਦੇਵੇਗਾ।"

ਅੱਜ ਅੰਤਰ ਰਾਸ਼ਟਰੀ ਪੱਧਰ 'ਤੇ 'ਇਸਤਰੀ ਦਿਵਸ' ਮਨਾਏ ਜਾਂਦੇ ਹਨ। ਕਾਗਜ਼ੀ ਕਾਰਵਾਈ ਅਤੇ ਲੈਕਚਰਬਾਜ਼ੀ ਨਾਲ ਇਸਤਰੀ ਜਾਤੀ ਦੀਆਂ ਸਮੱਸਿਆਵਾਂ ਦੂਰ ਨਹੀਂ ਹੋਣ ਲੱਗੀਆਂ, ਨਾ ਹੀ ਉਹਨਾਂ ਨੂੰ ਇੰਝ ਬੈਠੇ ਬਿਠਾਇਆ ਅਧਿਕਾਰ ਪ੍ਰਾਪਤ ਹੋਣੇ ਹਨ, ਨਾ ਹੀ ਉਹਨਾਂ ਨੂੰ ਸੌਖਿਆਂ ਹੀ ਮਾਣ ਸਨਮਾਨ ਮੰਗਿਆਂ ਮਿਲਣਾ ਹੈ। ਉਸਨੂੰ ਜਾਗਣਾ ਪਵੇਗਾ, ਇਤਿਹਾਸ-ਮਿਥਿਹਾਸ ਨੂੰ ਖੰਘਾਲ ਕੇ ਅਜੋਕੀ ਸਥਿਤੀ ਦਾ ਮੁਲਾਂਕਣ ਕਰਨਾ ਪਵੇਗਾ ਅਤੇ ਜੋ ਵੀ ਨਤੀਜੇ ਨਿਕਲਣ, ਉਹਨਾਂ ਵਿਚੋਂ ਆਪਣੀ ਬਿਹਤਰੀ ਲਈ ਨੁਕਤੇ ਭਾਲ ਕੇ ਉਹਨਾਂ ਦੀ ਪੂਰਤੀ ਲਈ ਕਮਰਕੱਸੇ ਕੱਸ ਕੇ ਸੰਘਰਸ਼ ਵਿਚ ਕੁੱਦਣਾ ਪਵੇਗਾ। ਇੰਝ ਕੀਤਿਆਂ ਬਗੈਰ ਇਹ ਸਦੀਆਂ ਦੀ ਦਿੱਤੀ ਗੁਲਾਮੀ ਦੂਰ ਨਹੀਂ ਹੋਣੀ। ਇਸਤਰੀ ਦਿਵਸ ਜੰਮ ਜੰਮ ਮਨਾਓ ਪਰ ਇਸ ਪ੍ਰਤੀ ਆਪਣੀ ਸੋਚ ਬਦਲ ਕੇ ਅਤੇ ਪ੍ਰਭਾਵਸ਼ਾਲੀ ਮਜ਼ਬੂਤ ਕਦਮ ਉਠਾ ਕੇ ਸੰਗਠਿਤ ਤਰੀਕੇ ਨਾਲ ਹੀ ਕੀਤਿਆਂ ਪ੍ਰਾਪਤੀ ਹੋ ਸਕਦੀ ਹੈ।

---

ਸਰਵੇਖਣਾਂ ਦਾ ਜਾਦੂਮਈ ਪ੍ਰਭਾਵ ਪੰਜਾਬ ਦੇ ਦਲਿਤ ਵੋਟਰਾਂ 'ਤੇ ਪੈਣਾ ਲਾਜ਼ਮੀ ਹੈ। ਸ਼ਾਇਦ ਇਸੇ ਕਰਕੇ ਆਪ ਤੇ ਅਕਾਲੀ ਦਲ ਨੂੰ ਚਿੰਤਾ ਹੈ ਕਿ ਜੇ ਪੰਜਾਬ ਵਿਚ ਬਸਪਾ ਤੇ ਕਾਂਗਰਸ ਦਾ ਗੱਠਜੋੜ ਹੋ ਗਿਆ ਤੇ ਫਿਰ ਸਾਡਾ ਕੀ ਬਣੂੰ। ਇਹੀ ਚਿੰਤਾ ਕੈਪਟਨ ਨੂੰ ਵੀ ਵੱਢ-ਵੱਢ ਖਾਂਦੀ ਹੈ ਕਿ ਜੇ ਬਸਪਾ, ਅਕਾਲੀ ਦਲ ਨਾਲ ਚਲੀ ਗਈ ਤੇ ਫਿਰ ਸਾਡਾ ਕੀ ਬਣੂੰ। ਜੇ ਅਜਿਹਾ ਹੋ ਜਾਂਦਾ ਹੈ ਤਾਂ ਮਾਇਆਵਤੀ ਉਤਰ ਪ੍ਰਦੇਸ਼ ਦੀ ਸੱਤਾ ਫਿਰ ਹਾਸਲ ਕਰਕੇ, ਕੇਂਦਰ ਦੀ ਦੋਸਤੀ ਨਾਲ ਆਸਾਨੀ ਨਾਲ ਸਰਕਾਰ ਵੀ ਚਲਾ ਸਕਦੀ ਹੈ ਤੇ ਹਰ ਤਰ੍ਹਾਂ ਦੀ ਆਰਥਿਕ ਮਦਦ ਵੀ ਸੂਬੇ ਲਈ ਲੈ ਸਕਦੀ ਹੈ। ਕਿਉਂਕਿ ਰਾਜਨੀਤੀ 'ਚ ਨਾ ਕੋਈ ਪੱਕਾ ਦੋਸਤ ਹੀ ਹੁੰਦਾ ਹੈ ਤੇ ਨਾ ਹੀ ਕੋਈ ਦੁਸ਼ਮਣ।

**ਮਾਘੀ ਮੇਲੇ ਦੀਆਂ ਰੈਲੀਆਂ ਤੇ ਸੱਤ ਕਰੋੜ ਦਾ ਖਰਚਾ**

ਮੁਕਤਸਰ ਦੇ ਮਾਘੀ ਮੇਲੇ 'ਤੇ ਅਕਾਲੀ ਦਲ, ਕਾਂਗਰਸ ਤੇ ਆਮ ਆਦਮੀ ਪਾਰਟੀ ਨੇ ਜਿਹੜੀਆਂ ਰੈਲੀਆਂ ਕੀਤੀਆਂ, ਇਕ ਅੰਦਾਜ਼ੇ ਮੁਤਾਬਕ ਲੱਗਭੱਗ ਸਾਰਾ ਖਰਚਾ 7 ਕਰੋ ੜ ਦਾ ਆਇਆ। ਕਿਉਂਕਿ ਸਭ ਨੂੰ ਹੀ ਪਤਾ ਹੈ ਕਿ ਲੋਕ ਹੁਣ ਐਵੇਂ ਤਾਂ ਨਹੀਂ ਰੈਲੀਆਂ 'ਚ ਜਾਂਦੇ। ਘਰੋਂ ਤੁਰਨ ਲੱਗੇ ਲੋਕ ਪਹਿਲਾਂ ਦਿਹਾੜੀ ਵਸੂਲਦੇ ਹਨ ਤੇ ਘਰ ਮੁੜਨ ਲੱਗੇ ਸ਼ਕਤੀ ਵਾਟਰ ਦੀ ਡਿਮਾਂਡ ਰੱਖਦੇ ਹਨ। ਇਹ ਸਾਰਾ ਬੋਝ ਹਲਕੇ ਦੇ ਸਬੰਧਤ ਉਹਨਾਂ ਜਥੇਦਾਰਾਂ ਨੂੰ ਹੀ ਉਠਾਉਣਾ ਪੈਂਦਾ ਹੈ, ਜਿਹੜੇ ਸੱਤਾ ਦਾ ਆਨੰਦ ਮਾਣ ਰਹੇ ਹਨ ਤੇ ਜਾਂ ਫਿਰ ਸੱਤਾ ਦਾ ਆਨੰਦ ਮਾਨਣ ਦੀ ਚਾਹਤ ਰੱਖਦੇ ਹਨ।

**ਕੀ ਸ: ਭਗਤ ਸਿੰਘ ਬੇ-ਗੁਨਾਹ ਸਾਬਤ ਹੋ ਸਕੇਗਾ**

ਸ: ਭਗਤ ਸਿੰਘ, ਜਿਸਨੂੰ 23 ਮਾਰਚ 1931 ਨੂੰ ਸੈਂਟਰਲ ਲਾਹੌਰ ਵਿਖੇ ਫਾਂਸੀ 'ਤੇ ਚੜ੍ਹਾ ਦਿੱਤਾ ਗਿਆ ਸੀ, ਸ਼ਾਇਦ ਉਹ ਦੁਨੀਆਂ ਦਾ ਪਹਿਲਾ ਅਜਿਹਾ ਸਖਸ਼ ਹੋਵੇਗਾ, ਜਿਸ ਦਾ ਸਾਂਡਰਸ ਕਤਲ ਕੇਸ ਦੀ ਐਫ. ਆਈ. ਆਰ. ਵਿਚ ਨਾਮ ਹੀ ਨਹੀਂ ਸੀ, ਉਸਨੂੰ ਫਿਰ ਵੀ ਫਾਂਸੀ ਤੇ ਲਟਕਾ ਦਿੱਤਾ ਗਿਆ। ਐਫ. ਆਈ. ਆਰ. ਤੋਂ ਬਿਨਾਂ ਤਾਂ ਕਿਸੇ ਮੁਕੱਦਮੇ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਫਿਰ ਜੱਜ ਨੇ ਤੇ ਜਾਂ ਸਰਕਾਰੀ ਵਕੀਲ ਨੇ ਕਿਹਨਾਂ ਤੱਥਾਂ ਤੇ ਆਧਾਰਿਤ ਮੌਤ ਦੀ ਸਜ਼ਾ ਨੂੰ ਆਧਾਰ ਬਣ-'ਇਆ ਹੋਵੇਗਾ। ਇਸ ਸਬੰਧ ਵਿਚ, ਇਕ ਮਨੁੱਖੀ ਅਧਿਕਾਰਾਂ ਦੇ ਅਲੰਬਰਦਾਰ ਦੀ ਪਟੀਸ਼ਨ ਤੇ ਲਾਹੌਰ ਹਾਈਕੋਰਟ ਵਿਚ ਸੁਣਵਾਈ ਸ਼ੁਰੂ ਹੋ ਚੁੱਕੀ ਹੈ, ਤਾਂ ਕਿ ਸ. ਭਗਤ ਸਿੰਘ ਦੀ ਮੌਤ ਤੋਂ 84 ਸਾਲ ਬਾਅਦ ਬੇਗੁਨਾਹ ਸਾਬਤ ਕੀਤਾ ਜਾ ਸਕੇ। ਇਸ ਗੱਲ ਦੀ ਭੂਮਿਕਾ ਦੀ ਵੀ ਪੁਣਛਾਣ ਹੋਣੀ ਚਾਹੀਦੀ ਹੈ ਕਿ ਕਿਸੇ ਵੱਡੇ ਨੇਤਾ ਦੇ ਇਸ਼ਾਰੇ ਤੇ ਤਾਂ ਨਹੀਂ ਭਗਤ ਸਿੰਘ ਨੂੰ ਬਿਨਾਂ ਤੱਥਾਂ ਦੇ ਗੌਰ ਕੀਤਿਆਂ ਉਸ ਵਕਤ ਫਾਂਸੀ ਤੇ ਲਟਕਾ ਦਿੱਤਾ ਗਿਆ ਸੀ।

**ਪੁਣਛਾਣ**
**ਸਫਾ 6 ਦੀ ਬਾਕੀ**

**ਬਾਬਾ ਸਾਹਿਬ ਦੀਆਂ ਨਿਸ਼ਾਨੀਆਂ ਦੀ ਬੇਅਦਬੀ**

ਭਾਰਤ ਰਾਸ਼ਟਰ ਦੇ ਮਹਾਂਨਾਇਕ, ਦੁਨੀਆਂ ਦੇ 6ਵੇਂ ਦਿਮਾਗ ਕਹੇ ਜਾਣ ਵਾਲੇ ਤੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਦੇ ਨਾਲ ਸਬੰਧਤ ਲੱਗਭੱਗ 4000 ਨਿਸ਼ਾਨੀਆਂ, ਨਾਗਪੁਰ ਨੇੜੇ ਇਕ ਮਿਊਜ਼ੀਅਮ ਵਿਚ ਪਈਆਂ ਸੜ ਰਹੀਆਂ ਹਨ, ਨਾ ਇਸ ਵੱਲ ਮਹਾਂਰਾਸ਼ਟਰ ਦੀ ਸਰਕਾਰ ਦਾ ਹੀ ਕੋਈ ਧਿਆਨ ਹੈ ਤੇ ਨਾ ਹੀ ਕੇਂਦਰ ਦੀ ਭਾਜਪਾ ਸਰਕਾਰ ਦਾ। ਟਾਈਪ ਰਾਈਟਰ ਨੂੰ ਜੰਗ ਲੱਗ ਗਿਆ ਹੈ। ਕੋਟ, ਟਾਈਆਂ ਤੇ ਕੁੜਤੇ ਪਜਾਮੇ ਤੱਕ ਨੂੰ ਘੁਣ ਤੱਕ ਲੱਗ ਗਿਆ ਹੈ। ਇਸ ਰਾਸ਼ਟਰ ਦੀ ਕਿਸਮਤ ਲਿਖਣ ਵਾਲੇ ਬਾਵਾ ਸਾਹਿਬ ਦੀਆਂ ਨਿਸ਼ਾਨੀਆਂ ਖੁਦ ਆਪਣੇ ਫਟੇਹਾਲ ਤੇ ਅੱਥਰੂ ਵਹਾ ਰਹੀਆਂ ਹਨ। ਇਕ ਚਿੰਤਕ ਮੁਤਾਬਕ ਅਗਰ ਇਹਨਾਂ ਨਿਸ਼ਾਨੀਆਂ ਵੱਲ ਦੋ ਕੁ ਸਾਲ ਤੱਕ ਹੋਰ ਧਿਆਨ ਨਾ ਦਿੱਤਾ ਗਿਆ ਤਾਂ ਇਹਨਾਂ ਦਾ ਬਿਲਕੁਲ ਹੀ ਖੁਰਾ-ਖੋਜ ਮਿਟ ਜਾਵੇਗਾ। ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਜਦ ਮਨੂੰਵਾਦੀ ਸਰਕਾਰਾਂ ਬਾਵਾ ਸਾਹਿਬ ਦੀਆਂ ਅਨਮੋਲ ਨਿਸ਼ਾਨੀਆਂ ਨਾਲ ਘਟੀਆ ਵਤੀਰਾ ਕਰਦੀਆਂ ਹਨ ਤਾਂ ਸਮੇਂ ਦੀਆਂ ਸਰਕਾਰਾਂ ਨੇ ਬਾਵਾ ਸਾਹਿਬ ਨੂੰ ਕਿੰਨਾ ਜ਼ਲੀਲ ਕੀਤਾ ਹੋਵੇਗਾ। ਸਾਹਿਬ ਸ੍ਰੀ ਕਾਂਸ਼ੀ ਰਾਮ ਦੀ ਸੰਸਦ ਵਿਚ ਕੀਤੀ ਟਿੱਪਣੀ ਕਿੰਨੀ ਸਟੀਕ ਸੀ ਕਿ ਅਸੀਂ ਆਪਣੇ ਆਪ ਨੂੰ ਬਾਵਾ ਸਾਹਿਬ ਦੇ ਬੁੱਤਾਂ ਨਾਲ ਤਾਂ ਜੋੜ ਲਿਆ, ਪਰ ਬਾਵਾ ਸਾਹਿਬ ਦੇ ਮਿਸ਼ਨ ਨਾਲ ਨਹੀਂ ਜੋੜਿਆ।

**ਦੀਦਾਰ ਸੰਧੂ ਕਿਉਂ ਚੁੱਪ-ਚੁੱਪ ਰਹਿੰਦਾ ਸੀ**

ਦੀਦਾਰ ਸੰਧੂ, ਚਮਕੀਲਾ ਤੇ ਸੰਦੀਲਾ ਆਪਸ ਵਿਚ ਬੜੇ ਯਾਰ ਹੁੰਦੇ ਸੀ। ਕਿਉਂਕਿ ਇਹ ਤਿੰਨੋਂ ਪਹਿਲਾਂ ਗੀਤਕਾਰ ਸੀ, ਫਿਰ ਬਾਅਦ ਵਿਚ ਗਾਇਕ ਬਣੇ। ਇਹਨਾਂ 'ਚੋਂ ਦੀਦਾਰ ਸੰਧੂ ਕੁਝ ਜ਼ਿਆਦਾ ਹੀ ਗੰਭੀਰ ਰਹਿਣ ਵਾਲਾ ਸ਼ਖਸ ਸੀ। ਜਦ ਦੀਦਾਰ ਸੰਧੂ ਤੇ ਅਮਰ ਨੂਰੀ ਦੇ ਗਾਏ ਤੇ ਅਹੂਜਾ ਸਾਹਿਬ ਦੇ ਸੰਗੀਤ 'ਚ ਤਰਾਸ਼ੇ ਗੀਤ 'ਮਾਹੀ ਵੇ ਮਾਹੀ ਮੈਨੂੰ ਵੈਦ ਮੰਗਾਦੇ' ਨੇ ਹਰ ਪਾਸੇ ਪ੍ਰਸਿੱਧੀ ਦੀਆਂ ਸੁਨਾਮੀ ਲਹਿਰਾਂ ਲਿਆ ਦਿੱਤੀਆਂ ਤਾਂ ਜਨਾਬ ਕੁਲਦੀਪ ਮਾਣਕ ਨੇ ਪ੍ਰਤੀਕਿਰਿਆ ਪ੍ਰਗਟ ਕਰਦਿਆਂ ਕਿਹਾ ਸੀ ਕਿ ਮੈਨੂੰ ਅੱਜ ਪਤਾ ਲੱਗਾ ਕਿ 'ਦੀਦਾਰ ਸੰਧੂ ਕਾਹਤੋਂ ਚੁੱਪ-ਚੁੱਪ ਰਹਿੰਦਾ ਸੀ।'

## ਸ੍ਰੀ ਸੀ.ਐਲ.ਚੁੰਬਰ ਦੇ ਤੁਰ ਜਾਣ ਉਪਰੰਤ....

# 'ਬਹੁਜਨ ਸਮਾਜ ਦੇ ਵਿਹੜਿਆਂ ਦਾ ਮਘਦਾ ਸੂਰਜ'



ਪ੍ਰੋ: ਐਚ.ਐਲ.ਕਪੂਰ
001- 916- 587-4002

ਸ੍ਰੀ ਸੀ. ਐਲ. ਚੁੰਬਰ (ਪੂਰਾ ਨਾਂ: ਚੁਰੰਜੀ ਲਾਲ ਚੁੰਬਰ) ਦਾ ਮਿਤੀ 6 ਫਰਵਰੀ, 2016 ਨੂੰ ਅਚਾਨਕ ਇਸ ਸੰਸਾਰ ਤੋਂ ਚਲੇ ਜਾਣਾ, ਸਿਰਫ ਉਸ ਦੇ ਪਰਿਵਾਰ ਲਈ ਹੀ ਦੁੱਖਦਾਇਕ ਨਹੀਂ ਹੈ ਸਗੋਂ ਉਨ੍ਹਾਂ ਲਈ ਵੀ ਬੜਾ ਦੁੱਖਦਾਇਕ ਹੈ ਜਿਨ੍ਹਾਂ ਨਾਲ ਉਹਨਾਂ ਦੇ ਬਹੁਤ ਹੀ ਕਰੀਬੀ ਸਬੰਧ ਸਨ। ਮੇਰੇ ਲਈ ਇਸ ਕਰਕੇ ਦੁੱਖਦਾਇਕ ਹੈ ਕਿਉਂਕਿ ਉਹ ਸਰਕਾਰੀ ਹਾਈ ਸਕੂਲ ਸ਼ੰਕਰ, ਜ਼ਿਲ੍ਹਾ ਜਲੰਧਰ ਦਾ ਮੇਰਾ ਇਕ ਬਹੁਤ ਹੀ ਹੋਣਹਾਰ ਵਿਦਿਆਰਥੀ ਸੀ। ਉਹ 1971 ਤੋਂ ਲਗਾਤਾਰ ਅੱਜ ਤੱਕ ਮੇਰੇ ਸੰਪਰਕ 'ਚ ਰਿਹਾ। ਜਦੋਂ ਪਿਛਲੇ ਸਾਲ ਮੈਂ ਅਮਰੀਕਾ ਦੀਆਂ ਅਖ਼ਬਾਰਾਂ 'ਚ 'ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ' ਜੀ ਦੀ ਜੀਵਨੀ ਤੇ ਸੰਘਰਸ਼ 'ਤੇ ਲੇਖ ਲਿਖਿਆ ਤਾਂ ਉਸ ਨੇ ਲੇਖ 'ਚ ਦਿੱਤੀ ਵਿਸਥਾਰਤਾ ਨੂੰ ਬਹੁਤ ਪਸੰਦ ਕੀਤਾ ਤੇ ਮੈਨੂੰ ਫੋਨ ਕਰਕੇ ਕਿਹਾ ਕਿ ਗੁਰੂ ਜੀ; 'ਏਨੀ ਵੱਡੀ ਵਿਸਥਾਰ 'ਚ ਇਸ ਸ਼ਖਸੀਅਤ ਬਾਰੇ ਪਹਿਲਾਂ ਕਿਸੇ ਨੇ ਵੀ ਜਾਣਕਾਰੀ ਨਹੀਂ ਦਿੱਤੀ।' ਉਸ ਨੇ ਮੇਰੇ ਇਸ ਲੇਖ ਨੂੰ ਇੰਟਰਨੈਟ ਤੇ ਫੇਸਬੁੱਕ ਰਾਹੀਂ ਅੰਤਰ ਰਾਸ਼ਟਰੀ ਪੱਧਰ ਤੇ ਪਸਾਰਿਆ। ਉਸ ਨੇ ਆਪਣੇ ਬਹੁਜਨ ਸਮਾਜ ਦੀ ਦਿਲੋਂ, ਜਾਨ ਨਾਲ ਨਿਸ਼ਕਾਮ ਸੇਵਾ ਕੀਤੀ। ਜਿਸ ਨੂੰ ਉਸ ਦਾ ਸਮਾਜ ਕਦੇ ਭੁਲਾਅ ਨਹੀਂ ਸਕਦਾ। ਮਾਨੋਂ ਉਹ ਆਪਣੇ ਬਹੁਜਨ ਸਮਾਜ ਦਾ ਇਕ ਮਘਦਾ ਸੂਰਜ ਸੀ ਜੋ ਇਸ ਸਮਾਜ ਦੇ ਵਿਹੜਿਆਂ 'ਚ ਚਾਨਣ ਖਿਲਾਰ ਕੇ ਸਦਾ ਲਈ ਅਸਤ ਹੋ ਗਿਆ ਹੈ। ਮੈਨੂੰ ਇੱਥੇ ਪੰਜਾਬੀ ਸਾਹਿਤ ਦੇ ਮਹਾਨ ਜੁਝਾਰਵਾਦੀ ਕਵੀ ਸੰਤ ਰਾਮ ਉਦਾਸੀ ਦੀ ਕਵਿਤਾ ਦੀਆਂ ਸੱਤਰਾਂ ਯਾਦ ਆਉਂਦੀਆਂ ਹਨ, ਜਿਹਨਾਂ ਦਾ ਭਾਵ ਅਰਥ ਮੇਰੀਆਂ ਉਕਤ ਸੱਤਰਾਂ ਨਾਲ ਬਿਲਕੁਲ ਮੇਲ ਖਾਂਦਾ ਹੈ:

'ਧਰਤੀ ਮਾਂ ਦੀ ਗੋਦ ਨੂੰ ਪੁੱਤ ਹੋਰ ਬਥੇਰੇ,
ਮਘਦਾ ਰਹੀ ਵੇ ਸੂਰਜਾ ਕੰਮੀਆਂ ਦੇ ਵਿਹੜੇ।'

ਉਸ ਦਾ ਜਨਮ ਮਾਰਚ 2, 1958 ਨੂੰ ਪਿਤਾ ਸਵਰਗਵਾਸੀ ਸ੍ਰੀ ਪੰਜਾਬ ਰਾਏ ਚੁੰਬਰ ਐਮ. ਏ. ਅਰਥ ਸ਼ਾਸਤਰ ਤੇ ਮਾਤਾ ਸ੍ਰੀਮਤੀ ਬਿਸ਼ਨ ਕੌਰ ਚੁੰਬਰ ਦੇ ਘਰ ਪਿੰਡ ਹੁਸੈਨਾਬਾਦ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਵਿਖੇ ਹੋਇਆ। ਉਸ ਨੇ ਆਪਣੀ ਮੁਢਲੀ ਸਿੱਖਿਆ ਆਪਣੇ ਜੱਦੀ ਪਿੰਡ ਹੁਸੈਨਬਾਦ ਤੋਂ ਹੀ ਕੀਤੀ ਤੇ ਪੰਜਵੀਂ ਜਮਾਤ ਦੀ ਸਾਲਾਨਾ ਪ੍ਰੀਖਿਆ 'ਚੋਂ ਜ਼ਿਲ੍ਹੇ ਭਰ 'ਚੋਂ ਪਹਿਲੇ ਸਥਾਨ 'ਤੇ ਰਹਿ ਕੇ ਵਜ਼ੀਫਾ ਪ੍ਰਾਪਤ ਕੀਤਾ। ਇਸ ਉਪਰੰਤ ਸੰਨ 1969 'ਚ ਉਸ ਨੇ ਸਰਕਾਰੀ ਹਾਈ ਸਕੂਲ ਸ਼ੰਕਰ, ਜ਼ਿਲ੍ਹਾ ਜਲੰਧਰ 'ਚ ਛੇਵੀਂ ਜਮਾਤ 'ਚ ਦਾਖਲਾ ਲੈ ਲਿਆ। ਸੰਨ 1971 ਵਿਚ ਫਿਰ ਉਸ ਨੇ ਅੱਠਵੀਂ ਜਮਾਤ ਦੀ ਬੋਰਡ ਦੀ ਪ੍ਰੀਖਿਆ ਇਸੇ ਹੀ ਸਕੂਲ ਤੋਂ ਜ਼ਿਲ੍ਹੇ ਭਰ 'ਚੋਂ ਪਹਿਲੇ ਸਥਾਨ 'ਤੇ ਮੈਰਿਟ 'ਚ ਰਹਿ ਕੇ ਪਾਸ ਕੀਤੀ। ਇਸੇ ਹੀ ਤਰ੍ਹਾਂ ਮਿਹਨਤ ਕਰਦਾ ਉਹ ਅੱਗੇ ਵਧਦਾ ਗਿਆ ਤੇ ਸੰਨ 1973 'ਚ ਬੋਰਡ ਦੀ ਦਸਵੀਂ ਜਮਾਤ ਦੀ ਪ੍ਰੀਖਿਆ ਫਿਰ ਜ਼ਿਲ੍ਹੇ 'ਚੋਂ ਮੈਰਿਟ 'ਤੇ ਪਹਿਲੇ ਨੰਬਰ 'ਤੇ ਰਹਿ ਕੇ ਪਾਸ ਕੀਤੀ। ਉਸ ਦੀਆਂ ਇਹਨਾਂ ਉਪਲਬਧੀਆਂ ਨੂੰ ਅੱਜ ਵੀ ਉਕਤ ਸਕੂਲ ਦੇ ਮੈਰਿਟ ਆਨਰ ਬੋਰਡ 'ਤੇ ਦਰਜ ਹੋਇਆ ਦੇਖਿਆ ਜਾ ਸਕਦਾ ਹੈ। ਉਸਨੇ ਬੀ. ਏ. ਦੀ ਪ੍ਰੀਖਿਆ ਖਰੈਤੀ ਰਾਮ ਮਹਿੰਦਰੂ ਡੀ. ਏ. ਵੀ. ਕਾਲਜ ਨਕੋਦਰ, ਜ਼ਿਲ੍ਹਾ ਜਲੰਧਰ ਤੋਂ 1977 'ਚ ਪਾਸ ਕੀਤੀ।

ਦਸਵੀਂ ਪਾਸ ਕਰਨ ਤੋਂ ਬਾਅਦ ਜਦੋਂ ਉਹ ਕਾਲਜ 'ਚ ਤੇ ਨੌਕਰੀ 'ਚ ਗਿਆ ਤਾਂ ਉਹ ਲਗਾਤਾਰ ਆਪਣੇ ਅਧਿਆਪਕਾਂ ਨੂੰ ਸਨਮਾਨ ਵਜੋਂ ਹਰ ਸਾਲ ਨਵੇਂ ਸਾਲ 'ਤੇ ਵਧਾਈ ਦਾ ਕਾਰਡ ਕਈ ਸਾਲਾਂ ਤੱਕ ਭੇਜਦਾ ਰਿਹਾ। ਇਸ ਤੋਂ ਉਸ ਦੀ ਉੱਚੀ ਸੋਚ ਦਾ ਪਤਾ ਲੱਗਦਾ ਹੈ ਕਿ ਉਹ ਆਪਣੇ ਅਧਿਆਪਕਾਂ ਦਾ ਕਿੰਨਾ ਸਤਿਕਾਰ ਕਰਦਾ ਸੀ। ਇਹੋ ਸਤਿਕਾਰਤ ਵਤੀਰਾ ਉਸ ਦਾ ਆਪਣੇ ਘਰ ਦੇ ਪਰਿਵਾਰਕ ਮੈਂਬਰਾਂ ਤੇ ਸਮਾਜ ਨਾਲ ਵੀ ਇੰਝ ਹੀ ਸੀ।

ਆਪਣੀ ਪੜ੍ਹਾਈ ਖਤਮ ਕਰਨ ਉਪਰੰਤ ਉਹ ਤਹਿਸੀਲ ਭਲਾਈ ਅਫਸਰ ਚੁਣਿਆ ਗਿਆ ਤੇ ਉਸ ਦੀ ਨਿਯੁਕਤੀ ਤਰਨਤਾਰਨ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਈ। ਥੋੜ੍ਹਾ ਸਮਾਂ ਨੌਕਰੀ ਕਰਨ ਉਪਰੰਤ ਉਸ ਨੇ ਇਸ ਨੌਕਰੀ ਨੂੰ ਤਿਆਗ ਦਿੱਤਾ ਤੇ ਪੂਰੇ ਸਮੇਂ ਲਈ ਆਪਣੇ ਸਮਾਜ ਦੀ ਸੇਵਾ 'ਚ ਜੁੱਟ ਗਿਆ।ਇਸ ਉਪਰੰਤ ਉਸ ਨੇ 'ਬਹੁਜਨ ਸਮਾਜ ਪਾਰਟੀ' 'ਚ ਆਪਣੀ ਸ਼ਮੂਲੀਅਤ ਕਰ ਲਈ ਤੇ ਪੱਕੇ ਤੌਰ 'ਤੇ ਬਾਬੂ ਕਾਂਸ਼ੀ ਰਾਮ ਜੀ ਨਾਲ ਜੁੜ ਗਿਆ।ਉਸ ਸਮੇਂ ਪੰਜਾਬ 'ਚ 'ਦਲਿਤ ਲਹਿਰ' ਚੱਲ ਰਹੀ ਸੀ। ਇਸ ਲਹਿਰ ਨੂੰ ਚਰਮ ਸੀਮਾ 'ਤੇ ਪਹੁੰਚਾਉਣ ਲਈ ਉਸ ਨੇ ਬਾਬੂ ਕਾਂਸ਼ੀ ਰਾਮ ਜੀ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕੀਤਾ। ਇਸ ਪਾਰਟੀ 'ਚ ਕੰਮ ਕਰਦਿਆਂ ਉਸ ਨੇ 'ਦਲਿਤ ਪ੍ਰਿੰਟ ਮੀਡੀਆ ਪੰਜਾਬ' ਦੀ ਸਥਾਪਨਾ ਲਈ ਮੁੱਖ ਭੂਮਿਕਾ ਨਿਭਾਈ।

ਮਿਤੀ ਨਵੰਬਰ 19, 1985 ਨੂੰ ਉਸ ਨੇ ਆਪਣੇ 'ਕੌਮੀ ਉਡਾਰੀਆਂ' ਮੈਗਜ਼ੀਨ ਦੀ ਸੰਪਾਦਨਾ ਸ਼ੁਰੂ ਕੀਤੀ। ਇਸ ਮੈਗਜ਼ੀਨ ਰਾਹੀਂ ਉਸ ਨੇ ਆਪਣੇ ਦਲਿਤ ਸਮਾਜ ਦੀਆਂ ਸਮੱਸਿਆਵਾਂ ਨੂੰ ਉਭਾਰਿਆ ਤੇ ਆਪਣੇ ਸਮਾਜ ਨਾਲ ਗੂੜ੍ਹੀ ਸੱਜਣਤਾਈ ਗੰਢ ਲਈ।ਉਸ ਦੇ ਇਸ ਮੈਗਜ਼ੀਨ ਨਾਲ ਸਮਾਜ ਦੇ ਹਜ਼ਾਰਾਂ ਦੀ ਗਿਣਤੀ 'ਚ ਪਾਠਕ ਜੁੜ ਗਏ। ਇਸ ਮੈਗਜ਼ੀਨ ਦੀਆਂ ਲਿਖਤਾਂ ਨਾਲ ਹੀ ਉਸ ਨੇ ਆਪਣੀ ਬੌਧਿਕਤਾ ਦੀ ਪੈਂਠ ਬਣਾਈ। ਇਸ 'ਚ ਦਲਿਤ ਸਾਹਿਤ ਤੇ ਦਲਿਤ ਇਤਿਹਾਸ 'ਤੇ ਆਪਣੇ ਸਮਾਜ ਨੂੰ ਜੋੜਨ ਲਈ ਤੇ ਉਸ ਦੀ ਤਰੱਕੀ ਲਈ ਖੂਬ ਕਲਮ ਚਲਾਈ। ਆਪਣੇ ਦਲਿਤ ਸਮਾਜ ਨੂੰ 'ਮਾਨਵ ਬਰਾਬਰੀ' ਦੁਆਉਣ ਲਈ ਮਾਨਵਵਾਦੀ ਕਦਰਾਂ-ਕੀਮਤਾਂ 'ਤੇ ਲਿਖਿਆ। ਉਹ 'ਬਹੁਜਨ ਸਮਾਜ ਬੁਲਿਟਨ' ਹਫਤਾਵਾਰੀ ਅਖ਼ਬਾਰ ਦੇ 'ਰੈਜ਼ੀਡੈਂਟ ਐਡੀਟਰ' ਸਨ। ਜਿਸਨੂੰ ਬਾਬੂ ਕਾਂਸ਼ੀ ਰਾਮ ਜੀ ਨੇ ਜਾਰੀ ਕੀਤਾ ਸੀ। ਉਸ ਨੇ ਉੱਤਰੀ ਜਲੰਧਰ ਹਲਕੇ ਤੋਂ 1992 'ਚ ਵਿਧਾਨ ਸਭਾ ਹਲਕੇ ਦੀ ਬਸਪਾ ਵੱਲੋਂ ਚੋਣ ਵੀ ਲੜੀ ਸੀ। ਉਸ ਨੇ ਮੰਡਲ ਕਮਿਸ਼ਨ ਸੰਘਰਸ਼ ਸਮਿਤੀ ਦੁਆਰਾ ਬੀ. ਸੀ. ਸ਼੍ਰੇਣੀ ਵਾਸਤੇ 27 ਫੀਸਦੀ ਰਾਖਵੇਂਕਰਨ ਦੀ ਮੰਗ ਜ਼ੋਰਦਾਰ ਤਰੀਕੇ ਨਾਲ ਉਠਾਈ ਤੇ ਆਦਿ ਧਰਮ ਦੀ ਲਹਿਰ ਦੇ ਬਾਨੀ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੀ ਤਸਵੀਰ ਦੇਸ਼ ਭਗਤ ਯਾਦਗਾਰੀ ਹਾਲ ਜਲੰਧਰ ਵਿਖੇ ਲਗਵਾਈ।



ਉਸ ਨੇ ਆਪਣੇ ਸਮਾਜ 'ਚ ਤੇ ਇਸ ਤੋਂ ਬਾਹਰ ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ ਜੀ ਦੁਆਰਾ ਸਥਾਪਤ 'ਆਦਿ ਧਰਮ ਲਹਿਰ' ਲਈ ਸਿਰਤੋੜ ਯਤਨ ਕੀਤੇ। ਉਸ ਨੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੀ ਜੀਵਨੀ, ਗਦਰ ਪਾਰਟੀ 'ਚ ਪਾਏ ਉਨ੍ਹਾਂ ਦੇ ਮਹਾਨ ਯੋਗਦਾਨ ਤੇ 'ਆਦਿ-ਧਰਮ ਲਹਿਰ' ਲਈ ਪਾਏ ਉਨ੍ਹਾਂ ਦੇ ਪੂਰਨਿਆਂ 'ਤੇ ਇਕ ਯਾਦਗਾਰੀ 'ਸੋਵੀਨਾਰ' ਕੱਢਿਆ, ਜਿਸ ਦੀ ਦਲਿਤ ਸਮਾਜ 'ਚ ਤੇ ਗਦਰ ਪਾਰਟੀ ਦੀਆਂ ਸਥਾਪਤ ਅਨੇਕਾਂ ਸੰਸਥਾਵਾਂ 'ਚ ਬੜੀ ਚਰਚਾ ਹੋਈ ਤੇ ਉਸ ਨੂੰ ਕਈ ਸਨਮਾਨਾਂ ਨਾਲ ਨਿਵਾਜਿਆ ਵੀ ਗਿਆ। ਇਹ ਉਸ ਲਈ ਇਕ ਇਤਿਹਾਸਕ ਲਮਹਾ ਸੀ। ਮਿਤੀ ਜੂਨ 11, 2000 ਨੂੰ ਉਸ ਨੇ 1931 ਦੀ ਆਦਿ-ਧਰਮ ਰਿਪੋਰਟ ਪ੍ਰਕਾਸ਼ਿਤ ਕੀਤੀ, ਜਿਸ 'ਚ 500 ਮੈਂਬਰਾਂ ਦੇ ਨਾਮ ਸ਼ਾਮਲ ਸਨ। ਇਨ੍ਹਾਂ ਨਾਵਾਂ ਦੀ ਪਹਿਲਾਂ ਕਿਸੇ ਨੂੰ ਕੋਈ ਜਾਣਕਾਰੀ ਨਹੀਂ ਸੀ। ਇਹ ਉਸ ਦਾ ਇਕ ਖੋਜ ਭਰਪੂਰ ਉਪਰਾਲਾ ਸੀ।

ਆਪਣੇ ਸਮਾਜ ਦੀ ਸੇਵਾ ਦੇ ਨਾਲ-ਨਾਲ ਉਹ ਆਪਣੇ ਪਰਿਵਾਰ ਪ੍ਰਤੀ ਵੀ ਅਵੇਸਲਾ ਨਹੀਂ ਹੋਇਆ। ਉਸ ਨੇ ਆਪਣੇ ਚਾਰੋਂ ਬੱਚਿਆਂ, ਦੋ ਲੜਕੇ ਕੁਮਾਰਜੀਵ ਚੁੰਬਰ ਤੇ ਜਨਸੰਗਰਾਮ ਚੁੰਬਰ ਤੇ ਦੋ ਲੜਕੀਆਂ, ਰਵਜੋਤ ਤੇ ਅਮਨਦੀਪ ਨੂੰ ਉੱਚ ਸਿੱਖਿਆ ਦਿੱਤੀ। ਉਹ ਚੰਗੀ ਤਰ੍ਹਾਂ ਜਾਣਦਾ ਸੀ ਤੇ ਅਕਸਰ ਕਿਹਾ ਕਰਦਾ ਸੀ ਕਿ ਬਿਨਾਂ ਵਿੱਦਿਆ ਦੇ ਕੁਝ ਵੀ ਹਾਸਲ ਨਹੀਂ ਕੀਤਾ ਜਾ ਸਕਦਾ। ਗਰੀਬੀ ਦਾ ਮੁੱਖ ਕਾਰਨ ਅਨਪੜ੍ਹਤਾ ਹੀ ਹੈ। ਅਗਰ ਮਾਨਵ ਨੇ ਆਪਣੇ ਘਰ ਤੇ ਸਮਾਜ ਦਾ ਪੱਧਰ ਉੱਚਾ ਚੁੱਕਣਾ ਹੈ ਤਾਂ ਇਹ ਬਿਨਾਂ ਵਿੱਦਿਆ ਹਾਸਲ ਕੀਤਿਆਂ ਨਾਮੁਮਕਿਨ ਹੈ। ਦਲਿਤ ਸਮਾਜ ਦੀ ਗੱਲ ਕਰਦਿਆਂ ਉਹ ਕਹਿੰਦਾ ਸੀ ਕਿ ਸਦੀਆਂ ਤੋਂ ਇਸ ਸਮਾਜ ਨੂੰ ਵਿਤਕਰੇ ਦੀ ਭਾਵਨਾ ਨਾਲ ਵਿੱਦਿਆ ਪ੍ਰਾਪਤ ਕਰਨ ਤੋਂ ਵਾਂਝਾ ਰੱਖਿਆ ਹੋਣ ਕਰਕੇ ਅੱਜ ਇਹ ਸਮਾਜ ਪੱਛੜਿਆ ਹੋਇਆ ਹੈ। ਇਸ ਸਮਾਜ 'ਚ ਜਾਗਰੂਕਤਾ ਦੀ ਘਾਟ ਹੈ ਤੇ ਜੋ ਸਮਾਜਿਕ ਨਾਬਰਾਬਰੀ ਦਾ ਵਿਤਕਰਾ ਕੀਤਾ ਜਾਂਦਾ ਹੈ, ਇਹ ਸਭ ਵਿੱਦਿਆ ਦੀ ਘਾਟ ਕਾਰਨ ਹੀ ਹੈ। ਇਸ ਦਲਿਤ ਸਮਾਜ ਦੀ ਦਸ਼ਾ ਸੁਧਾਰਨ ਲਈ ਬੱਚਿਆਂ ਨੂੰ ਵਿੱਦਿਆ ਹਾਸਲ ਕਰਾਉਣਾ ਸਾਡਾ ਮਾਤਾ-ਪਿਤਾ ਦਾ ਪਰਮ ਅਗੇਤ ਫਰਜ਼ ਬਣ ਜਾਂਦਾ ਹੈ।

ਉਸ ਦੀ ਪਤਨੀ ਸ੍ਰੀਮਤੀ ਸੰਤੋਸ਼ ਕੁਮਾਰੀ ਚੁੰਬਰ ਜੋ ਕਿੱਤੇ ਵਜੋਂ ਇਕ ਬਹੁਤ ਹੀ ਚੰਗੀ ਅਧਿਆਪਕਾ ਹੈ। ਉਹ ਬੜੀ ਸੁਸ਼ੀਲ, ਮਿਲਾਪੜੀ ਤੇ ਇਕ ਮਿਹਨਤੀ ਸੁਭਾਅ ਵਾਲੀ ਨਾਰੀ ਹੈ। ਭਾਵੇਂ ਉਸ ਦੇ ਪਤੀ ਭਾਵ ਸ੍ਰੀ ਸੀ. ਐਲ. ਚੁੰਬਰ ਪਾਸ ਸਮਾਜ ਸੇਵਾ ਦੇ ਰੁਝੇਵਿਆਂ ਕਾਰਨ ਆਪਣੇ ਪਰਿਵਾਰ ਲਈ ਸਮਾਂ ਘੱਟ ਹੁੰਦਾ ਸੀ ਪਰ ਫਿਰ ਵੀ ਇਹ ਸਮੇਂ ਦੀ ਘਾਟ, ਉਸ ਨੇ ਆਪਣੇ ਪਰਿਵਾਰ 'ਚ ਮਹਿਸੂਸ ਨਹੀਂ ਹੋਣ ਦਿੱਤੀ। ਉਸ ਨੇ ਆਪਣੀ ਨੌਕਰੀ ਦੇ ਨਾਲ-ਨਾਲ ਆਪਣੇ ਘਰ ਦੇ ਛੋਟੇ ਮੋਟੇ ਸਾਰੇ ਕੰਮਾਂ ਨੂੰ ਵੀ ਬੜੀ ਜ਼ਿੰਮੇਵਾਰੀ ਨਾਲ ਸੰਭਾਲਿਆ ਹੋਇਆ ਸੀ ਤੇ ਉਹ ਆਪਣੇ ਪਤੀ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਦੀ ਸੀ। ਉਸ ਨੇ ਆਪਣੇ ਪਤੀ ਦੀਆਂ ਜੀਵਨ 'ਚ ਆਈਆਂ ਸਭ ਔਕੜਾਂ ਦਾ ਪੂਰੀ ਤਨਦੇਹੀ ਨਾਲ ਸਾਥ ਦਿੱਤਾ।

ਸ੍ਰੀ ਸੀ. ਐਲ. ਚੁੰਬਰ ਤੋਂ ਤਿੰਨ ਭਰਾ ਛੋਟੇ ਹਨ। ਜਿਹਨਾਂ ਦੇ ਨਾਮ ਹਨ ਸ੍ਰੀ ਪ੍ਰੇਮ ਕੁਮਾਰ ਚੁੰਬਰ, ਸ੍ਰੀ ਤਰਸੇਮ ਲਾਲ ਚੁੰਬਰ ਤੇ ਸ੍ਰੀ ਰਵੀ ਪ੍ਰਕਾਸ਼ ਚੁੰਬਰ। ਇਹਨਾਂ ਤਿੰਨਾਂ ਭਰਾਵਾਂ ਤੇ ਤਿੰਨ ਭੈਣਾਂ ਦੇ ਸਿਰਾਂ ਤੇ ਵੀ ਹਮੇਸ਼ਾ ਆਪਣੇ ਵੱਡੇ ਭਰਾ ਦਾ ਹੱਥ ਰਿਹਾ। ਸ੍ਰੀ ਸੀ. ਐਲ. ਚੁੰਬਰ ਤੇ ਉਨ੍ਹਾਂ ਦੀ ਪਤਨੀ ਸ੍ਰੀਮਤੀ ਸੰਤੋਸ਼ ਕੁਮਾਰੀ ਨੇ ਬਿਨਾਂ ਕਿਸੇ ਵਿਤਕਰੇ ਦੇ ਆਪਣੇ ਛੋਟੇ ਭਰਾਵਾਂ ਤੇ ਭੈਣਾਂ ਦੀ ਹਮੇਸ਼ਾ ਮਦਦ ਕੀਤੀ। ਇਨ੍ਹਾਂ ਭਰਾਵਾਂ ਤੇ ਭੈਣਾਂ ਦੇ ਪਿਤਾ ਸ੍ਰੀ ਪੰਜਾਬ ਰਾਏ ਚੁੰਬਰ ਜੀ ਦੀ ਮੌਤ ਉਸ ਸਮੇਂ ਹੋਈ ਜਦੋਂ ਇਹ ਬੱਚੇ ਅਜੇ ਬਹੁਤ ਛੋਟੀ ਉਮਰ 'ਚ ਹੀ ਸਨ। ਇਨ੍ਹਾਂ ਦੀ ਮਾਤਾ ਸ੍ਰੀਮਤੀ ਬਿਸ਼ਨ ਕੌਰ ਚੁੰਬਰ ਨੇ ਬੜੇ ਸੰਘਰਸ਼ 'ਚੋਂ ਗੁਜ਼ਰ ਕੇ ਆਪਣੇ ਛੋਟੇ ਬੱਚਿਆਂ ਦਾ ਪਾਲਣ-ਪੋਸ਼ਣ ਕੀਤਾ ਤੇ ਸਭ ਨੂੰ ਚੰਗੀ ਵਿੱਦਿਆ ਦਿੱਤੀ ਤੇ ਰੁਜ਼ਗਾਰ ਦੇ ਕਾਬਲ ਬਣਾਇਆ। ਸ੍ਰੀ ਸੀ. ਐਲ. ਚੁੰਬਰ ਨੇ ਆਪਣੇ ਛੋਟੇ ਭਰਾਵਾਂ ਤੇ ਭੈਣਾਂ ਦਾ ਜੀਵਨ ਚੰਗਾ ਬਣਾਉਣ ਲਈ ਖੁਦ ਬੜੀ ਮਿਹਨਤ ਕੀਤੀ ਤੇ ਆਪਣੇ ਛੋਟੇ ਭੈਣ-ਭਰਾਵਾਂ ਦੀ ਯੋਗ ਅਗਵਾਈ ਕੀਤੀ ਤੇ ਕਿਸੇ ਤਰ੍ਹਾਂ ਦੀ ਉਹਨਾਂ ਨੂੰ ਮੁਸ਼ਕਿਲ ਦਾ ਸਾਹਮਣਾ ਨਹੀਂ ਕਰਨ ਦਿੱਤਾ।

ਇਸ ਬੜੇ ਸੰਘਰਸ਼ ਨਾਲ ਸਾਰੇ ਪਰਿਵਾਰ ਨੂੰ ਆਪਣੀ-ਆਪਣੀ ਮੰਜ਼ਿਲ ਤੇ ਪਹੁੰਚਾਇਆ। ਵੱਡੇ ਭਰਾ ਨੇ ਬਾਪ ਦਾ ਫਰਜ਼ ਨਿਭਾਇਆ ਤੇ ਕਦੀ ਪਰਿਵਾਰ ਨੂੰ ਆਪਣੇ ਪਿਤਾ ਦੀ ਘਾਟ ਮਹਿਸੂਸ ਨਹੀਂ ਹੋਣ ਦਿੱਤੀ। ਅੱਜ ਸਾਰਾ ਪਰਿਵਾਰ ਵੱਡੇ ਭਰਾ ਦੀ ਯੋਗ ਅਗਵਾਈ ਸਦਕਾ ਦਿਨ ਦੂਣੀ ਤੇ ਰਾਤ ਚੌਗੁਣੀ ਮਿਹਨਤ ਕਰਕੇ ਉੱਚ ਮੁਕਾਮ 'ਤੇ ਪਹੁੰਚੇ ਹੋਏ ਹਨ।

ਸ੍ਰੀ ਪ੍ਰੇਮ ਕੁਮਾਰ ਚੁੰਬਰ ਅੱਜਕਲ੍ਹ ਅਮਰੀਕਾ ਦੀ ਕੈਲੇਫੋਰਨੀਆ ਸਟੇਟ 'ਚ ਸਥਾਪਤ ਹੈ ਤੇ ਉਹ ਦੋ ਸਪਤਾਹਿਕ ਅਖ਼ਬਾਰਾਂ 'ਅੰਬੇਦਕਰ ਟਾਈਮਜ਼' ਤੇ 'ਦੇਸ਼ ਦੁਆਬਾ' ਦਾ ਮੁੱਖ ਸੰਪਾਦਕ ਹੈ। ਉਹ ਇਹਨਾਂ ਅਖ਼ਬਾਰਾਂ ਰਾਹੀਂ ਆਪਣੇ ਸਮਾਜ ਦੀ ਸੇਵਾ ਕਰ ਰਿਹਾ ਹੈ। ਉਸ ਨੇ ਆਪਣੀਆਂ ਅਖ਼ਬਾਰਾਂ ਦੀ ਸੰਪਾਦਨਾ, ਪੰਜਾਬੀ ਮਾਂ ਬੋਲੀ ਦੀ ਸੇਵਾ ਤੇ ਸਮਾਜ ਸੇਵਾ ਨਾਲ ਅੱਜ ਆਪਣਾ ਨਾਮ ਅੰਤਰ ਰਾਸ਼ਟਰੀ ਪੱਧਰ 'ਤੇ ਬਣਾਇਆ ਹੋਇਆ ਹੈ ਤੇ ਉਸ ਦਾ ਨਾਮ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਸ੍ਰੀ ਪ੍ਰੇਮ ਕੁਮਾਰ ਚੁੰਬਰ ਦਾ ਇਹ ਮੰਨਣਾ ਹੈ ਕਿ ਇਸ ਉਪਲਬਧੀ ਪਿੱਛੇ ਉਸ ਦੇ ਵੱਡੇ ਭਰਾ ਸ੍ਰੀ ਸੀ. ਐਲ. ਚੁੰਬਰ ਦੀ ਯੋਗ ਅਗਵਾਈ ਤੇ ਸਾਡੇ ਸਿਰ 'ਤੇ ਵੱਡੇ ਭਰਾ ਦਾ ਹੱਥ ਹੈ। ਉਹ ਆਪਣੇ ਵੱਡੇ ਭਰਾ ਦਾ ਬਹੁਤ ਸਤਿਕਾਰ ਕਰਦਾ ਹੈ ਕਿਉਂਕਿ ਉਸ ਦੇ ਭਰਾ ਨੇ ਕਦੇ ਵੀ ਉਨ੍ਹਾਂ ਨੂੰ ਬਾਪ ਦੀ ਘਾਟ ਮਹਿਸੂਸ ਨਹੀਂ ਹੋਣ ਦਿੱਤੀ।

ਸ੍ਰੀ ਸੀ. ਐਲ. ਚੁੰਬਰ ਨੂੰ ਦੁਨੀਆਂ ਭਰ ਦੇ ਵੱਡੇ ਵਿਦਵਾਨਾਂ ਦੀਆਂ ਮਹਾਨ ਰਚਨਾਵਾਂ ਤੇ ਕਿਤਾਬਾਂ ਪੜ੍ਹਨ ਦਾ ਬੜਾ ਸ਼ੌਂਕ ਸੀ। ਉਹ ਚੰਗੀ ਕਿਤਾਬ ਨੂੰ ਖਰੀਦਣ ਲਈ ਜ਼ਰਾ ਵੀ ਦੇਰ ਨਹੀਂ ਕਰਦਾ ਸੀ। ਆਪਣੀ ਕਮਾਈ 'ਚੋਂ ਜੋ ਉਸ ਦੀ ਬੱਚਤ ਹੁੰਦੀ, ਉਹ ਉਸ ਦੀਆਂ ਕਿਤਾਬਾਂ ਹੀ ਖਰੀਦਦਾ ਸੀ। ਅੱਜ ਉਸ ਦੇ ਘਰ ਇਕ ਵੱਡੀ ਲਾਇਬ੍ਰੇਰੀ ਮੌਜੂਦ ਹੈ। ਉਹ ਜਿਹੜੀ ਵੀ ਪੁਸਤਕ ਪੜ੍ਹਦਾ ਉਸ ਦੇ ਨੋਟਿਸ ਤਿਆਰ ਕਰ ਲੈਂਦਾ ਸੀ। ਇਸ ਕਰਕੇ ਹੀ ਉਸ ਦਾ ਗਿਆਨ ਭੰਡਾਰ ਬੜਾ ਵਸੀਹ ਸੀ ਤੇ ਉਹ ਕਿਸੇ ਵੀ ਵਿਸ਼ੇ 'ਤੇ ਹਾਰਦਾ ਨਹੀਂ ਸੀ ਤੇ ਆਪਣੀ ਗੱਲ ਗਿਆਨ ਤੇ ਦਲੀਲ ਨਾਲ ਮਨਾ ਲੈਂਦਾ ਸੀ।

ਉਹ ਕਈ ਵਾਰ ਮੇਰੇ ਨਾਲ ਕਈ ਵਿਸ਼ਿਆਂ 'ਤੇ ਚਰਚਾ ਕਰਦਾ ਰਹਿੰਦਾ ਸੀ ਤੇ ਉਸ ਦੇ ਵਿਸ਼ਾਲ ਗਿਆਨ 'ਤੇ ਮੈਨੂੰ ਬੜਾ ਫਖਰ ਸੀ ਕਿ ਉਹ ਮੇਰਾ ਸਿੱਖਿਆਰਥੀ ਹੈ। ਇਹ ਚਾਰੋ ਭਰਾ ਹੀ ਮੇਰੇ ਵਿਦਿਆਰਥੀ ਹਨ ਤੇ ਸਾਰੇ ਭਰਾ ਹੀ ਪੜ੍ਹਾਈ 'ਚ ਬੜੇ ਹੁਸ਼ਿਆਰ ਸਨ ਤੇ ਆਪਣੇ ਪੁਰਾਣੇ ਅਧਿਆਪਕਾਂ ਦਾ ਬੜਾ ਸਤਿਕਾਰ ਕਰਦੇ ਹਨ। ਇਹ ਹਲੀਮੀ ਤੇ ਸਤਿਕਾਰ ਦੀ ਭਾਵਨਾ ਹੀ ਉਨ੍ਹਾਂ ਨੂੰ ਆਪਣੀ ਮੰਜ਼ਿਲ 'ਤੇ ਪਹੁੰਚਾਉਣ 'ਚ ਸਹਾਈ ਹੋਈ ਹੈ।

ਸ੍ਰੀ ਸੀ. ਐਲ. ਚੁੰਬਰ ਨੇ ਬੜੀ ਨਿਡਰਤਾ ਨਾਲ ਆਪਣੀ ਕਲਮ ਚਲਾਈ। ਆਪਣੀ ਤਿੱਖੀ ਤੇ ਤੇਜ਼-ਤਰਾਰ ਲੇਖਣੀ ਕਾਰਨ ਉਸ ਨੇ ਦਲਿਤ ਸਮਾਜ ਦੀਆਂ ਸਮੱਸਿਆਵਾਂ ਨੂੰ ਸਮਾਜ ਸਾਹਮਣੇ ਰੱਖਿਆ ਤੇ ਸਮੱਸਿਆਵਾਂ ਦੇ ਹੱਲ ਲਈ ਸੁਝਾਅ ਵੀ ਦਿੱਤੇ।

ਦਲਿਤ ਸਾਹਿਤ ਤੇ ਇਸ ਦੇ ਸੁਨਹਿਰੀ ਇਤਿਹਾਸ ਦੀ ਆਪਣੇ ਪਾਠਕਾਂ ਨੂੰ ਭਰਪੂਰ ਜਾਣਕਾਰੀ ਦਿੱਤੀ। ਦਲਿਤ ਮਾਨਵ ਦੀ ਸਮਾਜਿਕ ਬਰਾਬਰੀ ਲਈ ਸਾਰੀ ਉਮਰ ਸੰਘਰਸ਼ ਕੀਤਾ ਤੇ ਆਪਣੀ ਹਰ ਲੇਖਣੀ ਨੂੰ ਮਾਨਵਵਾਦ ਨਾਲ ਜੋੜ ਕੇ ਮਾਨਵਵਾਦੀ ਨਜ਼ਰੀਏ ਨਾਲ ਲਿਖਿਆ ਤਾਂ ਕਿ ਦਲਿਤ ਮਾਨਵ ਨੂੰ ਸਮਾਜਿਕ ਬਰਾਬਰੀ ਦਾ ਰੁਤਬਾ ਮਿਲ ਸਕੇ। ਉਸ ਨੂੰ ਇਸ ਤਰ੍ਹਾਂ ਦੀ ਲੇਖਣੀ ਦਾ ਕਈ ਵਾਰ ਵਿਰੋਧ ਵੀ ਝੱਲਣਾ ਪਿਆ ਪਰ ਉਸ ਨੇ ਇਸ ਵਿਰੋਧ ਦੀ ਪਰਵਾਹ ਨਹੀਂ ਕੀਤੀ ਸਗੋਂ ਹੋਰ ਤਕੜੇ ਹੋ ਕੇ ਇਸ ਦਾ ਮੁਕਾਬਲਾ ਕੀਤਾ।

ਬਹੁਜਨ ਸਮਾਜ ਲਈ ਕੀਤੀ ਗਈ ਉਨ੍ਹਾਂ ਦੀ ਸੇਵਾ ਨੂੰ ਸਮਾਜ ਕਦੇ ਭੁਲਾਅ ਨਹੀਂ ਸਕਦਾ। ਉਸਦੇ ਅਚਾਨਕ ਇਸ ਸੰਸਾਰ ਤੋਂ ਚਲੇ ਜਾਣ ਨਾਲ ਸਮਾਜ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਤੇ ਚੁੰਬਰ ਪਰਿਵਾਰ ਦਾ, ਉਨ੍ਹਾਂ ਪਾਸੋਂ ਇਕ ਅਨਮੋਲ ਹੀਰਾ ਹੱਥਾਂ 'ਚੋਂ ਨਿਕਲ ਗਿਆ ਹੈ ਜਿਸਦਾ ਵਿਛੋੜਾ ਸਦਾ ਉਨ੍ਹਾਂ ਨੂੰ ਮਹਿਸੂਸ ਹੁੰਦਾ ਰਹੇਗਾ। ਇਸ ਦੁੱਖ ਦੀ ਘੜੀ 'ਚ ਮੈਂ ਵਿਛੜੀ ਰੂਹ ਨੂੰ ਆਪਣੇ ਸ਼ਰਧਾ ਸੁੰਮਨ ਪੇਸ਼ ਕਰਦਾ ਹਾਂ ਤੇ ਪਿੱਛੇ ਚੁੰਬਰ ਪਰਿਵਾਰ ਨੂੰ ਭਾਣਾ ਮੰਨਣ ਤੇ ਬਲ ਬਖਸ਼ਣ ਲਈ ਤੇ ਵਿਛੜੀ ਰੂਹ ਦੀ ਆਤਮਕ ਸ਼ਾਂਤੀ ਲਈ ਅਰਦਾਸ ਕਰਦਾ ਹਾਂ।

# ਆਹ ! ਚੁੰਬਰ ਸਾਹਿਬ ਜੀ ! ! ਕਿੱਧਰ ਚਲੇ ਗਏ ! ! !



- ਫਤਿਹਜੰਗ ਸਿੰਘ
91-98726-70278

ਬਹੁਤ ਡੂੰਘਾ ਅਫਸੋਸ ਹੋਇਆ ਜਦੋਂ ਪ੍ਰੇਮ ਕੁਮਾਰ ਚੁੰਬਰ ਉਨ੍ਹਾਂ ਨੇ ਆਪਣੇ ਵੱਡੇ ਭਰਾ ਸੀ. ਐਲ. ਚੁੰਬਰ ਦੇ ਤੁਰ ਜਾਣ ਦੀ ਦੁਖਦਾਈ ਖ਼ਬਰ ਦਿੱਤੀ। ਉਹ ਗੱਲ ਕਰਦਿਆਂ ਹੀ ਫੁੱਟ ਪਏ ਅਤੇ ਗਲਾ ਰੁੰਧਿਆ ਗਿਆ। ਬਿਲਕੁਲ ਕੁਦਰਤੀ ਸੀ- ਪਿਓ ਵਰਗਾ ਵੱਡਾ ਭਰਾ ਜੋ ਹਰ ਤਰ੍ਹਾਂ ਨਾਲ ਆਪਣੇ ਛੋਟੇ ਭਰਾਵਾਂ ਨੂੰ ਬੱਚਿਆਂ ਵਾਂਗੂ ਪਿਆਰ ਕਰਦਾ ਹੋਵੇ, ਦੁੱਖ-ਸੁੱਖ ਵਿਚ ਜ਼ਿੰਦਗੀ ਦੇ ਹਰ ਖੇਤਰ ਵਿਚ ਹਰ ਵੇਲੇ ਸੱਜੀ-ਖੱਬੀ ਬਾਂਹ ਬਣ ਕੇ ਖਲੋਇਆ ਹੋਵੇ ਉਸਦੇ ਸਦਾ ਲਈ ਤੁਰ ਜਾਣ ਸਮੇਂ ਕਿਉਂ ਨਹੀਂ ਰੋਣਾ ਆਵੇਗਾ।

ਮੈਂ ਸੀ. ਐਲ. ਚੁੰਬਰ ਨੂੰ ਪਹਿਲੀ ਵਾਰ ਉਨੀ ਸੌ ਅੱਸੀਵਿਆਂ ਵਿਚ ਉਦੋਂ ਮਿਲਿਆ ਸੀ ਜਦੋਂ ਉਹ ਚੜ੍ਹਦੀ ਉਮਰੇ ਨਵੇਂ ਜੋਸ਼, ਨਵੇਂ ਵਿਚਾਰਾਂ ਨਾਲ ਲੈਸ, ਉਤਸ਼ਾਹ ਭਰਪੂਰ ਕੁਝ ਕਰ ਗੁਜ਼ਰਨ ਲਈ ਤਿਆਰ ਨੌਜਵਾਨ ਸੀ। ਮੈਂ ਉਸ ਵੇਲੇ 'ਬਹੁਜਨ ਲਹਿਰ' ਨਾਲ ਜੁੜਿਆ ਹਫਤਾਵਾਰੀ 'ਬਹੁਜਨ ਸੰਦੇਸ਼' ਦੀ ਐਡੀਟਿੰਗ ਦਾ ਕੰਮ ਕਰਦਾ ਸੀ। ਪੇਪਰ ਸਬੰਧੀ ਇਹਨਾਂ ਨੇ ਮੇਰੇ ਨਾਲ ਕਈ ਸਾਰਥਕ ਵਿਚਾਰ ਸਾਂਝੇ ਕੀਤੇ। ਬਾਬੂ ਮੰਗੂ ਰਾਮ ਮੁੱਗੋਵਾਲੀਆ ਬਾਰੇ ਬੜਾ ਵਿਸਥਾਰ ਪੂਰਵਕ ਵਿਚਾਰ ਵਟਾਂਦਰਾ ਕੀਤਾ, ਜਿਸ ਤੋਂ ਪ੍ਰਭਾਵਿਤ ਹੋ ਕੇ ਮੈਂ ਬਾਬੂ ਜੀ ਦੇ ਜਨਮ ਦਿਨ 'ਤੇ ਵਿਸ਼ੇਸ਼ ਅੰਕ ਕੱਢਣ ਦਾ ਵਿਚਾਰ ਬਣਾਇਆ। ਇਹ ਬਹੁਤ ਖੁਸ਼ ਹੋਏ ਅਤੇ ਬਾਬੂ ਜੀ ਸਬੰਧੀ ਕਾਫੀ ਮੈਟਰ ਅਤੇ ਫੋਟੋਆਂ ਉਪਲਬਧ ਕਰਵਾਈਆਂ। ਫਿਰ ਜਦੋਂ ਵੀ ਉਹ ਆਉਂਦੇ ਉਸਾਰੂ ਸੁਝਾਅ ਦਿੰਦੇ। ਫਿਰ ਕਈ ਸਾਲ ਸਾਡਾ ਸੰਪਰਕ ਟੁੱਟਿਆ ਰਿਹਾ।

ਫਿਰ ਉਹ ਉਦੋਂ ਮਿਲੇ ਜਦੋਂ 8-9 ਸਾਲ ਪਹਿਲਾਂ 'ਰੋਜ਼ਾਨਾ ਸਪੋਕਸਮੈਨ' ਪੇਪਰ ਨਾਲ ਸਰਕਾਰੀ ਵਧੀਕੀਆਂ ਦੇ ਖ਼ਿਲਾਫ਼ ਚੰਡੀਗੜ੍ਹ ਵਿਚ ਇਕ ਵੱਡਾ ਰੋਸ ਮੁਜ਼ਾਹਰਾ ਕੀਤਾ ਗਿਆ ਸੀ, ਜਿਸ ਵਿਚ ਵੱਡੀ ਗਿਣਤੀ ਵਿਚ ਲੇਖਕ ਅਤੇ ਪੱਤਰਕਾਰ ਸ਼ਾਮਲ ਹੋਏ ਸਨ। ਉਹ ਜਲੰਧਰੋਂ ਉਚੇਚੇ ਆਪਣੇ ਸਾਥੀਆਂ ਨਾਲ ਇਸ ਵਿਚ ਸ਼ਾਮਲ ਹੋਣ ਲਈ ਆਏ ਸਨ। ਮੈਂ ਵੀ ਉਸ ਵਿਚ ਸ਼ਾਮਲ ਸੀ ਤੇ ਉਹਨਾਂ ਨੇ ਬੜੇ ਰੋਹ ਭਰੇ ਅੰਦਾਜ਼ ਵਿਚ ਸਰਕਾਰੀ ਵਧੀਕੀਆਂ ਦਾ ਜ਼ਿਕਰ ਕੀਤਾ ਅਤੇ ਸਪੋਕਸਮੈਨ ਦੇ ਰੋਲ ਦੀ ਸ਼ਲਾਘਾ ਕੀਤੀ। ਲੋਕਾਂ ਦੇ ਹਿੱਤ ਵਿਚ ਕਿਸੇ ਵੀ ਸਮਾਜਿਕ ਘੋਲ ਦੇ ਉਹ ਹਮਾਇਤੀ ਸਨ।

ਫਿਰ ਦੋ ਕੁ ਸਾਲ ਪਹਿਲਾਂ ਅਚਾਨਕ ਉਹਨਾਂ ਦਾ ਫੋਨ ਆਇਆ। ਕਹਿਣ ਲੱਗੇ ਆਪਣੀ ਜੀਵਨੀ ਲਿਖੋ। ਮੈਂ ਆਪਣੀ ਪੜ੍ਹਾਈ ਕਰਨ ਵੇਲੇ ਦੀਆਂ ਦੁਸ਼ਵਾਰੀਆਂ ਦਾ ਜ਼ਿਕਰ ਕਦੇ ਉਹਨਾਂ ਕੋਲ ਕੀਤਾ ਸੀ। ਫਿਰ ਬਹੁਜਨ ਲਹਿਰ ਵੇਲੇ ਦੀਆਂ ਕਾਂਸ਼ੀ ਰਾਮ ਜੀ ਦੀਆਂ ਯਾਦਾਂ ਵੀ ਕੁਝ ਮੇਰੀਆਂ ਛਪੀਆਂ ਸਨ ਜੋ ਉਹਨਾਂ ਨੇ ਪੜ੍ਹ ਲਈਆਂ ਸਨ। ਗੱਲਾਂ-ਬਾਤਾਂ ਵਿਚ ਉਹਨਾਂ ਨੇ ਕਿਤਾਬ ਦੇ ਚੈਪਟਰ ਵੀ ਬਣਾ ਕੇ ਸਮਝਾ ਦਿੱਤੇ ਤੇ ਹੋਰ ਕਿਸੇ ਮਦਦ ਦਾ ਹੁੰਗਾਰਾ ਵੀ ਭਰ ਦਿੱਤਾ। ਕਿਸੇ ਦੀ ਮਦਦ ਕਰਨ ਦਾ ਕਿੰਨਾ ਮਾਦਾ ਸੀ ਉਹਨਾਂ ਵਿਚ।

ਹੁਣ ਕੁਝ ਮਹੀਨੇ ਹੀ ਪਹਿਲਾਂ ਉਹਨਾਂ ਦਾ ਫਿਰ ਫੋਨ ਆਇਆ ਕਿ ਤੁਸੀਂ ਜੀਵਨੀ ਤਾਂ ਲਿਖਣੀ ਨਹੀਂ ਤੁਹਾਡੀ ਡਾਕੂਮੈਂਟਰੀ ਫਿਲਮ ਬਣਾ ਦੇਈਏ? ਤੁਸੀਂ ਸਾਰਾ ਮਸਾਲਾ ਇਕੱਠਾ ਕਰ ਲਓ ਮੈਂ ਤਰਤੀਬ ਦੇ ਦੇਵਾਂਗਾ। ਬੇਟਾ ਇਸ ਕੰਮ ਦੀ ਜਾਣਕਾਰੀ ਰੱਖਦਾ ਹੈ, ਉਸਦੀ ਮਦਦ ਲੈ ਲਵਾਂਗੇ। ਉਹਨਾਂ ਨੇ ਬੜਾ ਜ਼ੋਰ ਦੇ ਕੇ ਆਖਿਆ ਸੀ। ਕਈ ਦਿਨਾਂ ਬਾਅਦ ਇਸ ਪ੍ਰਾਜੈਕਟ 'ਤੇ ਗੰਭੀਰ ਹੋ ਕੇ ਜ਼ੋਰ ਦੇਣ ਦੀ ਤਾਕੀਦ ਕੀਤੀ। ਤੇ ਇਹ ਮੇਰੀ ਉਹਨਾਂ ਨਾਲ ਆਖਰੀ ਗੱਲਬਾਤ ਸੀ। ਕਿੰਨੀ ਚਿੰਤਾ ਰਹਿੰਦੀ ਸੀ ਉਹਨਾਂ ਨੂੰ ਦੂਜਿਆਂ ਦੇ ਕੰਮ ਦੀ।

ਉਹ ਸੱਚਮੁਚ ਹੀ ਦੂਜਿਆਂ ਦੇ ਕੰਮ ਆਉਣ ਵਾਲੀ ਇਨਸਾਨੀ ਫਿਤਰਤ ਦੇ ਮਾਲਕ ਸਨ। ਮਿਹਨਤ, ਸੰਘਰਸ਼, ਪੜ੍ਹਨਾ-ਲਿਖਣਾ, ਦੱਬੇ ਕੁਚਲਿਆਂ ਲਈ ਦਿਨ ਰਾਤ ਕੰਮ ਕਰਨਾ, ਸਪਸ਼ਟ ਤੇ ਨਿਰਪੱਖ ਸੋਚ ਰੱਖਣੀ, ਨਿਡਰਤਾ ਨਾਲ ਆਪਣਾ ਪੱਖ ਰੱਖਣਾ ਆਦਿ ਉਹਨਾਂ ਦੇ ਹੋਰ ਦੂਜੇ ਗੁਣ ਸਨ। ਉਹ ਮਾਸਿਕ 'ਕੌਮੀ ਉਡਾਰੀਆਂ' ਪੱਤਰ ਕੱਢਦੇ ਰਹੇ ਜਿਸ ਵਿਚ ਦੱਬੇ ਕੁਚਲੇ ਸਮਾਜ ਦੀਆਂ ਦੁਸ਼ਵਾਰੀਆਂ, ਦਿਸ਼ਾ ਨਿਰਦੇਸ਼, ਰਾਹਤ, ਸੇਧ ਦਾ ਹੀ ਜ਼ਿਕਰ ਹੁੰਦਾ। ਬਹੁਜਨ ਸਮਾਜ ਲਹਿਰ ਦੇ

(ਬਾਕੀ ਅਗਲੇ ਸਫੇ ਤੇ)

# ਬ੍ਰਹਿਮੰਡ: ਇਕ ਨਜ਼ਰ

## (ਗਲੈਕਸੀਆਂ, ਤਾਰਿਆਂ ਅਤੇ ਗ੍ਰਹਿਆਂ ਦੀ ਦੁਨੀਆਂ)



ਸਤਵੰਤ ਕੌਰ ਕਲੋਟੀ
91-95011-98881

**(ਸੱਤਵੀ ਕਿਸਤ)**

### ਡੌਪਲਰ ਪ੍ਰਭਾਵ, ਰੈੱਡ ਸ਼ਿਫਟ ਅਤੇ ਗਲੈਕਸੀਆਂ

(Doppler Effect, Redshift and Galaxies)

ਬ੍ਰਹਿਮੰਡ ਅਤੇ ਗਲੈਕਸੀਆਂ ਦੇ ਅਧਿਐਨ ਵਿਚ ਡੌਪਲਰ ਪ੍ਰਭਾਵ ਅਤੇ ਰੈੱਡਸ਼ਿਫਟ ਦੀ ਭੂਮਿਕਾ ਬੜੀ ਅਹਿਮ ਹੈ। ਕਿਵੇਂ? ਆਓ ਜਾਣੀਏ।

ਜਦੋਂ ਕੋਈ ਤਰੰਗਾਂ ਦਾ ਸ੍ਰੋਤ (ਪ੍ਰਕਾਸ਼ ਜਾਂ ਧੁਨੀ ਸ੍ਰੋਤ ਆਦਿ) ਅਤੇ ਪ੍ਰੇਖਕ (observer) ਇਕ ਦੂਜੇ ਦੇ ਸਾਪੇਖੀ ਗਤੀ ਕਰਦੇ ਹਨ ਤਾਂ ਮਾਪੀ ਜਾਂਦੀ ਤਰੰਗਲੰਬਾਈ ਵਿਚ ਬਦਲਾਅ ਦੇਖਿਆ ਜਾਂਦਾ ਹੈ। ਇਸ ਪ੍ਰਭਾਵ ਨੂੰ ਡੌਪਲਰ ਪ੍ਰਭਾਵ ਕਿਹਾ ਜਾਂਦਾ ਹੈ। ਜਿਵੇਂ-ਜਿਵੇਂ ਉਹ ਇਕ ਦੂਜੇ ਦੇ ਸਾਪੇਖੀ ਦੂਰ ਹਟਦੇ ਜਾਂਦੇ ਹਨ, ਤਰੰਗਲੰਬਾਈ ਵਧਦੀ ਜਾਂਦੀ ਹੈ। ਇਸ ਦੇ ਉਲਟ, ਜਿਵੇਂ-ਜਿਵੇਂ ਉਹਨਾਂ ਵਿਚਲੀ ਦੂਰੀ ਘਟਦੀ ਜਾਂਦੀ ਹੈ, ਤਰੰਗਲੰਬਾਈ ਵੀ ਘਟਦੀ ਜਾਂਦੀ ਹੈ। ਦ੍ਰਿਸ਼ਟੀਮਾਣ ਪ੍ਰਕਾਸ਼ ਦੀ ਗੱਲ ਕਰੀਏ ਤਾਂ ਲਾਲ ਰੰਗ ਦੀ ਤਰੰਗਲੰਬਾਈ ਸਭ ਤੋਂ ਵੱਧ ਹੁੰਦੀ ਹੈ। ਜਦੋਂ ਕੋਈ ਪ੍ਰਕਾਸ਼ ਦਾ ਸ੍ਰੋਤ ਪ੍ਰੇਖਕ ਤੋਂ ਦੂਰ ਜਾ ਰਿਹਾ ਹੁੰਦਾ ਹੈ, ਤਾਂ ਤਰੰਗਲੰਬਾਈ ਵਧਦੀ ਜਾਂਦੀ ਹੈ, ਭਾਵ ਲਾਲ ਰੰਗ ਵੱਲ ਨੂੰ ਖਿਸਕਦੀ ਜਾਂਦੀ ਹੈ। ਇਸ ਨੂੰ ਰੈੱਡਸ਼ਿਫਟ ਕਿਹਾ ਜਾਂਦਾ ਹੈ। ਰੈੱਡਸ਼ਿਫਟ ਪੈਰਾਮੀਟਰ ਦਾ ਹੇਠ ਲਿਖੀ ਸਮੀਕਰਨ ਤੋਂ ਪਤਾ ਲਗਾਇਆ ਜਾ ਸਕਦਾ ਹੈ-

$$Z = \frac{\lambda \text{observed} - \lambda \text{emitted}}{\lambda \text{emitted}} \text{ (ਕੋਈ ਇਕਾਈ ਨਹੀਂ)}$$

ਜਿੱਥੇ observed ਕਿਸੇ ਚੁਣੀ ਗਈ ਸਪੈਕਟ੍ਰਲ ਲਾਈਨ ਦੀ ਮਾਪੀ ਗਈ ਤਰੰਗਲੰਬਾਈ ਹੈ ਅਤੇ emitte ਉਸੇ ਸਪੈਕਟ੍ਰਲ ਲਾਈਨ ਦੀ ਅਸਲ ਤਰੰਗਲੰਬਾਈ ਹੈ, ਜੋ ਸ੍ਰੋਤ ਦੁਆਰਾ ਛੱਡੀ ਗਈ ਹੁੰਦੀ ਹੈ (ਸਟੈਂਡਰਡ ਮਾਨ)। ਹਾਈਡ੍ਰੋਜਨ ਬ੍ਰਹਿਮੰਡ ਵਿਚ ਆਮ ਪਾਇਆ ਜਾਣ ਵਾਲਾ ਤੱਤ ਹੈ ਜੋ ਹਰ ਗਲੈਕਸੀ ਵਿਚ ਮੌਜੂਦ ਹੁੰਦਾ ਹੈ। ਗਲੈਕਸੀ ਤੋਂ ਆਉਣ ਵਾਲੇ ਪ੍ਰਕਾਸ਼ ਦਾ ਸਪੈਕਟ੍ਰਮ ਤਿਆਰ ਕੀਤਾ ਜਾਂਦਾ ਹੈ ਅਤੇ ਇਸ ਦਾ ਮਿਲਾਨ, ਆਮ ਕਰਕੇ ਹਾਈਡ੍ਰੋਜਨ ਦੇ ਸਪੈਕਟ੍ਰਮ ਦੀਆਂ ਲਾਈਨਾਂ ਦੇ ਪੈਟਰਨ ਨਾਲ ਕੀਤਾ ਜਾਂਦਾ ਹੈ। ਫਿਰ ਕੋਈ ਖਾਸ ਲਾਈਨ ਚੁਣੀ ਜਾਂਦੀ ਹੈ ਅਤੇ ਇਸ ਦੀ ਤਰੰਗਲੰਬਾਈ ਦਾ ਅਸਲ ਤਰੰਗਲੰਬਾਈ ਨਾਲੋਂ ਫਰਕ ਮਾਲੂਮ ਕੀਤਾ ਜਾਂਦਾ ਹੈ, ਜਿਸ ਤੋਂ ਰੈੱਡਸ਼ਿਫਟ ਪੈਰਾਮੀਟਰ Z ਦਾ ਪਤਾ ਲਗਾਇਆ ਜਾਂਦਾ ਹੈ।

ਕਿਸੇ ਗਲੈਕਸੀ ਲਈ Z ਦਾ ਪਾਜ਼ਿਟਿਵ ($>0$) ਮੁੱਲ ਰੈੱਡਸ਼ਿਫਟ ਕਹਾਉਂਦਾ ਹੈ ਅਤੇ ਸੰਕੇਤ ਕਰਦਾ ਹੈ ਕਿ ਉਹ ਗਲੈਕਸੀ ਸਾਡੀ ਧਰਤੀ ਤੋਂ ਦੂਰ ਜਾ ਰਹੀ ਹੈ, ਜਦਕਿ ਇਸ ਦੇ ਨੈਗੇਟਿਵ ($<0$) ਮੁੱਲ ਨੂੰ ਬਲਿਊਸ਼ਿਫਟ ਕਿਹਾ ਜਾਂਦਾ ਹੈ ਜੋ ਸੰਕੇਤ ਕਰਦਾ ਹੈ ਕਿ ਸਾਡੀ ਧਰਤੀ ਤੋਂ ਉਸ ਗਲੈਕਸੀ ਦੀ ਦੂਰੀ ਲਗਾਤਾਰ ਘਟ ਰਹੀ ਹੈ, ਭਾਵ ਉਹ ਸਾਡੇ ਨਜ਼ਦੀਕ ਆ ਰਹੀ ਹੈ।

ਬ੍ਰਹਿਮੰਡ ਵਿਚ ਮੌਜੂਦ ਆਮ ਗਲੈਕਸੀਆਂ ਤੋਂ ਆਉਣ ਵਾਲੇ ਪ੍ਰਕਾਸ਼ ਦਾ ਅਧਿਐਨ ਕਰਨ ਤੇ ਪਤਾ ਚੱਲਦਾ ਹੈ ਕਿ ਇਸ ਦੀ ਤਰੰਗਲੰਬਾਈ ਲਗਾਤਾਰ ਵੱਧ ਰਹੀ ਹੈ, ਭਾਵ ਲਾਲ ਰੰਗ ਵੱਲ ਨੂੰ ਖਿਸਕ ਰਹੀ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਗਲੈਕਸੀਆਂ ਵਿਚਲਾ ਫਾਸਲਾ ਨਿਰੰਤਰ ਵੱਧ ਰਿਹਾ ਹੈ ਅਤੇ ਬ੍ਰਹਿਮੰਡ ਫੈਲ ਰਿਹਾ ਹੈ। ਯਾਦ ਰਹੇ ਅਕਾਸ਼ ਗੰਗਾ ਦੇ ਸਭ ਤੋਂ ਨੇੜਲੀ ਕੁੰਡਲੀਦਾਰ ਗਲੈਕਸੀ ਐਂਡਰੋਮੇਡਾ ਬਲਿਊਸ਼ਿਫਟ ਦਰਸਾ ਰਹੀ ਹੈ, ਜੋ ਇਸ ਗੱਲ ਦਾ ਪ੍ਰਮਾਣ ਹੈ ਕਿ ਉਹ ਆਕਾਸ਼ ਗੰਗਾ ਵੱਲ ਨੂੰ ਗਤੀ ਕਰ ਰਹੀ ਹੈ। ਕਦੀ ਨਾ ਕਦੀ ਉਸ ਦੇ ਆਕਾਸ਼ ਗੰਗਾ ਵਿਚ ਮਿਲ ਕੇ ਇਕ ਵੱਡੀ ਗਲੈਕਸੀ ਦਾ ਰੂਪ ਲੈ ਲੈਣ ਦੀ ਸੰਭਾਵਨਾ ਨੂੰ ਨਕਾਰਿਆ ਨਹੀਂ ਜਾ ਸਕਦਾ।

### ਗਲੈਕਸੀਆਂ ਕਦੋਂ ਹੋਂਦ ਵਿਚ ਆਈਆਂ?

ਵਿਗਿਆਨੀਆਂ ਨੇ ਬ੍ਰਹਿਮੰਡ ਦੀ ਉਮਰ ਦਾ ਸਭ ਤੋਂ ਨੇੜਲਾ ਅੰਦਾਜ਼ਾ ਲੱਗਭੱਗ 13.8 ਬਿਲੀਅਨ ਸਾਲ ਹੋਣ ਦਾ ਲਗਾਇਆ ਹੈ। ਜ਼ਿਆਦਾਤਰ ਵਿਗਿਆਨੀਆਂ ਦਾ ਵਿਸ਼ਵਾਸ ਹੈ ਕਿ ਬ੍ਰਹਿਮੰਡ ਨੇ ਅੱਜ ਤੋਂ ਅੰਦਾਜ਼ਨ 13.8 ਬਿਲੀਅਨ ਸਾਲ ਪਹਿਲਾਂ 'ਬਿਗ ਬੈਂਗ' ਨਾਂ ਦੀ ਘਟਨਾ ਨਾਲ ਇਕ ਬਿੰਦੂ-ਮਾਤਰ ਅੰਸ਼ ਤੋਂ ਪਸਾਰ ਕਰਨਾ ਸ਼ੁਰੂ ਕੀਤਾ। ਇਹ ਜਾਨਣ ਤੋਂ ਬਾਅਦ ਗਲੈਕਸੀਆਂ ਬਾਰੇ ਕਈ ਸਵਾਲ ਉੱਠਦੇ ਹਨ ਜਿਵੇਂ 'ਗਲੈਕਸੀਆਂ ਕਦੋਂ ਹੋਂਦ ਵਿਚ ਆਈਆਂ?', 'ਕੀ ਉਹ 'ਬਿਗ ਬੈਂਗ' ਦੌਰਾਨ ਹੀ ਬਣ ਗਈਆਂ ਸਨ ਜਾਂ ਬਿਗ ਬੈਂਗ ਤੋਂ ਬਾਅਦ ਬਣੀਆਂ?' ਜਾਂ 'ਉਹ ਬਿੱਗ ਬੈਂਗ ਤੋਂ ਕਿੰਨਾ ਸਮਾਂ ਬਾਅਦ ਵਿਚ ਬਣੀਆਂ?' ਆਦਿ।

ਗਲੈਕਸੀਆਂ ਦੀ ਉਮਰ ਅਤੇ ਦੂਰੀ ਦਾ ਪਤਾ ਲਗਾਉਣ ਲਈ ਵਿਗਿਆਨੀ ਡੌਪਲਰ ਪ੍ਰਭਾਵ ਅਤੇ ਰੈੱਡਸ਼ਿਫਟ ਦੀ ਵਰਤੋਂ ਕਰਦੇ ਹਨ। ਕਿਸੇ ਗਲੈਕਸੀ ਦੀ ਰੈੱਡਸ਼ਿਫਟ ਸਾਨੂੰ ਇਹ ਜਾਣਕਾਰੀ ਦਿੰਦੀ ਹੈ ਕਿ ਉਹ ਗਲੈਕਸੀ ਸਾਡੇ ਤੋਂ ਕਿੰਨੀ ਦੂਰ ਹੈ। ਕਿਸੇ ਗਲੈਕਸੀ ਦੀ ਰੈੱਡਸ਼ਿਫਟ ਜਿੰਨੀ ਜ਼ਿਆਦਾ ਹੋਵੇਗੀ, ਉਹ ਗਲੈਕਸੀ ਸਾਡੇ ਤੋਂ ਓਨੀ ਹੀ ਜ਼ਿਆਦਾ ਦੂਰ ਹੋਵੇਗੀ। ਦੂਜੇ ਸ਼ਬਦਾਂ ਵਿਚ ਪ੍ਰਕਾਸ਼ ਨੂੰ ਉਸ ਤੋਂ ਚੱਲ ਕੇ ਸਾਡੇ ਤੱਕ ਪਹੁੰਚਣ ਲਈ ਓਨਾ ਹੀ ਜ਼ਿਆਦਾ ਸਮਾਂ ਲੱਗਿਆ ਹੋਵੇਗਾ। ਇਸ ਯਾਤਰਾ ਕਾਲ (Travel time) ਤੋਂ ਸਾਨੂੰ ਇਹ ਅੰਦਾਜ਼ਾ ਹੋ ਜਾਂਦਾ ਹੈ ਕਿ ਉਹ ਗਲੈਕਸੀ ਘੱਟ ਤੋਂ ਘੱਟ ਕਿੰਨਾ ਸਮਾਂ ਪਹਿਲਾਂ ਹੋਂਦ ਵਿਚ ਹੋਵੇਗੀ। ਅਧਿਐਨ ਤੋਂ ਪਤਾ ਲੱਗਦਾ ਹੈ ਕਿ ਗਲੈਕਸੀਆਂ ਬਿੱਗ ਬੈਂਗ ਤੋਂ ਬਾਅਦ ਇਕ ਬਿਲੀਅਨ (1000 ਮਿਲੀਅਨ) ਸਾਲ ਦੇ ਅੰਦਰ-ਅੰਦਰ ਹੋਂਦ ਵਿਚ ਆ ਗਈਆਂ ਸਨ।

ਪੁਲਾੜ ਵਿਗਿਆਨੀ ਵੱਖ-ਵੱਖ ਟੈਲੀਸਕੋਪਾਂ ਦੀ ਮਦਦ ਨਾਲ ਕਈ ਗਲੈਕਸੀਆਂ ਨੂੰ ਤੱਕਣ ਅਤੇ ਉਨ੍ਹਾਂ ਤੋਂ ਆਉਣ ਵਾਲੇ ਪ੍ਰਕਾਸ਼ ਦੀ ਰੈੱਡਸ਼ਿਫਟ ਮਾਪਣ ਵਿਚ ਸਫਲ ਹੋਏ ਹਨ, ਜਿਸ ਤੋਂ ਉਨ੍ਹਾਂ ਦੀ ਉਮਰ ਦਾ ਅੰਦਾਜ਼ਾ ਲੱਗਦਾ ਹੈ। ਭਿੰਨ-ਭਿੰਨ ਨਿਰੀਖਣਾਂ ਦੇ ਆਧਾਰ ਤੇ ਭਿੰਨ-ਭਿੰਨ ਸਿੱਟੇ ਕੱਢੇ ਗਏ ਹਨ। ਆਓ ਕੁਝ ਨਿਰੀਖਣਾਂ ਅਤੇ ਉਨ੍ਹਾਂ ਦੇ ਸਿੱਟਿਆਂ ਬਾਰੇ ਚਰਚਾ ਕਰੀਏ।

ਸਤੰਬਰ 2009 ਵਿਚ ਪੁਲਾੜ ਵਿਗਿਆਨੀਆਂ ਗਰਥ ਇਲਿੰਗਵਰਥ Garth Illingworth, ਰਿਚਰਡ ਬਉਵਨਜ਼ (Rychard Bouwens) ਅਤੇ ਪਾਸਕਲ ਔਸ਼ (Pascal Oesch) ਨੇ ਨਾਸਾ ਲਈ ਕੰਮ ਕਰਦੇ ਹੋਏ ਖੁਲਾਸਾ ਕੀਤਾ ਕਿ ਗਲੈਕਸੀਆਂ ਬਿੱਗ ਬੈਂਗ ਤੋਂ ਬਾਅਦ 1 ਬਿਲੀਅਨ (1000 ਮਿਲੀਅਨ ਸਾਲ) ਤੋਂ ਵੀ ਘੱਟ ਸਮੇਂ ਵਿਚ ਬਣ ਗਈਆਂ ਸਨ। ਉਹ ਇਸ ਸਿੱਟੇ ਉਤੇ ਉਦੋਂ ਪਹੁੰਚੇ ਜਦੋਂ ਉਹ ਨਾਸਾ ਲਈ ਕੰਮ ਕਰਦੇ ਹੋਏ ਯੂਨੀਵਰਸਿਟੀ ਆਫ ਕੈਲੀਫੋਰਨੀਆ, ਸਾਂਤਾ ਕਰੁੱਜ਼ (Santa Cruz) ਵਿਚ ਹਫਤੇ ਭਰ ਤੋਂ ਲਗਾਤਾਰ ਕੰਪਿਊਟਰ ਸਕਰੀਨਾਂ ਵੱਲ ਟਿਕ-ਟਿਕੀ ਲਗਾ ਕੇ ਬੈਠੇ ਹੋਏ ਸਨ। ਉਹ ਹੱਬਲ ਸਪੇਸ ਟੈਲੀਸਕੋਪ ਉੱਤੇ ਫਿੱਟ ਕੀਤੇ ਨਵੇਂ ਇਨਫਰਾਰੈਡ ਕੈਮਰੇ ਦੁਆਰਾ ਰਿਕਾਰਡ ਕੀਤੀਆਂ ਤਸਵੀਰਾਂ ਨੂੰ ਸਕੈਨ ਕਰ ਰਹੇ ਸਨ। ਇਹ ਤਸਵੀਰਾਂ ਅਸਮਾਨ ਦੇ ਦੱਖਣੀ ਗੋਲਾਰਧ ਵਿਚ ਸਥਿਤ ਤਾਰਾ-ਸਮੂਹ ਫਾਰਨੈਕਸ (Fornax) ਦੇ ਅੰਦਰ ਸਥਿਤ ਇਕ ਬਹੁਤ ਛੋਟੇ ਜਿਹੇ ਖੇਤਰ ਦੀਆਂ ਸਨ। ਉਹ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਵਿਚ ਸਨ ਕਿ ਨਵਾਂ ਕੈਮਰਾ ਸਹੀ ਕਾਰਜ ਕਰ ਰਿਹਾ ਸੀ ਜਾਂ ਨਹੀਂ। ਉਨ੍ਹਾਂ ਨੇ 2 ਹਫਤਿਆਂ ਦੇ ਅੰਦਰ-ਅੰਦਰ ਵੀਹ ਤੋਂ ਵੱਧ ਅਜਿਹੀਆਂ ਗਲੈਕਸੀਆਂ ਦੀ ਪੁਸ਼ਟੀ ਕੀਤੀ, ਜਿਹਨਾਂ ਦੀ ਉਮਰ 13 ਬਿਲੀਅਨ ਸਾਲ ਤੱਕ ਹੋਣ ਦਾ ਅੰਦਾਜ਼ਾ ਸੀ। ਇਹ ਕਿਹਾ ਜਾ ਸਕਦਾ ਹੈ ਕਿ ਇਹ ਉਦੋਂ ਹੋਂਦ ਵਿਚ ਸਨ ਜਦੋਂ ਬ੍ਰਹਿਮੰਡ ਦੀ ਉਮਰ ਕੇਵਲ 600-800 ਮਿਲੀਅਨ ਸਾਲ ਰਹੀ ਹੋਵੇਗੀ।

ਬਾਅਦ ਵਿਚ ਹੋਰ ਖੋਜਕਰਤਾਵਾਂ ਨੇ ਇਸੇ ਛੋਟੇ ਜਿਹੇ ਪੁਲਾੜੀ ਖਿੱਤੇ ਦਾ ਹੋਰ ਡੂੰਘਾ ਅਧਿਐਨ ਕਰਕੇ ਤਸਵੀਰ ਤਿਆਰ ਕੀਤੀ, ਜਿਸ ਨੂੰ ਹੱਬਲ ਅਲਟਰਾ ਡੀਪ ਫੀਲਡ (Hubble Ultra Deep Field or HUDF) ਕਿਹਾ ਗਿਆ। 20 ਅਕਤੂਬਰ , 2010 ਨੂੰ HUDF 2009 ਦੀ ਟੀਮ ਵੱਲੋਂ ਜਾਰੀ ਕੀਤੀ ਰਿਪੋਰਟ ਅਨੁਸਾਰ ਉਨ੍ਹਾਂ ਨੇ UDFy-38135539 ਨਾਂ ਦੀ ਗਲੈਕਸੀ ਖੋਜੀ, ਜਿਸ ਦੀ ਰੈੱਡਸ਼ਿਫਟ 8.5549 ਸੀ। ਇਸ ਤੋਂ ਆ ਰਿਹਾ ਪ੍ਰਕਾਸ਼ ਹੁਣ ਤੋਂ 13.1 ਬਿਲੀਅਨ ਸਾਲ ਪਹਿਲਾਂ ਤੁਰਿਆ ਹੋਵੇਗਾ। ਭਾਵ ਅੱਜ ਤੋਂ 13.1 ਬਿਲੀਅਨ ਸਾਲ ਪਹਿਲਾਂ ਇਹ ਗਲੈਕਸੀ ਹੋਂਦ ਵਿਚ ਸੀ। ਹੱਬਲ ਅਲਟਰਾ ਡੀਪ ਫੀਲਡ (HUDF) ਉਸ ਵੇਲੇ ਦੀ ਪੁਲਾੜ ਦੀ ਸਭ ਤੋਂ ਵੱਧ ਵਿਸਤ੍ਰਿਤ ਅਤੇ ਡੂੰਘੇਰੀ ਤਸਵੀਰ ਸੀ। ਇਸ ਗਲੈਕਸੀ ਦੀ ਖੋਜ ਦਾ ਸਿਹਰਾ NASA, ESA and HUDF 2009 ਦੀ ਸਮੁੱਚੀ ਟੀਮ ਨੂੰ ਜਾਂਦਾ ਹੈ।


26 ਜਨਵਰੀ 2011 ਨੂੰ ਹੱਬਲ ਸਪੇਸ ਟੈਲੀਸਕੋਪ ਨਾਲ ਕਾਰਜ ਕਰ ਰਹੇ ਪੁਲਾੜ ਵਿਗਿਆਨੀਆਂ ਨੇ ਖੁਲਾਸਾ ਕੀਤਾ ਕਿ ਉਹ ਟੈਲੀਸਕੋਪ ਦੀਆਂ ਸੀਮਾਵਾਂ ਨੂੰ ਬ੍ਰਹਿਮੰਡ ਵਿਚ ਹੋਰ ਡੂੰਘਾ ਧਕੇਲਦੇ ਹੋਏ, UDF-39546284 ਨਾਂ ਦੀ ਇਕ ਗਲੈਕਸੀ ਖੋਜਣ ਵਿਚ ਕਾਮਯਾਬ ਹੋਏ ਹਨ, ਜਿਸ ਦੀ ਰੈੱਡ-ਸ਼ਿਫਟ 10 ਮਾਪੀ ਗਈ। ਇਸ ਅਨੁਸਾਰ ਇਸ ਗਲੈਕਸੀ ਤੋਂ ਆਉਣ ਵਾਲੇ ਪ੍ਰਕਾਸ਼ ਦਾ ਯਾਤਰਾ ਸਮਾਂ ਅੰਦਾਜ਼ਨ 13.2 ਬਿਲੀਅਨ ਸਾਲ ਬਣਦਾ ਹੈ। ਇਸ ਤਰ੍ਹਾਂ ਬਿੱਗ ਬੈਂਗ ਤੋਂ ਮਹਿਜ਼ 600 ਮਿਲੀਅਨ ਸਾਲ ਬਾਅਦ ਹੀ, ਇਸ ਦੇ ਹੋਂਦ ਵਿਚ ਹੋਣ ਬਾਰੇ ਪੁਸ਼ਟੀ ਹੋ ਜਾਂਦੀ ਹੈ।

2012 ਈ. ਵਿਚ ਹੱਬਲ ਸਪੇਸ ਟੈਲੀਸਕੋਪ ਉਤੇ ਕੰਮ ਕਰ ਰਹੀ ਪੁਲਾੜ ਵਿਗਿਆਨੀਆਂ ਦੀ ਟੀਮ ਪੁਲਾੜ ਵਿਚ ਮੌਜੂਦ ਅਜਿਹੀਆਂ ਗਲੈਕਸੀਆਂ ਖੋਜਣ ਵਿਚ ਕਾਮਯਾਬ ਹੋਈ, ਜਿਨ੍ਹਾਂ ਦੀ ਰੈੱਡਸ਼ਿਫਟ 9-12 ਮਾਪੀ ਗਈ। ਇਨ੍ਹਾਂ ਵਿਚ ਸਭ ਤੋਂ ਦੁਰੇਡੀ ਪਾਈ ਗਈ ਗਲੈਕਸੀ UDFj-39546284 (ਜੋ 2011 ਵਿਚ ਖੋਜੀ ਗਈ ਸੀ) ਸੀ, ਜਿਸ ਦੀ ਰੈੱਡਸ਼ਿਫਟ ਹੋਰ ਨੇੜਲਾ ਹਿਸਾਬ ਲਗਾਉਂਦੇ ਹੋਏ 11.9 ਮਾਪੀ ਗਈ। ਇਸ ਅਨੁਸਾਰ ਸਾਡੀ ਧਰਤੀ ਤੱਕ ਪਹੁੰਚ ਰਿਹਾ ਪ੍ਰਕਾਸ਼ ਇਸ ਗਲੈਕਸੀ ਤੋਂ ਲੱਗਭੱਗ 13.37 ਬਿਲੀਅਨ ਸਾਲ ਪਹਿਲਾਂ ਤੁਰਿਆ ਹੋਵੇਗਾ।ਭਾਵ ਇਹ ਗਲੈਕਸੀ ਅੱਜ ਤੋਂ 13.37 ਬਿਲੀਅਨ ਸਾਲ ਪਹਿਲਾਂ ਹੋਂਦ ਵਿਚ ਸੀ। ਟੀਮ ਦੁਆਰਾ ਇਸ ਸਬੰਧ ਵਿਚ 12 ਦਸੰਬਰ, 2012 ਨੂੰ ਦੁਬਾਰਾ ਰਿਪੋਰਟ ਜਾਰੀ ਕੀਤੀ ਗਈ। ਇਸ ਖੋਜ ਕਾਰਜ ਦਾ ਸਿਹਰਾ NASA, ESA ਵਿਗਿਆਨੀ ਰਿਚਰਡ ਐਲਿਸ, ਕੈਲਟੈੱਕ ਜਿੱਥੇ (Richard Ellis, Caltech) ਅਤੇ HUDF 2012 ਦੀ ਸਮੁੱਚੀ ਟੀਮ ਨੂੰ ਜਾਂਦਾ ਹੈ।

2011 ਈ. ਵਿਚ ਪੁਲਾੜ ਵਿਗਿਆਨੀਆਂ ਦੀ ਇਕ ਅੰਤਰ ਰਾਸ਼ਟਰੀ ਟੀਮ ਇਕ ਅਜਿਹੀ ਦੁਰੇਡੀ ਗਲੈਕਸੀ ਨੂੰ ਤੱਕਣ ਵਿਚ ਕਾਮਯਾਬ ਹੋਈ ਜਿਸ ਵਿਚ ਬਿੱਗ ਬੈਂਗ ਤੋਂ ਕੇਵਲ 200 ਮਿਲੀਅਨ ਸਾਲ ਬਾਅਦ ਹੀ ਤਾਰੇ ਬਣਨੇ ਸ਼ੁਰੂ ਹੋ ਗਏ ਸਨ। ਇਸ ਗਲੈਕਸੀ ਤੋਂ ਆਉਣ ਵਾਲੀਆਂ ਪ੍ਰਕਾਸ਼ ਦੀਆਂ ਕਿਰਨਾਂ Abell 383 ਨਾਂ ਦੇ ਇਕ ਗਲੈਕਸੀਆਂ ਦੇ ਗੁੱਛੇ ਵਿਚੋਂ ਦੀ ਲੰਘ ਕੇ ਸਾਡੇ ਤੱਕ ਪਹੁੰਚ ਰਹੀਆਂ ਸਨ। ਇਸ ਗੁੱਛੇ ਦੀ ਸ਼ਕਤੀਸ਼ਾਲੀ ਗੁਰੂਤਾ ਗਲੈਕਸੀ ਤੋਂ ਆਉਣ ਵਾਲੇ ਪ੍ਰਕਾਸ਼ ਦੀਆਂ ਕਿਰਨਾਂ ਨੂੰ ਇਕ ਵੱਡਦਰਸ਼ੀ ਸ਼ੀਸ਼ੇ ਦੀ ਤਰ੍ਹਾਂ ਝੁਕਾ ਰਹੀ ਸੀ ਜਿਸ ਕਰਕੇ ਇਸ ਗਲੈਕਸੀ ਨੂੰ ਦੇਖਣ ਵਿਚ ਮਦਦ ਮਿਲੀ। ਇਸ ਕਰਕੇ ਗਲੈਕਸੀਆਂ ਦੇ ਇਸ ਗੁੱਛੇ ਨੂੰ ਗ੍ਰੈਵੀਟੇਸ਼ਨਲ ਲੈਂਜ਼ ਕਿਹਾ ਗਿਆ। ਇਸ ਕੁਦਰਤੀ ਗ੍ਰੇਵੀਟੇਸ਼ਨਲ ਲੈਂਜ਼ ਤੋਂ ਬਿਨਾਂ ਇਹ ਅਤਿਅੰਤ ਧੁੰਦਲੀ ਗਲੈਕਸੀ ਕਿਸੇ ਆਧੁਨਿਕ ਟੈਲੀਸਕੋਪ ਨਾਲ ਵੀ ਨਜ਼ਰ ਆਉਣੀ ਨਾ-ਮੁਮਕਿਨ ਸੀ।

ਟੀਮ ਦੁਆਰਾ ਹੱਬਲ ਸਪੇਸ ਟੈਲੀਸਕੋਪ ਦੇ ਨਾਲ-ਨਾਲ, ਇਨਫਰਾਰੈਡ ਪ੍ਰਕਾਸ਼ ਦੀ ਵਰਤੋਂ ਕਰਦੇ ਹੋਏ ਨਾਸਾ ਸਪਤਜ਼ਰ ਸਪੇਸ ਟੈਲੀਸਕੋਪ (NASA Spitzer Space Telescope) ਦੁਆਰਾ ਵੀ ਗਲੈਕਸੀ ਦਾ ਨਿਰੀਖਣ ਕੀਤਾ ਗਿਆ। ਇਸ ਦੀ ਰੈੱਡਸ਼ਿਫਟ 6.027 ਮਾਪੀ ਗਈ, ਜਿਸ ਤੋਂ ਅਨੁਮਾਨ ਲੱਗਦਾ ਹੈ ਕਿ ਪ੍ਰਕਾਸ਼ ਨੂੰ ਇਸ ਤੋਂ ਚੱਲ ਕੇ ਸਾਡੀ ਧਰਤੀ ਤੱਕ ਪਹੁੰਚਣ ਲਈ ਕਰੀਬ 12.8 ਬਿਲੀਅਨ ਸਾਲ ਲੱਗੇ ਹੋਣਗੇ। ਜੋ ਤਸਵੀਰ ਨਜ਼ਰ ਆ ਰਹੀ ਸੀ, ਉਹ ਇਸ ਗਲੈਕਸੀ ਦੀ 12.8 ਬਿਲੀਅਨ ਸਾਲ ਪੁਰਾਣੀ ਤਸਵੀਰ ਸੀ। ਬ੍ਰਹਿਮੰਡ ਦੀ ਉਮਰ ਨੂੰ 13.75 ਬਿਲੀਅਨ ਸਾਲ ਮੰਨਦਿਆਂ, ਟੀਮ ਅਨੁਸਾਰ ਇਹ ਗਲੈਕਸੀ ਦੀ ਬ੍ਰਹਿਮੰਡ ਦੇ ਬਣਨ ਤੋਂ 950 ਮਿਲੀਅਨ ਸਾਲ (13.75-12.8=0.95 ਬਿਲੀਅਨ ਸਾਲ = 950 ਮਿਲੀਅਨ ਸਾਲ) ਬਾਅਦ ਦੀ ਤਸਵੀਰ ਸੀ। ਜ਼ਾਹਿਰ ਹੈ ਕਿ ਇਹ ਗਲੈਕਸੀ ਉਸ ਸਮੇਂ ਤੋਂ ਪਹਿਲਾਂ ਹੀ ਹੋਂਦ ਵਿਚ ਆਈ ਹੋਵੇਗੀ। ਇਸ ਟੀਮ ਦੇ ਮੈਂਬਰ ਸਨ; ਜੌਹਨ ਰਿਚਰਡ, ਫਰਾਂਸ (John Richard, France), ਜੀਨ-ਪਾਲ ਨੀਬ, ਫਰਾਂਸ (Jean-Paul Kneib, France), ਹੈਰਾਲਡ ਏਬੇਲਿੰਗ, ਯੂ. ਐਸ. ਏ. (Harald Ebeling, USA), ਡੈਨੀਅਲ ਪੀ ਸਟਰਾਕ, ਯੂ. ਕੇ.ਜਿੱਥੇ (Daniel P Stark, UK), ਏਚੀ ਏਗਾਮੀ, ਯੂ. ਐਸ. ਏ.ਜਿੱਥੇ (Eiichi Egami, USA) ਅਤੇ ਐਂਡ-ਰਊ ਕੇ ਫੀਡਲਰ, ਯੂ. ਐਸ. ਏ.ਜਿੱਥੇ (Andrew K Fiedler, USA).

12 ਅਪ੍ਰੈਲ 2011 ਨੂੰ ਇਸ ਖੋਜ ਸਬੰਧੀ ਰੀਸਰਚ ਪੇਪਰ ਜਾਰੀ ਕੀਤਾ ਗਿਆ। ਏਚੀ ਏਗਾਮੀ ਲਿਖਦਾ ਹੈ, "ਜਿੱਥੇ ਰੈੱਡ-ਸ਼ਿਫਟ ਇਸ ਗਲੈਕਸੀ ਨੂੰ ਪੁਲਾੜੀ





ਇਤਿਹਾਸ ਵਿਚ ਬਹੁਤ ਅਗੇਤਾ ਲੈ ਜਾਂਦੀ ਹੈ, ਉਥੇ ਸਪਿਤਜ਼ਰ ਇਨਫਰਾਰੈੱਡ ਖੋਜ ਕਾਰਜ ਸੰਕੇਤ ਕਰਦਾ ਹੈ ਕਿ ਗਲੈਕਸੀ ਵਿਚ ਕਾਫੀ ਧੁੰਦਲੇ ਅਤੇ ਪੁਰਾਣੇ ਤਾਰੇ ਵੀ ਮੌਜੂਦ ਹਨ, ਜਿਹਨਾਂ ਦੇ ਕਰੀਬ 750 ਮਿਲੀਅਨ ਸਾਲ ਹੋਰ ਅਗੇਤੇ ਬਣੇ ਹੋਣ ਦੀ ਸੰਭਾਵਨਾ ਹੈ। ਇਹ ਗੱਲ ਗਲੈਕਸੀ ਬਾਰੇ ਗਿਆਨ ਦੇ ਕਾਲ ਨੂੰ 750 ਮਿਲੀਅਨ ਸਾਲ ਹੋਰ ਪਿੱਛੇ ਭਾਵ ਬਿੱਗ ਬੈਂਗ ਤੋਂ ਕੇਵਲ 200 ਮਿਲੀਅਨ ਸਾਲ ਬਾਅਦ ਤੱਕ ਧਕੇਲ ਦਿੰਦੀ ਹੈ। ਅੰਦਾਜ਼ਾ ਹੈ ਕਿ ਇਸ ਗਲੈਕਸੀ ਵਿਚ ਬਿੱਗ ਬੈਂਗ ਵਾਪਰਨ ਤੋਂ ਕੇਵਲ 200 ਮਿਲੀਅਨ ਸਾਲ ਬਾਅਦ ਹੀ ਤਾਰੇ ਬਣਨੇ ਸ਼ੁਰੂ ਹੋ ਗਏ ਹੋਣਗੇ।"

ਅੰਤਰ ਰਾਸ਼ਟਰੀ ਹਫਤਾਵਾਰੀ ਰਸਾਲਾ, 'ਨੇਚਰ' (Nature) ਦੇ 24 ਅਕਤੂਬਰ, 2013 ਵਾਲੇ ਅੰਕ ਵਿਚ ਯੂਨੀਵਰਸਿਟੀ ਆਫ ਕੈਲੀਫੋਰਨੀਆ ਐਟ ਰਿਵਰ ਸਾਈਡ (University of California at River Side) ਦੇ ਪੁਲਾੜ ਵਿਗਿਆਨੀਆਂ ਨੇ ਇਕ ਰਿਪੋਰਟ ਵਿਚ ਖੁਲਾਸਾ ਕੀਤਾ ਹੈ ਕਿ ਉਹਨਾਂ ਨੇ Z8-GND-5296 ਨਾਂ ਦੀ ਇਕ ਗਲੈਕਸੀ ਖੋਜੀ ਹੈ ਜਿਸ ਦੀ ਰੈੱਡਸ਼ਿਫਟ 7.51 ਹੈ, ਜੋ ਸੰਕੇਤ ਕਰਦੀ ਹੈ ਕਿ ਪ੍ਰਕਾਸ਼ ਨੂੰ ਇਸ ਤੋਂ ਚੱਲ ਕੇ ਇੱਥੇ ਤੱਕ ਪਹੁੰਚਣ ਲਈ ਕਰੀਬ 13 ਬਿਲੀਅਨ ਸਾਲ ਲੱਗੇ ਹੋਣਗੇ। ਇਸ ਤਰ੍ਹਾਂ ਬਿੱਗ ਬੈਂਗ ਤੋਂ ਕਰੀਬ 700-800 ਮਿਲੀਅਨ ਸਾਲ ਬਾਅਦ ਹੀ ਇਸ ਗਲੈਕਸੀ ਦੀ ਹੋਂਦ ਮੌਜੂਦ ਹੋਣ ਦੀ ਸੰਭਾਵਨਾ ਬਣ ਜਾਂਦੀ ਹੈ। ਇਹ ਗਲੈਕਸੀ ਪ੍ਰਸ਼ਾਂਤ ਮਹਾਂਸਾਗਰ (Pacific Ocean) ਦੇ ਅੰਦਰ ਮੌਜੂਦ ਹਵਾਈ (Hawaii) ਨਾਂ ਦੇ ਟਾਪੂ ਉਤੇ ਸਥਿਤ ਇਕ ਅਕਿਰਿਆਸ਼ੀਲ ਜਵਾਲਾਮੁਖੀ ਉਤੇ ਰੱਖੇ ਗਏ ਇਨਫਰਾਰੈੱਡ ਯੰਤਰ ਵਾਲੇ ਕੈੱਕ ਟੈਲੀਸਕੋਪ (Keck tele-scope) ਦੁਆਰਾ ਖੋਜੀ ਗਈ।

ਇਹ ਖੋਜ ਯੂਨੀਵਰਸਿਟੀ ਆਫ ਕੈਲੀਫੋਰਨੀਆ ਐਟ ਰਿਵਰ ਸਾਈਡ (University of California at River Side), ਯੂਨੀਵਰਸਿਟੀ ਆਫ ਟੈਕਸਜ਼ ਐਟ ਆਸਟਿਨ (University of Texas at Austin), ਟੈਕਸਜ਼ ਏ ਐਂਡ ਐਮ ਯੂਨੀਵਰਸਿਟੀ (Texas A & M University) ਅਤੇ ਨੈਸ਼ਨਲ ਔਪਟੀਕਲ ਐਸਟ੍ਰੋਨੋਮੀ ਆਬਜ਼ਰਵੇਟਰੀਜ਼ (National Optical Astronomy Observato-ries) ਦੀ ਸਾਂਝੀ ਕੋਸ਼ਿਸ਼ ਸੀ।

ਇਸ ਤਰ੍ਹਾਂ ਪੁਲਾੜ ਵਿਗਿਆਨੀਆਂ ਵੱਲੋਂ ਕੀਤੇ ਗਏ ਡੂੰਘੇ ਅਧਿਐਨ ਤੋਂ ਇਸ ਗੱਲ ਦੀ ਪੁਸ਼ਟੀ ਹੋ ਜਾਂਦੀ ਹੈ ਕਿ ਬਿੱਗ ਬੈਂਗ ਤੋਂ ਕੁਝ ਮਿਲੀਅਨ ਸਾਲ ਬਾਅਦ ਹੀ ਗਲੈਕਸੀਆਂ ਦੀ ਹੋਂਦ ਮੌਜੂਦ ਸੀ।

**ਗਲੈਕਸੀਆਂ ਦੀ ਦੂਰੀ-** ਪ੍ਰਕਾਸ਼ ਨੂੰ ਗਲੈਕਸੀਆਂ ਤੋਂ ਚੱਲ ਕੇ ਇੱਥੇ ਪਹੁੰਚਣ ਲਈ ਲੱਗਿਆ ਸਮਾਂ (ਯਾਤਰਾ ਕਾਲ), ਉਸ ਦੀ ਦੂਰੀ ਦਾ ਸਿੱਧਾ ਮਾਪ ਹੈ। ਜਿੰਨੇ ਸਾਲ ਪ੍ਰਕਾਸ਼ ਦਾ ਯਾਤਰਾ ਸਮਾਂ ਹੋਵੇਗਾ, ਉਨੇ ਪ੍ਰਕਾਸ਼ੀ ਸਾਲ ਉਸ ਗਲੈਕਸੀ ਦੀ ਦੂਰੀ ਹੋਵੇਗੀ। ਉਦਾਹਰਣ ਦੇ ਤੌਰ ਤੇ ਮੰਨ ਲਓ, ਇਕ ਗਲੈਕਸੀ ਤੋਂ ਤੁਰੇ ਪ੍ਰਕਾਸ਼ ਨੂੰ ਸਾਡੇ ਤੱਕ ਪਹੁੰਚਣ ਲਈ 13 ਬਿਲੀਅਨ ਸਾਲ ਲੱਗਦੇ ਹਨ, ਤਾਂ ਉਹ ਗਲੈਕਸੀ ਸਾਡੇ ਤੋਂ 13 ਬਿਲੀਅਨ ਪ੍ਰਕਾਸ਼ੀ ਸਾਲ ਦੂਰ ਹੋਵੇਗੀ ਜਦੋਂ ਉਹ ਪ੍ਰਕਾਸ਼ ਤੋਂ ਰਵਾਨਾ ਹੋਇਆ ਹੋਵੇਗਾ। (1 ਪ੍ਰਕਾਸ਼ੀ ਸਾਲ = $9.4605 \times 1015$ ਮੀਟਰ)। ਯਾਤਰਾ ਸਮਾਂ ਰੈੱਡਸ਼ਿਫਟ ਤੋਂ ਮਾਲੂਮ ਕੀਤਾ ਜਾਂਦਾ ਹੈ।

ਵਰਣਨਯੋਗ ਹੈ ਕਿ ਇਹਨਾਂ ਗਲੈਕਸੀਆਂ ਦੀਆਂ ਮਾਪੀਆਂ ਗਈਆਂ ਦੂਰੀਆਂ ਹੁਣ ਤੱਕ ਬਦਲ ਚੁੱਕੀਆਂ ਹਨ। ਗਲੈਕਸੀਆਂ ਹੋਰ ਦੂਰ ਜਾ ਚੁੱਕੀਆਂ ਹਨ ਕਿਉਂਕਿ ਬ੍ਰਹਿਮੰਡ ਲਗਾਤਾਰ ਪਸਾਰ ਕਰ ਰਿਹਾ ਹੈ ਅਤੇ ਗਲੈਕਸੀਆਂ ਲਗਾਤਾਰ ਇਕ ਦੂਜੇ ਤੋਂ ਪਰ੍ਹੇ ਹਟ ਰਹੀਆਂ ਹਨ।

**(ਚਲਦਾ)**

## ਆਹ ! ਚੁੰਬਰ ਸਾਹਿਬ ਜੀ ! ! ਕਿੱਧਰ ਚਲੇ ਗਏ ! ! !

ਮੋਢੀ ਕਾਂਸ਼ੀ ਰਾਮ ਜੀ ਨਾਲ ਉਹ ਮੋਢੇ ਨਾਲ ਮੋਢਾ ਲਾ ਕੇ ਤੁਰਦੇ ਰਹੇ। ਸਮਾਜ ਲਈ ਕੰਮ ਆਉਣ ਦਾ ਜਜ਼ਬਾ ਉਹਨਾਂ ਵਿਚ ਕੁੱਟ ਕੁੱਟ ਕੇ ਭਰਿਆ ਹੋਇਆ ਸੀ। ਇਹ ਉਹਨਾਂ ਦੀ ਸੇਧ ਅਤੇ ਸਿੱਖਿਆ ਦਾ ਹੀ ਅਸਰ ਹੋਵੇਗਾ ਕਿ ਉਹਨਾਂ ਦੇ ਛੋਟੇ ਭਰਾ ਪੀ. ਸੀ. ਚੁੰਬਰ ਉਹਨਾਂ ਦੇ ਕਦਮ ਚਿੰਨ੍ਹਾਂ ਤੇ ਚੱਲਦੇ ਹੋਏ ਸਮਾਜਿਕ ਸੇਧ ਲਈ ਹੀ ਦੇਸ਼ ਤੋਂ ਦੂਰ ਅਮਰੀਕਾ ਦੀ ਧਰਤੀ ਤੋਂ ਦੋ ਹਫਤਾਵਾਰੀ 'ਦੇਸ਼ ਦੁਆਬਾ ਅਤੇ ਅੰਬੇਦਕਰ ਟਾਈਮਜ਼' ਬੜੀ ਸਫਲਤਾ ਨਾਲ ਚਲਾ ਰਹੇ ਹਨ।

ਸੀ. ਐਲ. ਚੁੰਬਰ ਦੇ ਜਾਣ ਨਾਲ ਚੁੰਬਰ ਪਰਿਵਾਰ ਨੂੰ ਤਾਂ ਨਿਸ਼ਚੇ ਹੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਕੌਮ ਅਤੇ ਸਮਾਜ ਤੋਂ ਵੀ ਉਹਨਾਂ ਦਾ ਘਾਟਾ ਨਹੀਂ ਪੂਰਿਆ ਜਾਣਾ। ਉਹਨਾਂ ਦੀ ਉਮਰ ਹਾਲੇ ਕੋਈ ਤੁਰ ਜਾਣ ਦੀ ਹੈ ਵੀ ਨਹੀਂ ਸੀ। ਹਾਲੇ ਤਾਂ ਛੇ ਦਹਾਕੇ ਵੀ ਪੂਰੇ ਨਹੀਂ ਸੀ ਹੋਏ। ਇਹੀ ਤਾਂ ਉਮਰ ਸੀ ਜਦੋਂ ਪ੍ਰੌੜਤਾ ਨਾਲ ਸਮਾਜ ਨੂੰ ਸਹੀ ਰਾਹ ਵਿਖਾ ਕੇ ਸੱਚੇ ਮਾਰਗ ਦਾ ਗਾਡੀ ਬਣਿਆ ਜਾ ਸਕਦਾ ਸੀ। ਕਾਸ਼! ਚੁੰਬਰ ਸਾਹਿਬ ਘੱਟੋ ਘੱਟ ਦੋ ਕੁ ਦਹਾਕੇ ਹੋਰ ਸਾਡੇ ਵਿਚਕਾਰ ਰਹਿ ਸਕਦੇ!

## ਅਮਰੀਕੀ ਫੌਜ ਵਿਚ ਸਿੱਖਾਂ ਦੇ ਲਏ ਜਾਂਦੇ ਹਨ ਵਿਸ਼ੇਸ਼ ਟੈਸਟ

**ਨਿਊਯਾਰਕ-** ਆਪਣੀ ਕਿਸਮ ਦੇ ਇਕ ਨਿਵੇਕਲੇ ਮਾਮਲੇ ਵਿੱਚ ਇਕ ਭਾਰਤੀ-ਅਮਰੀਕੀ ਫੌਜੀ ਨੇ ਧਾਰਮਿਕ ਅਕੀਦੇ ਕਾਰਨ ਆਪਣੇ ਨਾਲ 'ਵਿਕਤਰੇਬਾਜ਼ੀ' ਦਾ ਦੋਸ਼ ਲਾਉਂਦਿਆਂ ਅਮਰੀਕੀ ਫੌਜ ਖ਼ਿਲਾਫ਼ ਮੁਕੱਦਮਾ ਦਾਇਰ ਕੀਤਾ ਹੈ। ਕੈਪਟਨ ਸਿਮਰਤਪਾਲ ਸਿੰਘ (28) ਨੇ ਦੋਸ਼ ਲਾਇਆ ਹੈ ਕਿ ਉਸ ਨੂੰ ਸਿੱਖ ਹੋਣ ਕਾਰਨ ਅਜਿਹੇ ਟੈਸਟ ਦੇਣ ਲਈ ਮਜਬੂਰ ਕੀਤਾ ਜਾਂਦਾ ਹੈ, ਜੋ ਕਿਸੇ ਹੋਰ ਫ਼ੌਜੀ ਤੋਂ ਨਹੀਂ ਲਏ ਜਾਂਦੇ। ਗ਼ੌਰਤਲਬ ਹੈ ਕਿ ਕੈਪਟਨ ਸਿਮਰਤਪਾਲ ਨੂੰ ਬੀਤੇ ਦਸੰਬਰ ਵਿੱਚ ਆਪਣੇ ਧਾਰਮਿਕ ਚਿੰਨ੍ਹ ਜਿਵੇਂ ਪੱਗ ਬੰਨ੍ਹਣ ਤੇ ਕੇਸ ਰੱਖਣ ਦੀ ਆਰਜ਼ੀ ਇਜਾਜ਼ਤ ਦਿੱਤੀ ਗਈ ਸੀ। ਉਸ ਦੀ ਨੁਮਾਇੰਦਗੀ ਕਰ ਰਹੀ ਕਾਨੂੰਨੀ ਸੇਵਾਵਾਂ ਦੇਣ ਵਾਲੀ ਕੌਮਾਂਤਰੀ ਕੰਪਨੀ ਮੈਕਡਰਮਟ ਵਿੱਲ ਐਂਡ ਐਮਰੀ ਨੇ ਇਕ ਬਿਆਨ ਵਿੱਚ ਦੱਸਿਆ ਕਿ ਉਸ ਨੂੰ ਦਿੱਤੀ ਗਈ ਇਹ ਸਹੂਲਤ 31 ਮਾਰਚ ਤੱਕ ਲਾਗੂ ਰਹਿਣੀ ਸੀ ਪਰ ਅਮਰੀਕੀ ਫੌਜ ਨੇ ਇਕ ਅਣਕਿਆਸਾ ਕਦਮ ਚੁੱਕਦਿਆਂ ਹਾਲ ਹੀ ਵਿੱਚ ਕੈਪਟਨ ਸਿਮਰਤ ਨੂੰ ਹਦਾਇਤ ਦਿੱਤੀ ਕਿ ਉਹ 'ਫੌਜ ਵਿੱਚ ਬਣੇ ਰਹਿਣ ਲਈ ਪੂਰਬਲੀ ਸ਼ਰਤ ਵਜੋਂ ਨਿਵੇਕਲੇ ਤੇ ਗ਼ੈਰ-ਮਿਆਰੀ ਟੈਸਟ ਪੂਰੇ ਕਰੇ।' ਕੰਪਨੀ ਨੇ ਸਿੱਖ ਕੁਲੀਸ਼ਨ ਅਤੇ ਕਾਨੂੰਨੀ ਆਜ਼ਾਦੀ ਲਈ ਬੈਕਟ ਫੰਡ ਨਾਲ ਮਿਲ ਕੇ ਕੈਪਟਨ ਸਿਮਰਤਪਾਲ ਵੱਲੋਂ ਅਮਰੀਕੀ ਰੱਖਿਆ ਮੰਤਰਾਲੇ ਖ਼ਿਲਾਫ਼ ਮੁਕੱਦਮਾ ਦਾਇਰ ਕੀਤਾ ਹੈ। ਗ਼ੌਰਤਲਬ ਹੈ ਕਿ ਕੈਪਟਨ ਸਿਮਰਤਪਾਲ ਇਸ ਤੋਂ ਪਹਿਲਾਂ ਅਫ਼ਗਾਨਿਸਤਾਨ ਵਿੱਚ ਸੜਕਾਂ ਕੰਢਿਉਂ ਬੰਬ ਹਟਾਉਣ ਸਬੰਧੀ ਵਧੀਆ ਕਾਰਗੁਜ਼ਾਰੀ ਸਦਕਾ ਤਗ਼ਮਾ ਵੀ ਜਿੱਤ ਚੁੱਕਾ ਹੈ ਤੇ ਉਸ ਨੂੰ ਸ਼ਾਨਦਾਰ ਸੇਵਾਵਾਂ ਬਦਲੇ ਹੋਰ ਮਾਣ-ਸਨਮਾਨ ਵੀ ਮਿਲੇ

# ਸਾਈਕਲ ਦੀ ਸਵਾਰੀ 'ਤੇ ਵਿਦੇਸ਼ ਦੀ ਉਡਾਰੀ?



ਤਰਲੋਚਨ ਸਿੰਘ ਦੁਪਾਲਪੁਰ
001-408-915-1268
Email : tdupalpuri@yahoo.com

ਦੁਨੀਆਂ ਵਿਚ ਭਾਵੇਂ ਬਹੁਤਾਤ ਉਨ੍ਹਾਂ ਲੋਕਾਂ ਦੀ ਹੈ, ਜੋ ਰਵਾਇਤੀ ਲੀਹਾਂ ਵਿਚ ਆਪਣੀ ਜ਼ਿੰਦਗੀ ਦੀ ਗ੍ਰਿਹਸਤ-ਗੱਡੀ ਠੇਲ੍ਹ ਕੇ, ਡਿਗਦੇ-ਢਹਿੰਦੇ ਸਵਾਸ ਪੂਰੇ ਕਰ ਜਾਂਦੇ ਹਨ। ਪਰ ਐਸੇ ਲੋਕਾਂ ਦੀ ਵੀ ਕਮੀ ਨਹੀਂ ਜੋ ਪ੍ਰੰਪਰਾਗਤ ਲੀਹਾਂ ਵਿਚ ਤੁਰਨ ਦੀ ਬਜਾਏ ਜੱਗੋਂ ਤੇਰ੍ਹਵੀਆਂ ਕਰਦੇ ਹੋਏ ਨਵੀਆਂ ਪੈੜਾਂ ਪਾਉਂਦੇ ਜਾਂਦੇ ਹਨ। ਅਜਿਹੇ ਅਨੋਖੇ ਵਿਰਲਿਆਂ ਵਿਚੋਂ ਕਈ ਵਿੰਗੇ-ਟੇਢੇ ਕੰਮ ਇਸ ਲਈ ਕਰਦੇ ਨੇ ਕਿ ਉਹ ਲੋਕਾਂ ਵਿਚ ਚਰਚਿਤ ਹੋਣ ਜਾਂ ਉਨ੍ਹਾਂ ਨੂੰ ਕਿਸੇ ਵਿਸ਼ੇਸ਼ ਇਨਾਮ-ਸਨਮਾਨ ਦੀ ਝਾਕ ਹੁੰਦੀ ਹੈ। ਪਰ ਕੁਝ ਐਸੇ ਅਲਬੇਲੇ ਵੀ ਹੁੰਦੇ ਹਨ ਜੋ ਆਪਣੇ ਸ਼ੌਂਕ ਨੂੰ ਜਨੂੰਨ ਬਣਾ ਕੇ ਅੱਗੇ ਹੀ ਅੱਗੇ ਵਧਦੇ ਰਹਿੰਦੇ ਹਨ। ਭਾਵੇਂ ਉਨ੍ਹਾਂ ਨੂੰ ਰਾਹਾਂ ਵਿਚ 'ਖਤਰਿਆਂ ਦੇ ਖਿਡਾਰੀ' ਹੀ ਕਿਉਂ ਨਾ ਬਣਨਾ ਪਵੇ। ਤੇਜ ਤੋਂ ਤੇਜ ਰਫਤਾਰ ਵਾਲੇ ਵਾਹਨਾਂ ਦੇ ਇਸ ਯੁੱਗ ਵਿਚ ਕੋਈ ਮੁੰਡਾ ਨੇੜੇ ਤੋਂ ਨੇੜੇ ਪੈਂਦੇ ਆਪਣੇ ਨਾਨਕੀਂ ਜਾਂ ਭੈਣ-ਭੂਆ ਦੇ ਪਿੰਡ, ਸਾਈਕਲ 'ਤੇ ਜਾਣਾ ਪਸੰਦ ਨਹੀਂ ਕਰਦੇ। ਪਰ ਹਥਲਾ ਲੇਖ ਇਕ ਐਸੇ 'ਸਿਰਫਿਰੇ ਮੁੰਡੇ' ਦੀ ਯਾਤਰਾ ਬਾਰੇ ਲਿਖਿਆ ਜਾ ਰਿਹਾ ਹੈ, ਜੋ ਜਲੰਧਰੋਂ ਸਾਈਕਲ 'ਤੇ ਸਵਾਰ ਹੋ ਕੇ ਦੁਰਾਡੇ ਦੇਸ਼ ਜਪਾਨ ਨੂੰ ਚੱਲ ਪੈਂਦਾ ਹੈ। ਇਕ ਪੇਂਡੂ, ਦੂਜਾ ਗਰੀਬ-ਦਲਿਤ ਪਰਿਵਾਰ ਨਾਲ ਸਬੰਧਤ ਹੋਣ ਕਰਕੇ, ਉਸਨੂੰ ਆਪਣੇ ਨਿਵੇਕਲੇ 'ਸਫਰ ਪ੍ਰੋਜੈਕਟ' ਪ੍ਰਤੀ ਆਂਢੀਆਂ-ਗੁਆਂਢੀਆਂ, ਰਿਸ਼ਤੇਦਾਰਾਂ ਅਤੇ ਯਾਰ-ਬੇਲੀਆਂ ਪਾਸੋਂ ਭੱਦੇ ਅਤੇ ਹੌਸਲਾ-ਢਾਹੂ ਮਖੌਲ ਠੱਠੇ ਸੁਣਨ ਨੂੰ ਮਿਲੇ। ਪਰ ਉਹ ਸਿਰੜੀ, ਇਨ੍ਹਾਂ ਸਭ ਨੂੰ ਅਣਸੁਣਿਆ ਕਰਕੇ ਮੰਜਿਲੇ-ਮਕਸੂਦ ਲਈ ਤੁਰ ਪਿਆ ਤੇ ਇਕ ਦਿਨ ਜਪਾਨ ਦੀਆਂ ਰਬੜ ਵਰਗੀਆਂ ਸੜਕਾਂ 'ਤੇ ਢੋਲੇ ਦੀਆਂ ਗਾਉਂਦਾ ਸਾਈਕਲ ਚਲਾਉਂਦਾ ਫਿਰਿਆ।

'ਜਿਸ ਬੰਦੇ ਨੇ ਬਾਈ ਰੁਪਏ ਦਾ ਨਕਸ਼ਾ ਬਾਰਾਂ ਰੁਪਏ ਵਿਚ (ਦੁਕਾਨਦਾਰ ਨਾਲ ਲੜ-ਝਗੜ ਕੇ) ਖਰੀਦਿਆ ਹੋਵੇ ਤੇ ਜਿਹੜੇ ਜੇਬ ਤੋਂ 'ਠਨ ਠਨ ਗੋਪਾਲ' ਹੋਵੇ, ਅਜਿਹਾ ਬੰਦਾ ਅਜੀਬ ਜਿਹੇ (ਵਿਦੇਸ਼ ਯਾਤਰਾ ਦੇ) ਪ੍ਰੋਜੈਕਟ ਤਿਆਰ ਕਰੇ, ਮਤਲਬ ਕਿ ਹਵਾ ਵਿਚ ਘੋੜੇ ਦੁੜ੍ਹਾਏ ਤਾਂ ਤੁਸੀਂ ਕੀ ਸਮਝੋਗੇ ਉਸ ਬੰਦੇ ਨੂੰ?

ਇਸ ਸਵੈ-ਕਥਨ ਦਾ ਜਵਾਬ, ਸੋਢੀ ਸੁਲਤਾਨ ਸਿੰਘ ਖੁਦ ਹੀ ਆਪਣੇ ਅਨੋਖੇ ਸਫਰ ਬਾਰੇ ਲਿਖੀ ਕਿਤਾਬ ਵਿਚਦਿੰਦਾ ਹੈ ਕਿ ਸਿਰਫਿਰਾ! ਮੁਲਕੋ ਮੁਲਕ ਸਾਈਕਲ-ਨਾਮਾ ਦੇ ਨਾਂ ਵਾਲੀ ਆਪਣੀ ਹੱਦ ਸਿਰੇ ਦੀ ਦਿਲਚਸਪ ਕਿਤਾਬ ਵਿਚ ਸੋਢੀ ਕਣ. ਥਾਂ ਖੁਦ ਨੂੰ 'ਕਮਲਾ ਤੇ ਪਾਗਲ' ਤੱਕ ਲਿਖਦਾ ਹੈ। ਖਾਸ ਕਰਕੇ ਆਪਣੀ ਉਹ ਤਰਸਯੋਗ ਹਾਲਤ ਬਿਆਨ ਕਰਦਿਆਂ ਜਦ ਉਹ ਕਿਸੇ ਇਕ ਦੇਸ਼ ਦਾ ਵੀਜ਼ਾ ਖਤਮ ਹੋਣ 'ਤੇ ਅਗਲੇ ਸਫਰ ਲਈ ਕਾਗਜ਼-ਪੱਤਰ ਲੈਣ ਲਈ ਆਪਣਾ ਸਾਈਕਲ ਘੜੀਸੀ ਉਥੇ ਕਿਸੇ ਦੂਜੇ ਦੇਸ਼ ਦੀ ਅੰਬੈਸੀ ਮੋਹਰੇ ਜਾ ਖੜ੍ਹਦਾ ਹੈ। ਉਦੋਂ ਸੋਢੀ ਰੋਣਹਾਕਾ ਹੋ ਕੇ ਆਪਣੇ ਆਪ ਨੂੰ 'ਕੁੱਤੇ ਕੰਮ 'ਚ ਪਿਆ' ਹੋਇਆ ਕਹਿ ਕੇ ਕੋਸਦਾ ਹੈ। ਪਰ ਜਦ ਅੰਬੈਸੀ ਵਾਲੇ ਵੀਜ਼ਿਆਂ ਨਲ ਭਰਿਆ ਪਿਆ ਉਹਦਾ ਪਾਸਪੋਰਟ ਤੇ ਉਸਦਾ ਸਿਰੜੀ ਸਫਰ ਦੇਖ ਕੇ ਲੋੜੀਂਦੇ ਕਾਗਜ਼-ਪੱਤਰ ਉਸ ਨੂੰ ਸੌਂਪ ਦਿੰਦੇ ਹਨ, ਤਾਂ ਮੁੜਕੇ ਫਿਰ ਉਹਦੇ ਸਿਰ ਅਮੁੱਕ ਸਫਰ ਦਾ ਭੂਤ ਸਵਾਰ ਹੋ ਜਾਂਦਾ ਹੈ। ਤੇ ਉਹ ਕਾਹਲੀ ਕਾਹਲੀ ਪੈਡਲ ਮਾਰਦਾ ਇਕ ਦੇਸ਼ ਛੱਡ, ਦੂਜੇ ਮੁਲਕ ਜਾ ਦਾਖਲ ਹੁੰਦਾ ਹੈ।

ਭਾਈ ਮਰਦਾਨੇ ਨੂੰ ਸਮਰਪਿਤ ਆਪਣੀ ਇਸ ਕਿਤਾਬ ਦੇ ਪੰਨਾ 129 'ਤੇ ਉਹ ਇਰਾਨ ਤੋਂ ਗਰੀਸ ਦਾ ਵੀਜ਼ਾ ਲੈਣ ਵੇਲੇ ਅੰਬੈਸੀ ਵਿਚਲਾ ਦ੍ਰਿਸ਼-ਚਿਤਰਣ ਕਰਦਿਆਂ ਇਕ ਬੜੀ ਪਤੇ ਦੀ ਗੱਲ ਦੱਸਦਾ ਹੈ-

'ਉਹ (ਲੇਡੀ) ਮੇਰੇ ਸਾਰੇ ਕਾਗਜ਼ ਪਾਸਪੋਰਟ ਸਮੇਤ ਅੰਦਰ ਲੈ ਗਈ। ਮੈਂ ਅਗਲੇ ਦਸ ਮਿੰਟਾਂ ਤੱਕ ਮਿੱਟੀ ਦੇ ਬਾਵੇ ਵਾਂਗੂੰ ਕੁਰਸੀ 'ਤੇ ਬੈਠਾ ਰਿਹਾ। ਜਪਾਨ ਰਹਿੰਦਿਆਂ ਮੈਨੂੰ ਕਿਸੇ ਤੋਂ ਪਤਾ ਲੱਗਾ ਸੀ ਕਿ ਅੰਬੈਸੀਆਂ ਵਿਚ ਜਦੋਂ ਤੁਹਾਨੂੰ ਇੰਟਰਵਿਊ ਲੈਣ ਵਾਲੇ ਕਮਰੇ ਵਿਚ ਇਕੱਲਾ ਛੱਡ ਜਾਣ ਤਾਂ ਬਹੁਤੀ ਵਾਰ ਉਹ ਅੰਦਰੋਂ ਗੁਪਤ ਕੈਮਰੇ ਨਾਲ ਤੁਹਾਡੇ ਹਾਵ-ਭਾਵ ਚੈਕ ਕਰਦੇ ਹਨ। ਫਿਰ ਵੀਜ਼ਾ ਦੇਣ ਜਾਂ ਨਾ ਦੇਣ 'ਚ ਤੁਹਾਡੇ ਗੁਪਤ ਤੌਰ 'ਤੇ ਨੋਟ ਕੀਤੇ ਗਏ ਹਾਵ-ਭਾਵ ਵੀ ਖਾਸਮ-ਖਾਸ ਕਾਰਨ ਬਣਦੇ ਹਨ।



ਸੰਨ 1998-99 ਵਿਚ ਜ਼ਿਲ੍ਹਾ ਕਪੂਰਥਲੇ ਦੇ ਆਪਣੇ ਪਿੰਡ ਮਦਾਰ ਲਾਗਲੇ ਕਸਬੇ ਨਡਾਲੇ ਦੇ ਕਾਲਜ ਵਿਚ ਪੜ੍ਹਦਿਆਂ ਹੀ ਸੋਢੀ ਸੁਲਤਾਨ ਸਿੰਘ ਨੇ ਸੰਸਾਰ-ਭ੍ਰਮਣ ਦੇ ਸੁਪਨੇ ਲੈਣੇ ਸ਼ੁਰੂ ਕਰ ਦਿੱਤੇ। ਘਰ ਦੀ ਮਾਲੀ ਹਾਲਤ ਮਾੜੀ ਹੋਣ ਕਾਰਨ ਆਪਣੇ ਪ੍ਰੋਜੈਕਟ ਲਈ ਇਸ ਨੇ ਕੋਈ ਸਪਾਂਸਰਸ਼ਿਪ ਲੈਣ ਦੇ ਬੜੇ ਯਤਨ ਕੀਤੇ। ਪਰ ਨਿਰਾਸ਼ਾ ਹੀ ਪੱਲੇ ਪਈ। ਕੁਝ ਘਰਦਿਆਂ ਦੇ ਗਲ 'ਗੂਲਾ ਦੇ ਕੇ ਅਤੇ ਕੁਝ ਦੋਸਤਾਂ ਪਾਸੋਂ ਮਾਇਕ ਮਦਦ ਨਾਲ ਸੋਢੀ ਨੇ ਸਭ ਤੋਂ ਪਹਿਲਾਂ ਸ੍ਰੀਲੰਕਾ ਦਾ ਰੁਖ ਕੀਤਾ। ਉਥੋਂ ਥਾਈਲੈਂਡ, ਮਲਾਇਆ, ਬੈਂਕਾਕ, ਸਿੰਘਾਪੁਰ ਹੁੰਦੇ ਹੋਏ ਜਪਾਨ ਜਾ ਪਹੁੰਚਿਆ।

ਇਸ ਸਫਰ ਦੌਰਾਨ ਜਿੱਥੇ ਉਸਨੂੰ ਪੁਲਿਸ ਕਰਮੀ ਅਤੇ ਆਮ ਭਲੇ ਲੋਕ ਮਿਲਦੇ ਰਹੇ, ਉਥੇ ਉਸਨੂੰ ਲੁਟੇਰਿਆਂ ਨੇ ਵੀ ਲੁੱਟਿਆ। ਕੁਆਲਾਲੰਪੁਰ ਵਿਚ ਰਾਤ ਦੇ ਸਮੇਂ ਕੁਝ ਠੱਗਾਂ ਨੇ ਉਸਦੀ ਜੇਬ ਵਿਚੋਂ ਸਥਾਨਕ ਕਰੰਸੀ 500 ਰਿੰਗਟ ਕੱਢ ਕੇ ਉਸ ਨੂੰ ਖਾਲਮ-ਖਾਲੀ ਕਰ ਦਿੱਤਾ। ਉਸ ਵੇਲੇ ਦੀ ਕੁਰਣਾਮਈ ਹਾਲਤ ਬਿਆਨ ਕਰਦਿਆਂ ਉਹ ਲਿਖਦਾ ਹੈ-

'ਮੈਂ ਆਪਣੇ ਗੁਰਦੁਆਰੇ ਵਾਲੇ ਕਮਰੇ ਵਿਚ ਆ ਗਿਆ। ਇਕ-ੱਲਿਆਂ ਬੈਠ ਕੇ ਬਹੁਤ ਰੋਇਆ। ਆਪਣੇ ਆਪ ਨੂੰ ਕੋਸਣ ਲੱਗਾ ਕਿ ਕਿਉਂ ਸਫਰ 'ਤੇ ਨਿਕਲਿਆ। ਰੋ ਰੋ ਕੇ ਜਦ ਮਨ ਹੌਲਾ ਹੋਇਆ ਤਾਂ ਕੋਈ ਹੱਲ ਲੱਭਣ ਬਾਰੇ ਸੋਚਣ ਲੱਗਾ। ਉਦਾਸ ਮਨ ਨਾਲ ਮੈਂ ਥੱਲੇ ਪਹਿਲੀ ਮੰਜ਼ਿਲ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ, ਆ ਗਿਆ। ਦੁਖੀ ਮਨ ਨਾਲ ਪ੍ਰਮਾਤਮਾ ਅੱਗੇ ਮੁਸੀਬਤ ਦਾ ਹੱਲ ਕੱਢਣ ਲਈ ਬੇਨਤੀ ਕੀਤੀ।

ਕਹਿੰਦੇ ਨੇ ਹਿੰਮਤੇ ਮਰਦਾਂ, ਮੱਦਦੇ ਖੁਦਾ! ਇੱਥੋਂ ਗੁਰਦੁਆਰੇ ਨੋਟਿਸ ਬੋਰਡ 'ਤੇ ਲੱਗਾ 'ਵਿਸਾਖੀ ਮੇਲੇ' ਦਾ ਇਸ਼ਤਿਹਾਰ ਪੜ੍ਹ ਕੇ ਇਹ ਸਾਈਕਲ ਚੁੱਕ ਉਥੇ ਪਹੁੰਚ ਜਾਂਦਾ ਹੈ। ਮੇਲੇ ਦਾ ਸਟੇਜ ਸੈਕਟਰੀ ਵਾਹ ਵਾਹ ਇਕੱਠੀ ਹੋਈ ਸੰਗਤ ਨੂੰ ਉਸਦੀ ਵਿਥਿਆ ਸੁਣਾ ਕੇ ਮਦਦ ਦੀ ਅਪੀਲ ਕਰਦਾ ਹੈ ਤੇ ਪਲਾਂ ਵਿਚ ਸੋਢੀ ਦੇ ਖੀਸੇ 'ਚ 1500 ਰਿੰਗਟ ਪੈ ਜਾਂਦੇ ਹਨ। ਫਿਰ ਉਹ ਖੁਸ਼ ਹੋ ਕੇ ਲਿਖਦਾ ਹੈ-

'ਹੁਣ ਮੇਰੇ ਕੋਲ ਭਾਰਤ ਦੇ ਹਿਸਾਬ ਨਾਲ ਪੱਚੀ ਹਜ਼ਾਰ ਰੁਪਏ ਸਨ। ਪੈਸੇ ਦੇਖ ਕੇ ਮੇਰੇ ਹੌਸਲੇ ਬੁਲੰਦ ਹੋ ਗਏ। ਇੱਥੋਂ ਸੁਰੱਖਿਅਤ ਪਿੱਛੇ ਮੁੜਿਆ ਜਾ ਸਕਦਾ ਸੀ, ਪਰ ਮੈਂ ਪਿੱਛੇ ਮੁੜਨ ਦੀ ਬਜਾਏ ਅਣਜਾਣ ਰਾਹਾਂ ਵੱਲ ਵਧਣ ਨੂੰ ਤਰਜੀਹ ਦਿੱਤੀ। ਕਈ ਦਿਨਾਂ ਤੋਂ ਦਿਮਾਗੀ ਪ੍ਰੇਸ਼ਾਨੀ ਤੇ ਉਨੀਂਦਰੇ ਕਾਰਨ ਮੇਰਾ ਬੁਰਾ ਹਾਲ ਸੀ। ਪਰ ਮੈਂ ਰਾਤ ਨੂੰ ਸੌਣ ਤੋਂ ਪਹਿਲਾਂ ਨਕਸ਼ਾ ਵਿਛਾ ਕੇ ਬਹਿ ਗਿਆ- ਮਲੇਸ਼ੀਆ ਤੋਂ ਅੱਗੇ ਸਿੰਗਾਪੁਰ, ਸਿੰਗਾਪੁਰੋਂ ਇੰਡੋਨੇਸ਼ੀਆ।

ਸਿੰਗਾਪੁਰ ਦੇ ਇਕ ਗੁਰਦੁਆਰੇ ਦੇ ਭਾਈ ਵੱਲੋਂ ਮੋਨਾ ਹੋਣ ਕਾਰਨ ਰਾਤ ਰੱਖਣ ਤੋਂ ਕਰੇ ਇਨਕਾਰ ਤੋਂ ਬਾਅਦ ਇਹ ਦੁਆਬੀਆਂ ਦੇ ਗੁਰਦੁਆਰੇ ਵੱਲ ਚਾਲੇ ਪਾ ਦਿੰਦਾ ਹੈ। ਉਸ ਸਮੇਂ ਰਾਤ ਦੇ ਇਕ ਵਜੇ ਜਦੋਂ ਪੂਰਾ ਸਿੰਗਾਪੁਰ ਸੌਂ ਰਿਹਾ ਸੀ, ਮੇਰੇ ਪੈਡਲਾਂ ਦਾ ਸ਼ੋਰ ਸ਼ਹਿਰ ਦੇ ਸੰਨਾਟੇ ਨੂੰ ਭੰਗ ਕਰ ਰਿਹਾ ਸੀ।

ਇੱਥੇ ਹੀ ਜਿੱਥੇ ਇਸ ਨੂੰ ਆਪਣੇ ਪਿੰਡਾਂ ਵੱਲ ਦੇ ਸਰਦਾਰਾਂ ਨੂੰ ਮਿਲ ਕੇ ਦਿਲੀ ਖੁਸ਼ੀ ਹੁੰਦੀ ਹੈ, ਉਥੇ ਹੀ ਇਸ ਨੂੰ ਇਕ ਪਾਰਕ ਲਾਗਿਉਂ ਲੰਘਦੇ ਨੂੰ ਇਕ ਬੋਰਡ ਉਤੇ 'ਇੰਡੀਅਨ ਨੈਸ਼ਨਲ ਆਰਮੀ' ਲਿਖਿਆ ਦੇਖ ਕੇ, ਆਪਣੇ ਦੇਸ ਦੇ ਸਿਰਲੱਥ ਸ਼ਹੀਦ ਸੂਰਮੇ ਯਾਦ ਆ ਜਾਂਦੇ ਹਨ। ਉਥੇ ਸੁਭਾਸ਼ ਚੰਦਰ ਬੋਸ ਦਾ ਨਾਂ ਪੜ੍ਹ ਕੇ ਇਸ ਦਾ ਸਿਰ ਮਾਣ ਨਾਲ ਉਚਾ ਹੋ ਜਾਂਦਾ ਹੈ।

ਇਨ੍ਹਾਂ ਮੁਲਕਾਂ ਦੀ ਸੈਰ ਤੋਂ ਇਲਾਵਾ ਇਹ ਸਾਈਕਲ-ਸਵਾਰ ਅਫਗਾਨਿਸਤਾਨ, ਇਰਾਕ ਰਾਹੀਂਹੁੰਦਾ ਹੋਇਆ ਫਰਾਂਸ ਵੀ ਪਹੁੰਚਿਆ। ਦਿੱਲੀ ਤੋਂ ਕਾਬਲ ਹਵਾਈ ਜਹਾਜ਼ ਰਾਹੀਂ ਪਹੁੰਚਕੇ ਉਥੇ ਉਸਨੇ ਜ਼ਿਆਫਤਾਂ ਵੀ ਮਾਣੀਆਂ। ਇਕ ਅਫਗਾਨ ਸ਼ਹਿਰ ਦੀ ਗਰੀਬੀ ਬਾਰੇ ਉਹ ਲਿਖਦਾ ਹੈ-

'ਜਗ੍ਹਾ ਜਗ੍ਹਾ ਭਿਖਾਰੀ ਬੈਠੇ ਹੋਏ ਸਨ ਤੇ ਸਿਰ ਤੋਂ ਪੈਰਾਂ ਤੱਕ ਐਨ ਕਜੀਆਂ ਬਜ਼ੁਰਗ ਭਿਖਾਰਨਾਂ ਨੂੰ ਦੇਖ ਕੇ ਮਨ ਦੁਖਦਾ ਸੀ। ਆਲੇ ਦੁਆਲੇ ਕਈ ਇਮਾਰਤਾਂ ਤਾਂ ਖੰਡਰਾਂ ਵਿਚ ਤਬਦੀਲ ਹੋ ਚੁੱਕੀਆਂ ਸਨ ਤੇ ਬੜੀਆਂ ਭਿਆਨਕ ਲੱਗਦੀਆਂ ਸਨ। ਇੰਝ ਲੱਗਦਾ ਸੀ ਜਿਵੇਂ ਇਸ ਧਰਤੀ 'ਤੇ ਰਹਿੰਦੇ ਆਦਮੀ ਜਦੋਂ ਦੇ ਹੋਂਦ ਵਿਚ ਆਏ ਹੋਣ ਲੜਦੇ ਹੀ ਆ ਰਹੇ ਹੋਣ।'

ਅਫਗਾਨਿਸਤਾਨ ਦੀ ਸੈਰ ਮੁਕਾ ਕੇ ਉਥੋਂ ਨਿਕਲਣ ਸਮੇਂ ਬਾਰੇ ਉਹ ਲਿਖਦਾ ਹੈ- 'ਹੁਣ ਮੈਂ 'ਨੋ ਮੈਨਜ਼ ਲੈਂਡ' 'ਤੇ ਖੜ੍ਹਾ ਸਾਂ, ਜੋ ਅਫਗਾਨਿਸਤਾਨ ਤੇ ਇਰਾਨ ਨੂੰ ਵੱਖਰਿਆਂ ਕਰਦੀ ਹੈ। ਇੱਥੋਂ 'ਅਲਵਿਦਾ ਅਫਗਾਨਿਸਤਾਨ' ਕਹਿ ਕੇ ਮੈਂ ਸਾਈਕਲ ਰੇੜ੍ਹਦਾ ਹੋਇਆ ਇਰਾਨ ਦੀ ਧਰਤੀ 'ਤੇ ਜਾ ਖੜ੍ਹਿਆ।

ਇਰਾਨ ਦਾ ਸੰਕੋਚਵਾਂ ਇਤਿਹਾਸ ਵਰਣਨ ਕਰਦਿਆਂ ਉਹ ਬਾਦਸ਼ਾਹ ਰਜ਼ਾ ਪਹਿਲਵੀ ਦੀ ਖੁੱਲ੍ਹ-ਦਿਲੀ ਬਾਰੇ ਦੱਸਦਾ ਹੈ ਕਿ ਇਸ ਨੇ ਇਰਾਨ ਵਿਚ ਪਹਿਲੀ ਵਾਰ ਗੁਰਦੁਆਰਾ ਬਣਾਉਣ ਦੀ ਇਜਾਜ਼ਤ ਦਿੱਤੀ ਸੀ। ਜਿਸ ਤੋਂ ਉਤਸ਼ਾਹਿਤ ਹੋ ਕੇ ਉਥੇ ਰਹਿੰਦੇ ਹਿੰਦੂ ਵੀਰ ਵੀ ਮੰਦਰ ਬਣਾਉਣ ਦੀ ਆਗਿਆ ਲੈਣ ਲਈ ਉਹਦੇ ਪਾਸ ਜਾ ਫਰਿਆਦੀ ਹੋਏ। ਪਰ ਬਾਦਸ਼ਾਹ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਮੈਂ ਇਸਲਾਮੀ ਮੁਲਕ ਵਿਚ ਬੁੱਤ-ਪ੍ਰਸਤੀ ਦੀ ਆਗਿਆ ਨਹੀਂ ਦੇ ਸਕਦਾ।

ਅਮਰੀਕਾ ਪਹੁੰਚਣ ਤੱਕ, ਦੁਨੀਆਂ ਭਰ ਦੇ ਸੈਰ-ਸਪਾਟੇ ਦੇ ਜਨੂੰਨ 'ਚ ਖੁੱਭਿਆ ਰਿਹਾ ਸੋਢੀ ਆਪਣੇ ਵਿਆਹ ਬਾਰੇ ਦੋ-ਟੁੱਕ ਗੱਲ ਕਰਦਾ ਹੈ- 'ਦੁਨੀਆਂ ਘੁੰਮਣ ਵਾਲੇ ਇਸ ਚੱਕਰ 'ਚ ਮੈਂ ਵਿਆਹ ਵਾਲੀ ਡਿਗਰੀ ਲੈਣ ਤੋਂ ਵੀ ਵਾਂਝਾ ਰਹਿ ਗਿਆ ਹਾਂ।' ਜਿੱਥੇ ਜਿੱਥੇ ਇਸ ਮਸਤ-ਮੌਲੇ ਸਾਈਕਲਿਸਟ ਦਾ ਸਾਈਕਲ ਪਹੁੰਚਿਆ, ਜੇ ਕੋਈ ਘਰੇ ਬੈਠਾ ਉਨ੍ਹਾਂ ਮੁਲਕਾਂ ਦੇ ਸਮਾਜਿਕ, ਧਾਰਮਿਕ ਜਾਂ ਰਾਜਨੀਤਿਕ ਹਾਲਾਤ ਬਾਰੇ ਜਾਣਕਾਰੀ ਪ੍ਰਾਪਤ ਕਰਨਾ ਚਾਹੇ ਤਾਂ ਪੰਜਾਬੀ ਸਾਹਿਤ ਪਬਲੀਕੇਸ਼ਨ, ਬਾਲੀਆਂ-ਸੰਗਰੂਰ ਵੱਲੋਂ ਛਾਪੀ ਗਈ ਦੋ ਸੌ ਸਫਿਆਂ ਦੀ ਇਹ ਕਿਤਾਬ ਜ਼ਰੂਰ ਪੜ੍ਹੇ। ਅੰਤਰ ਰਾਸ਼ਟਰੀ ਪੱਧਰ ਦੀਆਂ ਬੜੀਆਂ ਅਹਿਮ ਘਟਨਾਵਾਂ ਦੇ ਵੇਰਵਿਆਂ ਦੇ ਨਾਲ ਨਾਲ ਸੋਢੀ ਸੁਲਤਾਨ ਸਿੰਘ ਨੇ ਆਪਣੇ ਜਵਾਨੀ ਵੇਲੇ ਦੀਆਂ ਹੱਡ-ਬੀਤੀਆਂ ਵੀ ਬੜੇ ਮਾਰਮਿਕ ਲਹਿਜ਼ੇ ਨਾਲ ਵਰਣਿਤ ਕੀਤੀਆਂ ਹਨ ਕਿ ਦਲਿਤ ਵਰਗ ਨੂੰ ਕਿਵੇਂ ਪੈਰ ਪੈਰ 'ਤੇ ਜਾਤ-ਪਾਤ ਦੇ ਹੰਕਾਰੇ ਦੈਂਤ ਸਾਹਮਣੇ ਦੁਸ਼ਵਾਰੀਆਂ ਦਾ ਮੁਕਾਬਲਾ ਕਰਨਾ ਪੈਂਦਾ ਹੈ।

# ਆਮ ਆਦਮੀ ਤੋਂ ਖਾਸ ਬਣਨ ਦੀ ਲੋੜ

ਕੁਲਵੰਤ ਸਿੰਘ ਟਿੱਬਾ
91-92179-71379

ਭਾਰਤੀ ਸਮਾਜ ਦਾ ਇਹ ਦੁਖਾਂਤ ਰਿਹਾ ਹੈ ਕਿ ਭਾਰਤ ਵਿੱਚ 15 ਪ੍ਰਤੀਸਤ ਲੋਕਾਂ ਦਾ ਇੱਕ ਖਾਸ ਵਰਗ ਹੀ ਦੇਸ਼ ਦਾ ਹੁਕਮਰਾਨ ਰਿਹਾ। ਜਿਸਦੇ ਸਿੱਟੇ ਵਜੋਂ 85 ਪ੍ਰਤੀਸਤ ਲੋਕਾਂ ਦਾ ਸਮੂਹ ਆਪਣੇ ਆਪ ਨੂੰ ਆਮ ਆਦਮੀ ਸਮਝ ਕੇ ਹੀ ਆਪਣੇ ਤੇ ਹੋ ਰਹੇ ਜੁਲਮ ਵਿਰੁੱਧ ਲਾਮਬੰਦ ਹੋਣ ਤੋਂ ਗੁਰੇਜ਼ ਕਰਦਾ ਰਿਹਾ ਹੈ।ਇਹ ਸਭ ਸਾਡੀ ਮਾਨਸਿਕਤਾ ਵਿੱਚ ਆ ਚੁੱਕੇ ਨਿਘਾਰ ਦਾ ਹੀ ਸਿੱਟਾ ਹੈ।ਸਾਡੇ ਪੁਰਖੇ ਜਿਵੇਂ ਬਾਪ, ਦਾਦਾ, ਪੜਦਾਦਾ ਆਦਿ ਇਸ ਕਰਕੇ ਜੁਲਮ ਦਾ ਸਿਕਾਰ ਹੁੰਦੇ ਰਹੇ, ਆਰਥਿਕ ਸਾਧਨਾਂ ਦੀ ਕਾਣੀ ਵੰਡ ਦਾ ਸੰਤਾਪ ਸਦੀਆਂ ਤੋਂ ਭੁਗਤਦੇ ਰਹੇ, ਜਾਤ-ਪਾਤ,ਛੂਆਛਾਤ ਦੇ ਨਾਂ ਤੇ ਚੰਗਾ ਖਾਣ-ਪਹਿਨਣ ਅਤੇ ਪੜਾਈ ਆਦਿ ਤੋਂ ਵਿਰਵੇ ਰਹੇ ਕਿਉਂਕਿ ਉਹ ਆਮ ਆਦਮੀ ਸਨ।ਪਰ ਅਜੋਕੇ ਸਮੇਂ ਵਿੱਚ ਵੀ ਅਸੀਂ ਆਮ ਆਦਮੀ ਹਾਂ, ਆਮ ਆਦਮੀ ਹਾਂ ਦਾ ਰੌਲਾ ਪਾ ਰਿਹਾ ਹਾਂ। ਕਿਉਂਕਿ ਸਾਡੀ ਮਾਨਸਿਕਤਾ ਵਿੱਚ ਖਾਸ ਬਣਨ ਦੀ ਸੱਧਰ ਹੀ ਮਰ ਚੁੱਕੀ ਹੈ।ਸਧਾਰਨ ਲੋਕਾਂ ਦੇ ਹੱਕ ਵਿੱਚ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਾਅ ਦਾ ਨਾਅਰਾ ਮਾਰਿਆ ਅਤੇ ਸੰਨ 1699 ਵਿੱਚ ਖਾਲਸਾ ਪੰਥ ਦੀ ਸਾਜਨਾ ਕਰਕੇ ਐਲਾਨ ਕੀਤਾ ਕਿ ਮੇਰਾ ਖਾਲਸਾ ਚੰਗੇ ਵਸਤਰ ਪਹਿਨੇਗਾ,ਘੋੜ ਸਵਾਰੀ ਕਰੇਗਾ,ਸਾਸਤਰ ਵਿੱਦਿਆ ਵਿੱਚ ਨਿਪੁੰਨ ਬਣੇਗਾ, ਪੂਜਾ-ਪਾਠ ਕਰੇਗਾ ਅਤੇ ਉਸਦੀ ਇੱਕ ਖਾਸ ਪਹਿਚਾਣ ਹੋਵੇਗੀ।ਕਹਿਣ ਤੋਂ ਭਾਵ ਕਿ ਖਾਲਸਾ ਉਹ ਸਾਰੀਆਂ ਕਿਰਿਆਵਾਂ ਕਰੇਗਾ, ਜੋ ਮਨੂੰਵਾਦੀ ਸਮਾਜਿਕ ਵਿਵਸਥਾ ਵੱਲੋਂ ਦਲਿਤ ਕਿਰਤੀ ਲੋਕਾਂ ਲਈ ਸਿਰਫ ਇਸ ਕਰਕੇ ਪਾਬੰਧੀਸੁਦਾ ਸਨ ਕਿ ਉਹ ਨੀਚ ਜਾਤੀ ਨਾਲ ਸਬੰਧਿਤ ਸਨ।ਕਿਉਂਕਿ ਸਦੀਆਂ ਤੋਂ ਦਲਿਤ ਵਰਗ ਦੇ ਲੋਕਾਂ ਨੂੰ ਜਾਤਪਾਤ ਦੇ ਨਾਂ ਤੇ ਮਨੂੰਵਾਦੀ ਉੱਚ ਵਰਗ ਦੇ ਲੋਕਾਂ ਵੱਲੋਂ ਸਮਾਜਿਕ ਤੌਰ ਤੇ ਇੰਨਾਂ ਪਿੱਛੇ ਧੱਕ ਦਿੱਤਾ ਗਿਆ ਕਿ ਵਰਤਮਾਨ ਸਮੇਂ ਤੱਕ ਵੀ ਦਲਿਤਾਂ ਦਾ ਮਾਣ ਸਤਿਕਾਰ ਪੂਰੀ ਤਰਾਂ ਬਹਾਲ ਨਹੀਂ ਹੋ ਸਕਿਆ। ਪਰ ਖਾਲਸਾ ਪੰਥ ਦੀ ਸਾਜਨਾ ਨੇ ਸਦੀਆਂ ਤੋਂ ਚੱਲੀ ਆ ਰਹੀ ਰੂੜੀਵਾਦੀ ਪ੍ਰਵਿਰਤੀ ਨੂੰ ਸਿੱਧੇ ਤੌਰ ਤੇ ਵੰਗਾਰਿਆ।ਭਾਰਤ ਦੀ ਅਜਾਦੀ ਤੋਂ ਬਾਅਦ ਡਾ. ਭੀਮ ਰਾਓ ਅੰਬੇਡਕਰ ਜੀ ਅਣਥੱਕ ਯਤਨਾਂ ਸਦਕਾ 26 ਜਨਵਰੀ 1950 ਨੂੰ ਭਾਰਤੀ ਸੰਵਿਧਾਨ ਦੇ ਲਾਗੂ ਹੁੰਦਿਆਂ ਹੀ ਬਗੈਰ ਕਿਸੇ ਭੇਦਭਾਵ ਦੇ ਸਭ ਨੂੰ ਵੋਟ ਦਾ ਅਧਿਕਾਰ ਹੋਣ ਤੋਂ ਇਲਾਵਾਂ ਕਾਨੂੰਨੀ ਤੌਰ ਤੇ ਸਮਾਨਤਾ ਅਤੇ ਅਜਾਦੀ ਦਾ ਅਹਿਸਾਸ ਹੋਇਆ। ਦੇਸ ਦਾ ਹਰ ਆਮ ਆਦਮੀ ਖਾਸ ਬਣ ਗਿਆ ਪਰ ਦੁੱਖ ਦੀ ਗੱਲ ਹੈ ਕਿ ਦੇਸ ਅਜਾਦ ਹੋਣ ਤੋਂ 68 ਸਾਲ ਬਾਅਦ ਵੀ ਅਸੀਂ ਆਪਣੀ ਆਮ ਆਦਮੀ ਵਾਲੀ ਮਾਨਸਿਕਤਾ ਨੂੰ ਬਦਲ ਨਹੀਂ ਸਕੇ। ਅਸਲ ਵਿੱਚ ਅਸੀਂ ਆਪਣੇ ਆਪ ਨੂੰ ਸਧਾਰਣ ਵਿਆਕਤੀ ਹੀ ਸਮਝਦੇ ਹਾਂ ਕਿਉਂਕਿ ਅਸੀਂ ਆਪਣੀ ਤਾਕਤ ਨੂੰ 68 ਸਾਲਾਂ ਤੱਕ ਪਛਾਣ ਹੀ ਨਹੀਂ ਸਕੇ ਅਤੇ ਆਪਣੇ ਮਨਾਂ ਵਿੱਚ ਕਦੇ ਖਾਸ ਬਣਨ ਦੀ ਚਾਹਤ ਪੈਦਾ ਹੀ ਨਹੀਂ ਕੀਤੀ।ਡਾ. ਭੀਮ ਰਾਉ ਅੰਬੇਡਕਰ ਦੇ ਕਥਨ ਕਿ 'ਵੋਟ ਇੱਕ ਦੋ-ਧਾਰੀ ਤਲਵਾਰ ਹੈ, ਜੇਕਰ ਇਸਦਾ ਸਹੀ ਵਰਤੋਂ ਕਰੋਗੇ ਤਾਂ ਦੁਸਮਣ ਵੱਢਿਆ ਜਾਵੇਗਾ ਅਤੇ ਜੇਕਰ ਇਸਦੀ ਗਲਤ ਵਰਤੋਂ ਕਰੋਗੇ ਤਾਂ ਖੁਦ ਵੱਢੇ ਜਾਵੋਗੇ।' ਕਿਰਤੀ ਵਰਗ ਦਾ ਇਹ ਦੁਖਾਂਤ ਰਿਹਾ ਕਿ ਉਹ ਪੜ ਲਿਖ ਜਾਣ ਬਾਵਜੂਦ ਸੰਵਿਧਾਨ ਨਿਰਮਾਤਾ ਡਾ. ਭੀਮ ਰਾਉ ਅੰਬੇਡਕਰ ਦੀ ਦੂਰਅੰਦੇਸੀ ਵਿਚਾਰਧਾਰਾ ਨੂੰ ਸਮਝ ਹੀ ਨਹੀਂ ਸਕਿਆ ਅਤੇ ਕਿਰਤੀ ਵਰਗ ਦਾ ਸੋਸਣ ਕਰਨ ਵਾਲੀਆਂ ਧਿਰਾਂ ਦੇ ਪੱਖ ਵਿੱਚ ਭੁਗਤਦਾ ਰਿਹਾ ਹੈ।ਦੇਸ ਦੇ 85 ਪ੍ਰਤੀਸਤ ਮੂਲਨਿਵਾਸੀ ਦੇਸ ਦੀ ਅਜਾਦੀ ਤੋਂ ਬਾਅਦ ਵੋਟ ਨਾਂ ਦੇ ਹਥਿਆਰ ਦਾ ਆਪਣੇ ਖਿਲਾਫ ਹੀ ਇਸਤਮਾਲ ਕਰਦੇ ਆ ਰਹੇ ਹਨ,ਇਹੀ ਕਾਰਣ ਹੈ ਕਿ ਅਜੋਕੇ ਸਮੇਂ ਵੀ ਦਲਿਤਾਂ ਉਪਰ ਹੋ ਰਹੇ ਅੱ-ਤਿਆਚਾਰ ਰੁਕਣ ਦਾ ਨਾਂ ਨਹੀਂ ਲੈ ਰਹੇ। ਆਮ ਆਦਮੀ ਦੇ ਨਾਂ ਤੇ ਸਿਆਸਤ ਕਰਨ ਵਾਲੀ ਸਿਆਸੀ ਧਿਰ ਦੇ ਆਗੂ ਚੋਣਾਂ ਜਿੱਤ ਕੇ ਖੁਦ ਤਾਂ ਖਾਸ ਬਣ ਗਏ ਅਤੇ ਹੁਣ ਉਹ ਦਲਿਤਾਂ ਦੇ ਬ੍ਰਹਮਅਸਤਰ ਭਾਵ ਰਾਖਵਾਂਕਰਣ ਤੋੜਣ ਲਈ ਜੁਗਤਾਂ ਬਣਾ ਰਹੇ ਹਨ। ਆਮ ਆਦਮੀ ਪਾਰਟੀ ਦੇ ਆਗੂਆਂ ਨੇ ਵੀ ਹੋਰਨਾਂ ਬੁਰਜੂਆਂ ਸਿਆਸੀ ਪਾਰਟੀਆਂ ਵਾਂਗ ਦਲਿਤ ਲੋਕਾਂ ਦੀ ਗੁਲਾਮ ਮਾਨਸਿਕਤਾ ਦਾ ਲਾਹਾ ਲਿਆ ਹੈ। ਜਦਕਿ ਮੁਹਿੰਮ ਅਸਲ ਵਿੱਚ ਕਿਰਤੀ ਲੋਕਾਂ ਨੂੰ ਖਾਸ ਬਣਾਉਣ ਲਈ ਹੋਣੀ ਚਾਹੀਦੀ ਸੀ।ਪਰ ਹੋਇਆ ਇਸਦੇ ਬਿਲਕੁੱਲ ਉਲਟ ਕਿ ਕਿਰਤੀ ਲੋਕਾਂ ਦੇ ਮਨਾਂ ਵਿੱਚ ਇਸ ਗੁਲਾਮੀ ਵਾਲੀ ਪਫ਼ਵਿਰਤੀ ਨੂੰ ਹੋਰ ਪੱਕਾ ਕਰ ਦਿੱਤਾ ਗਿਆ ਕਿ ਅਸੀਂ ਸਿਰਫ ਆਮ ਆਦਮੀ ਹਾਂ। ਬਹੁਗਿਣਤੀ ਸਮਾਜ ਦੇ ਮਨਾਂ ਵਿੱਚ ਇਹ ਧਾਰਨਾ ਪੈਦਾ ਕਰਨ ਦੀ ਲੋੜ ਹੈ ਕਿ ਅਸੀਂ ਖਾਸ ਆਦਮੀ ਹਾਂ ਕਿਉਂਕਿ ਅਸੀ ਭਾਰਤ ਦੇ ਨਾਗਰਿਕ ਹਾਂ, ਅਸੀਂ ਹੀ ਦੇਸ ਦੀਆਂ ਸਰਕਾਰਾਂ ਚੁਣਦੇ ਹਾਂ ਅਤੇ ਰਾਜਭਾਗ ਵਿੱਚ ਸਾਡੀ ਹਿੱਸੇਦਾਰੀ ਹੈ।ਪਰ ਇਹ ਇੱਕ ਵੱਖਰਾ ਪਹਿਲੂ ਹੈ ਕਿ ਅਸੀਂ ਹਮੇਸਾ ਆਪਣੇ ਭਾਵ ਕਿਰਤ ਵਿਰੋਧੀ ਸਿਆਸੀ ਪਾਰ-ਟੀਆਂ ਦੇ ਹੱਕ ਵਿੱਚ ਹੀ ਵੋਟਿੰਗ ਕਰਦੇ ਆ ਰਹੇ ਹਾਂ।ਬਚਪਨ ਵਿੱਚ ਅਕਸਰ ਹੀ ਮੈਂ ਇਹ ਕਹਾਵਤ ਸੁਣਦਾ ਰਿਹਾ ਹਾਂ ਕਿ 'ਘਾਹੀਆਂ ਦੇ ਪੁੱਤਾਂ ਦੇ ਪੁੱਤਾਂ ਨੇ ਤਾਂ ਘਾਹ ਹੀ ਖੋਤਣਾ' ਪਰ ਹੁਣ ਉਹ ਸਮਾਂ ਨਹੀਂ ਰਿਹਾ। ਹੁਣ ਘਾਹ ਖੋਤਣ ਵਾਲਿਆਂ ਦੇ ਧੀਆਂ-ਪੁੱਤ ਇੰਜੀਨੀਅਰ, ਪੁਲਿਸ ਅਫਸਰ, ਪੀ ਸੀ ਐਸ, ਆਈ ਏ ਐਸ, ਆਈਪੀਐਸ ਬਣ ਰਹੇ ਹਨ। ਅਜਿਹਾ ਸੰਵਿਧਾਨ ਨਿਰਮਾਤਾ ਡਾ. ਭੀਮ ਰਾਉ ਅੰ-ਬੇਡਕਰ ਜੀ ਦੇ ਰਾਖਵੇਂ ਕੀਤੇ ਸੰਵਿਧਾਨਿਕ ਹੱਕਾਂ ਕਰਕੇ ਹੀ ਸੰਭਵ ਹੋ ਸਕਿਆ ਹੈ।

ਸਾਡਾ ਕਿਰਤੀ ਸਮਾਜ ਖਾਸ ਹੋਣ ਦੇ ਬਾਵਜੂਦ ਵੀ ਆਮ ਆਦਮੀ ਵਾਲਾ ਜੀਵਨ ਜਿਉਂਦਾ ਰਿਹਾ ਹੈ, ਤੰਗੀਆਂ ਤੁਰ-ਸੀਆਂ ਵਿੱਚ ਦਿਨ ਕੱਟਦਾ ਰਿਹਾ, ਮਨੂੰਵਾਦੀ ਵਿਵਸਥਾ ਦੇ ਜੁਲਮ ਚੁੱਪਚਾਪ ਸਹਿੰਦਾ ਰਿਹਾ। ਇਸਦਾ ਜਿੰਮੇਵਾਰ ਵੀ ਕਿਰਤੀ ਲੋਕ ਖੁਦ ਹੀ ਹਨ। ਕਿਉਂਕਿ ਅਸੀਂ ਵੋਟ ਦੀ ਅਸਲ ਕੀਮਤ ਹੀ ਨਹੀਂ ਸਮਝ ਸਕੇ, ਅਸੀਂ ਅਕਿਰ਼ਤਘਣ ਹੋ ਗਏ ਹਾਂ ਕਿਉਂਕਿ ਅਸੀਂ ਬਾਬਾ ਸਾਹਿਬ ਡਾ. ਬੀ ਆਰ ਅੰਬੇਡਕਰ ਜੀ ਦੇਣ ਨੂੰ ਭੁੱਲ ਚੁੱਕੇ ਹਾਂ, ਅਸੀਂ ਉਨ੍ਹਾਂ ਦੀ ਵਿਚਾਰਧਾਰਾ ਪੜਿਆ ਹੀ ਨਹੀਂ, ਸਮਝਿਆ ਹੀ ਨਹੀਂ ਫਿਰ ਆਪਣੇ ਆਪ ਤੇ ਲਾਗੂ ਕਰਨਾ ਤਾਂ ਦੂਰ ਦੀ ਗੱਲ ਹੈ। ਜੇ ਕੁਝ ਸਾਡੇ ਯਾਦ ਹੈ ਤਾਂ ਉਹ ਹੈ ਕਿ ਦੋ ਰੁਪੈ ਕਿਲੋ ਆਟਾ ਦਾਲ ਕਦੋਂ ਮਿਲਣੀ ਹੈ, ਢਾਈ ਸੌ ਰੁਪੈ ਪੈਨਸਨ ਕਦੋਂ ਮਿਲਣੀ ਹੈ,ਸਗਨ ਸਕੀਮ ਕਦੋਂ ਮਿਲਣੀ ਹੈ। ਅਸੀਂ ਕਦੇ ਸੋਚਿਆ ਹੀ ਨਹੀਂ ਕਿ ਸਾਡੇ ਬੱਚਿਆਂ ਨੂੰ ਚੰਗੀ ਐਜੂਕੇਸਨ ਕਦੋਂ ਮਿਲੇਗੀ, ਸਾਡੇ ਬੱਚਿਆਂ ਨੂੰ ਰੁਜਗਾਰ ਕਦੋਂ ਮਿਲੇਗਾ, ਸਾਨੂੰ ਚੰਗੀਆਂ ਸਿਹਤ ਸਹੂਲਤਾਂ ਕਦੋਂ ਮਿਲਣਗੀਆਂ, ਸਾਡੀਆਂ ਧੀਆਂ ਭੈਣਾਂ ਦੀਆਂ ਇੱਜਤਾਂ ਨੂੰ ਤਾਰ ਤਾਰ ਕਰਨ ਦਾ ਸਿਲਸਿਲਾ ਕਦੋਂ ਬੰਦ ਹੋਵੇਗਾ। ਇਹ ਸਭ ਕੀ ਹੈ।

ਇਹੀ ਤਾਂ ਹੈ ਸਾਡੀ ਗੁਲਾਮ ਮਾਨਸਿਕਤਾ। ਜੇਕਰ ਸਾਡੀ ਮਾਨਸਿਕਤਾ ਹੀ ਸਧਾਰਣ ਹੈ ਤਾਂ ਹੀ ਤਾਂ ਅਸੀਂ ਖਾਸ ਹੋਣ ਦੇ ਬਾਵਜੂਦ ਵੀ ਸਧਾਰਨ ਹਾਂ, ਆਮ ਆਦਮੀ ਹਾਂ। ਕਿਉਂਕਿ ਅਸੀਂ ਮੰਗਤਿਆਂ ਵਾਲੀ ਪਫ਼ਵਿਰਤੀ ਨੂੰ ਆਪਣੇ ਆਪ ਤੇ ਭਾਰੂ ਕਰ ਲਿਆ ਹੈ।

ਡਾ. ਬੀ ਆਰ ਅੰਬੇਡਕਰ ਜੀ ਕਿਰਤੀ ਸਮਾਜ ਨੂੰ ਕਿਹਾ ਕਰਦੇ ਸੀ ਕਿ ' ਆਪਣੇ ਘਰਾਂ ਦੀਆਂ ਕੰਧਾਂ ਤੇ ਲਿਖ ਲਵੋ ਕਿ ਅਸੀਂ ਇਸ ਦੇਸ ਦੇ ਹੁਕਮਰਾਨ ਬਣਨਾ ਹੈ।' ਕੀ ਅਸੀਂ ਦੇਸ ਦੇ ਹੁਕਮਰਾਨ ਬਣੇ , ਨਹੀਂ ਬਣੇ ਕਿਉਂਕਿ ਅਸੀਂ ਆਪਣੇ ਰਹਿਬਰ ਡਾ. ਬੀ. ਆਰ. ਅੰਬੇਡਕਰ ਦਾ ਗੱਲ ਨੂੰ ਮੰਨਿਆ ਹੀ ਨਹੀਂ। ਸਾਨੂੰ ਰਾਜਭਾਗ ਤੇ ਕਾਬਜ ਹੋਣ ਦੀ ਗੱਲ ਫਾਲਤੂ ਅਤੇ ਹਾਸੋਹੀਣੀ ਲੱਗਦੀ ਹੈ।ਜੋ ਅਜਿਹੀ ਗੱਲ ਕਰਦਾ ਹੈ,ਅਸੀਂ ਉਸਨੂੰ ਮੂਰਖ ਸਮਝਦੇ ਹਾਂ।ਇਹੀ ਕਿਰਤੀ ਸਮਾਜ ਦੇ ਦੁੱਖਾਂ ਦਾ ਸਭ ਤੋਂ ਕਾਰਣ ਹੈ।

## ਡੋਨਾਲਡ ਟਰੰਪ ਨੇ ਗਾਂਧੀ ਬਾਰੇ ਨਵਾਂ ਵਿਵਾਦ ਛੇੜਿਆ


ਵਾਸ਼ਿੰਗਟਨ- ਅਮਰੀਕਾ ਵਿੱਚ ਰਿਪਬਲਿਕਨ ਪਾਰਟੀ ਵੱਲੋਂ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਬਣਨ ਦੀ ਦੌੜ ਵਿੱਚ ਸ਼ਾਮਲ ਡੋਨਾਲਡ ਟਰੰਪ ਨੇ ਮਹਾਤਮਾ ਗਾਂਧੀ ਦੇ ਹਵਾਲੇ ਨਾਲ ਸੋਸ਼ਲ ਮੀਡੀਆ 'ਤੇ ਕੁੱਝ ਸਤਰਾਂ ਪਾ ਕੇ ਨਵਾਂ ਵਿਵਾਦ ਛੇੜ ਲਿਆ ਹੈ। ਅਮਰੀਕੀ ਮੀਡੀਆ ਨੇ ਇਨ੍ਹਾਂ ਸਤਰਾਂ ਦੇ ਗਾਂਧੀ ਵੱਲੋਂ ਕਹੇ ਜਾਣ ਜਾਂ ਵਰਤੇ ਜਾਣ ਦੀ ਪ੍ਰਮਾਣਕਤਾ ਉਤੇ ਸਵਾਲ ਕੀਤਾ ਹੈ। ਸ੍ਰੀ ਟਰੰਪ ਨੇ ਆਪਣੇ ਸਮਰਥਕਾਂ ਨੂੰ ਲਾਮਬੰਦ ਕਰਨ ਲਈ ਸੋਸ਼ਲ ਨੈੱਟਵਰਕਿੰਗ ਸਾਈਟ ਇੰਸਟਾਗ੍ਰਾਮ ਉਤੇ ਲਿਖਿਆ ਸੀ, 'ਪਹਿਲਾਂ ਉਹ ਤੁਹਾਨੂੰ ਨਜ਼ਰਅੰਦਾਜ਼ ਕਰਨਗੇ। ਫਿਰ ਉਹ ਤੁਹਾਡੇ 'ਤੇ ਹੱਸਣਗੇ, ਫਿਰ ਉਹ ਤੁਹਾਡੇ ਨਾਲ ਝਗੜਨਗੇ, ਫਿਰ ਤੁਸੀ ਜਿੱਤ ਜਾਵੋਂਗੇ-ਮਹਾਤਮਾ ਗਾਂਧੀ।' ਇਸ ਪੋਸਟ ਨਾਲ ਸਮਰਥਕਾਂ ਦੇ ਇਕੱਠ ਦੀ ਤਸਵੀਰ ਹੈ, ਜੋ ਅਲਬਾਮਾ ਵਿੱਚ ਟਰੰਪ ਦੀ ਪ੍ਰਚਾਰ ਮੁਹਿੰਮ ਦੌਰਾਨ ਮੌਜੂਦ ਸਨ। ਇਸ ਪੋਸਟ ਬਾਅਦ ਟਰੰਪ ਵਿਰੋਧੀ ਲਾਬੀ ਸੋਸ਼ਲ ਮੀਡੀਆ ਉਤੇ ਉਬਲ ਪਈ। ਅਮਰੀਕਾ ਦੀ ਸਿਆਸੀ ਵੈੱਬ-ਸਾਈਟ 'ਦਿ ਹਿੱਲ' ਨੇ ਕਿਹਾ ਕਿ ਇਸ ਦਾ ਕੋਈ ਰਿਕਾਰਡ ਨਹੀਂ ਹੈ ਕਿ ਮਹਾਤਮਾ ਗਾਂਧੀ ਨੇ ਇਹ ਸਤਰਾਂ ਕਹੀਆਂ ਸਨ।' ਉਨ੍ਹਾਂ ਕਿਹਾ ਕਿ ਇਹ ਸਤਰਾਂ 1918 ਵਿੱਚ ਸਮਾਜਵਾਦੀ ਨੇਤਾ ਨਿਕੋਲਸ ਕੇਨ ਵੱਲੋਂ ਟਰੇਡ ਯੂਨੀਅਨ ਨੂੰ ਸੰਬੋਧਨ ਕਰਦਿਆਂ ਵਰਤੇ ਗਏ ਸ਼ਬਦਾਂ ਵਰਗੀਆਂ ਲੱਗਦੀਆਂ ਹਨ।

(ਛਾਪਕ ਤੇ ਪਤਾ)
ਲੋਕ ਗੀਤ ਪ੍ਰਕਾਸ਼ਨ
ਐੱਸ.ਸੀ.ਓ.26-27
ਸੈਕਟਰ-34 ਏ ਚੰਡੀਗੜ
ਫੋਨ-91-1725077427
91-1725077428

ਡਾ. ਜਸਵੰਤ ਰਾਏ (ਲੇਖਕ)
ਅਕਾਸ਼ ਕਲੋਨੀ
ਗੁਰੂ ਰਵਿਦਾਸ ਨਗਰ
ਸ਼ੇਰ ਗੜ੍ਹ ਰੋਡ,ਹੁਸ਼ਿਆਰਪੁਰ
ਮੋਬਾ. 91-98158-25999
ਮੋਬਾ. 91-99150-40888

ਪ੍ਰਕਾਸ਼ਕ 'ਦੇਸ਼ ਦੁਆਬਾ' (ਕੈਲੇਫੋਰਨੀਆ)


# ਕੌਮ ਦਾ ਸਿਤਾਰਾ
# ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ




## ਗਦਰ ਲਹਿਰ ਦਾ ਇਤਿਹਾਸਕ ਪਿਛੋਕੜ

ਯੂਰਪ ਦੀ ਧਰਤੀ ਤੇ ਗ਼ਦਰ ਪਾਰਟੀ ਦੀਆਂ ਜੜ੍ਹਾਂ ਲਾਉਣ ਵਾਲੇ ਪ੍ਰਸਿੱਧ ਦੇਸ਼ ਭਗਤ ਬਾਬੂ ਹਰਨਾਮ ਸਿੰਘ ਸਾਹਰੀ ਨੂੰ 14 ਨਵੰਬਰ, 1916 ਈਸਵੀ ਨੂੰ ਮਾਂਡਲੇ ਜੇਲ੍ਹ ਵਿਚ ਅੰਗਰੇਜ਼ੀ ਹਕੂਮਤ ਦੁਆਰਾ ਫਾਂਸੀ ਦਿੱਤੀ ਗਈ ਸੀ। ਵਰ੍ਹਾ 2016 ਉਸ ਗ਼ਦਰੀ ਸੂਰਮੇ ਨੂੰ ਯਾਦ ਕਰਨ ਲਈ ਸ਼ਤਾਬਦੀ ਵਰ੍ਹਾ ਹੈ। ਮੈਂ ਤਿੰਨ ਸਾਲ ਦੇ ਖੋਜ ਕਾਰਜ ਉਪਰੰਤ ਬਾਬੂ ਹਰਨਾਮ ਸਿੰਘ ਸਾਹਰੀ ਦੇ ਜੀਵਨ ਅਤੇ ਸੰਘਰਸ਼ ਨੂੰ ਬਿਆਨ ਕਰਦਾ ਦਸਤਾਵੇਜ਼ "ਕੌਮ ਦਾ ਸਿਤਾਰਾ: ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ" ਲਿਖਿਆ ਹੈ ਜਿਸਨੂੰ ਪੁਸਤਕ ਰੂਪ ਵਿਚ "ਦੇਸ ਦੁਆਬਾ" ਪ੍ਰਕਾਸ਼ਨ ਸਮੂਹ ਦੇ ਕਰਤਾ ਧਰਤਾ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਨੇ ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕਰਵਾਇਆ ਹੈ। 'ਦੇਸ਼ ਦੁਆਬਾ' ਦੇ ਪਾਠਕਾਂ ਲਈ ਸ਼ਤਾਬਦੀ ਵਰ੍ਹੇ ਤੇ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਦੇ ਕੌਮੀ ਸੰਘਰਸ਼ ਦੀ ਗਾਥਾ ਨੂੰ ਲੜੀਵਾਰ ਛਾਪਣ ਦੇ ਵਡਮੁੱਲੇ ਸੁਝਾਅ ਨੂੰ ਪ੍ਰਵਾਨ ਕਰਦਿਆਂ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਨੇ ਜਿੱਥੇ ਗ਼ਦਰ ਲਹਿਰ ਦੇ ਸ਼ਹੀਦਾਂ ਨੂੰ ਸਨਮਾਨ ਦਿੱਤਾ ਹੈ ਉੱਥੇ ਸਾਡੇ ਮਾਣ ਨੂੰ ਵੀ ਵਧਾਇਆ ਹੈ। ਜਨਵਰੀ 2016 ਤੋਂ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਪਹਿਲੇ ਅੰਤਰਰਾਸ਼ਟਰੀ ਪੰਜਾਬੀ ਪੱਤਰਕਾਰ ਦੇ ਜੀਵਨ ਬਿਰਤਾਂਤ ਅਤੇ ਦੇਸ਼ ਪ੍ਰੇਮ ਦੇ ਰੰਗ ਵਿਚ ਰੰਗੀ ਸ਼ਖ਼ਸੀਅਤ ਬਾਰੇ ਡਾ. ਰਘਵੀਰ ਕੌਰ ਜਨਰਲ ਸਕੱਤਰ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, ਸੀਤਾ ਰਾਮ ਬਾਂਸਲ, ਪ੍ਰੇਮ ਕੁਮਾਰ ਚੁੰਬਰ ਅਤੇ ਮੇਰੇ ਸ਼ਬਦ "ਕਿੰਝ ਲਿਖ ਹੋਈ ਪੁਸਤਕ" ਲੇਖਾਂ ਤੋਂ ਬਾਅਦ ਲਗਾਤਾਰ ਇਸ ਦਸਤਾਵੇਜ਼ ਨੂੰ ਛਾਪਿਆ ਜਾ ਰਿਹਾ ਹੈ। ਇਹੀ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਦੀ ਯਾਦ ਵਿਚ ਸੱਚੀ ਸ਼ਰਧਾਂਜਲੀ ਹੋਵੇਗੀ।**–ਡਾ. ਜਸਵੰਤ ਰਾਏ**

**(ਤੀਜੀ ਕਿਸਤ)**

ਬੱਬਰ ਅਕਾਲੀ ਲਹਿਰ ਦੀ ਸ਼ੁਰੂਆਤ 25 ਤੋਂ 27 ਮਾਰਚ 1921 ਨੂੰ ਹੁਸ਼ਿਆਰਪੁਰ ਵਿਚ ਹੋਈ। 13ਵੀਂ ਸਿੱਖ ਐਜੂਕੇਸ਼ਨ ਕਾਨਫਰੰਸ ਤੋਂ ਮੰਨੀ ਜਾ ਸਕਦੀ ਹੈ, ਜਦੋਂ ਕੁਝ ਮਹੱਤਵਪੂਰਨ ਵਿਅਕਤੀਆਂ ਨੇ ਕਾਨਫਰੰਸ ਤੋਂ ਅਲੱਗ ਮੀਟਿੰਗ ਕਰਕੇ ਸ਼ਾਂਤੀ ਦਾ ਰਾਹ ਤਿਆਗ ਕੇ ਨਨਕਾਣਾ ਸਾਹਿਬ ਦੇ ਸਾਕੇ ਲਈ ਜ਼ਿੰਮੇਵਾਰ ਅੰਗਰੇਜ਼ ਅਫਸਰ ਸੀ. ਐਮ. ਕਿੰਗ ਕਮਿਸ਼ਨਰ ਲਾਹੌਰ, ਮਿ. ਬਾਊਰਿੰਗ ਐਸ. ਪੀ., ਮਹੰਤ ਸੇਵਾ ਦਾਸ, ਮਹੰਤ ਨਰਾਇਣ ਦਾਸ, ਸ. ਸੁੰਦਰ ਸਿੰਘ ਮਜੀਠਾ ਅਤੇ ਕਰਤਾਰ ਸਿੰਘ ਬੇਦੀ ਨੂੰ ਕਤਲ ਕਰਨ ਦਾ ਫੈਸਲਾ ਲਿਆ ਸੀ।

ਦੇਸ਼ ਨੂੰ ਆਜ਼ਾਦ ਕਰਾਉਣ ਅਤੇ ਕੁਰਬਾਨੀ ਦੇਣ ਲਈ ਬੱਬਰ ਕਿੰਨੇ ਕਾਹਲੇ ਸਨ, ਇਸਦੀ ਇਕ ਉਦਾਹਰਣ ਬੱਬਰ ਧੰਨਾ ਸਿੰਘ ਬਹਿਬਲਪੁਰ ਦੀ ਲਈ ਜਾ ਸਕਦੀ ਹੈ। ਧੰਨਾ ਸਿੰਘ ਬਹਿਬਲਪੁਰ ਨੇ ਜਿਉਂਦੇ ਜੀਅ ਗ੍ਰਿਫਤਾਰ ਨਾ ਹੋਣ ਦੀ ਕਸਮ ਖਾਧੀ ਹੋਈ ਸੀ ਅਤੇ ਇਸੇ ਕਸਮ ਦਾ ਧਾਰਨੀ ਬਾਦ ਵਿਚ ਸ਼ਹੀਦ ਚੰਦਰ ਸ਼ੇਖਰ ਆਜ਼ਾਦ ਵੀ ਰਿਹਾ। ਗੱਲ 25 ਅਕਤੂਬਰ 1923 ਈ. ਦੀ ਹੈ ਜਦੋਂ ਹੁਸ਼ਿਆਰਪੁਰ ਜ਼ਿਲ੍ਹੇ ਦਾ ਪੁਲਿਸ ਕਪਤਾਲ ਆਪਣੇ ਪੰਜ ਕਰਮਚਾਰੀਆਂ ਨਾਲ ਧੰਨਾ ਸਿੰਘ ਨੂੰ ਗ੍ਰਿਫਤਾਰ ਕਰਨ ਉਪਰੰਤ ਹੁੱਬ-ਹੁੱਬ ਕਹਿ ਰਿਹਾ ਸੀ ਕਿ ਮੈਂ ਧੰਨਾ ਸਿੰਘ ਨੂੰ ਜਿਉਂਦੇ ਜੀਅ ਗ੍ਰਿਫਤਾਰ ਕੀਤਾ ਹੈ। ਉਸਦੇ ਮਨ ਵਿਚ ਸੀ ਕਿ ਹੁਣ ਹਕੂਮਤ ਇਸ ਸ਼ਾਨਾਮੱਤੇ ਕਾਰਨਾਮੇ ਕਰਕੇ ਮੇਰੇ ਹੋਰ ਫੀਤੀਆਂ ਲਾਵੇਗੀ। ਧੰਨਾ ਸਿੰਘ ਖੁਸ਼ ਸੀ। ਉਸਨੇ ਆਪਣੀ ਕੱਛ ਹੇਠ ਰੱਖੇ ਬੰਬ ਨੂੰ ਦਬਾਅ ਦਿੱਤਾ। ਆਪ ਵੀ ਸ਼ਹੀਦ ਹੋ ਗਿਆ ਨਾਲ ਅੰਗਰੇਜ਼ੀ ਹਕੂਮਤ ਦੇ ਪੰਜ ਅਫਸਰਾਂ ਨੂੰ ਵੀ ਗੱਡੀ ਚਾੜ੍ਹ ਗਿਆ।

ਭਾਰਤੀ ਸੁਤੰਤਰਤਾ ਸੰਗਰਾਮ ਨੂੰ ਬੁਲੰਦੀਆਂ ਤੇ ਪਹੁੰਚਾਉਣ ਵਾਲਾ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਗਦਰੀਆਂ ਅਤੇ ਬੱਬਰਾਂ ਤੋਂ ਬਹੁਤ ਪ੍ਰਭਾਵਿਤ ਸੀ। ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਫੋਟੋ ਤਾਂ ਉਹ ਹਰ ਵੇਲੇ ਆਪਣੀ ਜੇਬ ਵਿਚ ਪਾਈ ਰੱਖਦਾ ਸੀ। ਸ਼ਹੀਦ ਭਗਤ ਸਿੰਘ ਵੱਲੋਂ ਇਨ੍ਹਾਂ ਸੂਰਮਿਆਂ ਸਬੰਧੀ ਲਿਖੇ ਲੇਖ 'ਹੋਲੀ ਕੇ ਦਿਨ ਖ਼ੂਨ ਕੇ ਛੀਂਟੇ' ਵਿਚ ਇਨ੍ਹਾਂ ਵੱਲੋਂ ਹਕੂਮਤ ਨਾਲ ਲਈਆਂ ਖ਼ੂਨੀ ਟੱਕਰਾਂ ਦਾ ਵਿਸਤਾਰ ਸਹਿਤ ਵਰਣਨ ਕੀਤਾ ਗਿਆ ਹੈ। ਸ਼ਹੀਦ ਭਗਤ ਸਿੰਘ ਦੀ ਟੀਮ ਦੇ ਬਹੁਤੇ ਪ੍ਰੋਗਰਾਮ ਗਦਰੀਆਂ ਅਤੇ ਬੱਬਰਾਂ ਦੀਆਂ ਸਰਗਰਮੀਆਂ ਨਾਲ ਮਿਲਦੇ ਜੁਲਦੇ ਸਨ। ਉਹ ਵੀ ਇਹਨਾਂ ਵਾਂਗ ਹੀ ਹਥਿਆਰਬੰਦ ਇਨਕਲਾਬ ਕਰਕੇ ਆਪਣੇ ਦੇਸ਼ ਨੂੰ ਬ੍ਰਿਟਿਸ਼ ਪ੍ਰਸ਼ਾਸਨ ਤੋਂ ਮੁਕਤ ਕਰਾਉਣਾ ਚਾਹੁੰਦੇ ਸਨ। ਜੱਦੋ ਜਹਿਦ ਕਰਦੇ ਹੋਏ ਸੂਰਮੇ ਫਾਂਸੀ ਲੱਗ ਗਏ, ਜੇਲ੍ਹੀਂ ਚਲੇ ਗਏ ਪਰ ਈਨ ਨਾ ਮੰਨੀ। ਜੇਲ੍ਹਾਂ ਵਿਚ ਜਾ ਕੇ ਵੀ ਚੁੱਪ ਕਰਕੇ ਨਾ ਬੈਠੇ। ਉਥੇ ਵੀ ਅੰਗਰੇਜ਼ੀ ਧੱਕੇਸ਼ਾਹੀ ਖਿਲਾਫ ਮਰਨ ਵਰਤ ਤੇ ਬੈਠ ਗਏ। ਸਰੀਰ ਸੁੱਕ ਕੇ ਕਰੰਗ ਬਣ ਗਏ ਪਰ ਪਿੱਛੇ ਮੁੜ ਕੇ ਨਾ ਦੇਖਿਆ। ਅੰਗਰੇਜ਼ੀ ਹਕੂਮਤ ਨੂੰ ਜੁੱਤੀ ਪਾਣੀ ਪਿਲਾ ਕੇ ਹੀ ਹਟੇ। ਪਤਾ ਨਹੀਂ ਕਿਸ ਮਿੱਟੀ ਦੇ ਬਣੇ ਹੋਏ ਸਨ, ਇਹ ਲੋਕ। ਬੱਬਰ ਅਕਾਲੀ ਲਹਿਰ ਦੇ ਕਾਰਕੁੰਨਾਂ ਨੂੰ ਫਾਹੇ ਲਾ ਕੇ, ਗੋਲੀਆਂ ਨਾਲ ਭੁੰਨ ਕੇ ਅਤੇ ਬਾਕੀ ਬਚਦਿਆਂ ਨੂੰ ਜੇਲ੍ਹੀਂ ਭੇਜ ਕੇ ਅੰਗਰੇਜ਼ੀ ਹਕੂਮਤ ਇਸ ਵਿਦਰੋਹ ਨੂੰ 'ਖਤਮ ਕਰ ਦਿੱਤਾ' ਮੰਨ ਬੈਠੀ ਸੀ। ਪਰ ਜਿਨ੍ਹਾਂ ਨੂੰ ਦੇਸ਼ ਪ੍ਰੇਮ ਦਾ ਇਸ਼ਕ ਲੱਗ ਜਾਵੇ ਉਹ ਕਦ ਆਰਾਮ ਨਾਲ ਬਹਿੰਦੇ ਹਨ। ਜਿਹੜੇ ਜੇਲ੍ਹਾਂ ਵਿਚੋਂ ਸਜ਼ਾ ਕੱਟ ਕੇ ਆਏ ਉਹ ਵੀ ਘਰੀਂ ਹੱਥ ਤੇ ਹੱਥ ਧਰ ਕੇ ਨਾ ਬੈਠੇ। ਫਿਰ ਲੋਕ ਮਸਲਿਆਂ ਲਈ ਮੈਦਾਨ-ਏ-ਜੰਗ ਵਿਚ ਨਿੱਤਰ ਆਏ। ਕਿਰਤੀ-ਕਿਸਾਨ ਪਾਰਟੀ ਨਵੀਂ ਜਥੇਬੰਦੀ ਬਣਾ ਲਈ। ਹਮਖਿਆਲ ਸਾਥੀਆਂ ਨੂੰ ਦੁਬਾਰਾ ਇਸ ਜਥੇਬੰਦੀ ਦੇ ਝੰਡੇ ਥੱਲੇ ਇਕੱਤਰ ਕਰਨਾ ਸ਼ੁਰੂ ਕਰ ਦਿੱਤਾ। ਆਪਣਾ 'ਕਿਰਤੀ' ਅਖਬਾਰ ਪ੍ਰਕਾਸ਼ਿਤ ਕਰਨਾ ਸ਼ੁਰੂ ਕਰ ਦਿੱਤਾ। ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀਆਂ ਰਚਨਾਵਾਂ ਵੀ 'ਕਿਰਤੀ' ਅਖਬਾਰ ਵਿਚ ਛਪਦੀਆਂ ਰਹੀਆਂ ਹਨ।

'ਗਦਰੀ ਬਾਬੇ' ਬੜੇ ਸਤਰਕ ਅਤੇ ਚੇਤੰਨ ਲੋਕ ਸਨ। ਉਹਨਾਂ ਨੂੰ ਮੀਡੀਏ ਦੀ ਮਹੱਤਤਾ ਦਾ ਪਤਾ ਸੀ। ਇਸੇ ਕਰਕੇ ਹਰ ਨਵੀਂ ਉਠੀ ਲਹਿਰ ਵਿਚ ਅਖਬਾਰ ਨੂੰ ਮਹੱਤਤਾ ਦਿੱਤੀ ਜਾਂਦੀ ਸੀ। ਦੁਨੀਆਂ ਦੇ ਕੋਨੇ ਕੋਨੇ ਵਿਚ ਬੈਠੇ ਸੂਰਮੇ ਦੇਸ਼ ਦੀ ਆਜ਼ਾਦੀ ਲਈ ਤੱਤਪਰ ਸਨ। ਭਾਵੇਂ ਇਹਨਾਂ ਦੀ ਤਾਦਾਦ ਥੋੜ੍ਹੀ ਸੀ ਪਰ ਹੌਸਲੇ ਬੁਲੰਦ ਸਨ। ਕਿਰਤੀ ਲਹਿਰ ਦੇ ਅਗਲੇ ਰੂਪ ਵਜੋਂ 'ਇਨ੍ਹਾਂ ਚੰਗਿਆੜੀਆਂ ਨੇ ਹੀ ਜਨਰਲ ਮੋਹਨ ਸਿੰਘ, ਰਾਸ ਬਿਹਾਰੀ ਬੋਸ ਤੇ ਸੁਭਾਸ਼ ਚੰਦਰ ਬੋਸ ਦੀ ਅਗਵਾਈ ਹੇਠ 'ਆਜ਼ਾਦ ਹਿੰਦ ਫੌਜ' ਦਾ ਰੂਪ ਧਾਰਿਆ। ਕੇਸਰ ਸਿੰਘ ਦੇ ਕਹਿਣ ਅਨੁਸਾਰ 'ਆਜ਼ਾਦ ਹਿੰਦ ਫੌਜ' ਗਦਰ ਲਹਿਰ ਦਾ ਤੀਜਾ ਪੜਾਅ ਸੀ। ਸਤਵੰਜਾ ਦੇ ਗਦਰ ਨੂੰ ਉਹ ਇਸਦਾ ਆਰੰਭ ਤੇ ਗਦਰ ਪਾਰਟੀ ਦੀ ਸਥਾਪਨਾ ਨੂੰ ਦੂਜਾ ਪੜਾਅ ਮੰਨਦੇ ਹਨ।'



**ਡਾ.ਜਸਵੰਤ ਰਾਏ**
**91-98158 25999**

ਗਦਰ ਲਹਿਰ ਦੇ ਯੋਧਿਆਂ ਨੇ ਸੰਤਾਂ, ਭਗਤਾਂ, ਗੁਰੂਆਂ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਤੇ ਚੱਲਦਿਆਂ ਕਿਸੇ ਧਰਮ, ਜਾਤ ਬਿਰਾਦਰੀ, ਇਲਾਕੇ ਦੇ ਭਿੰਨ ਭੇਦ ਵਾਲੀ ਸੌੜੀ ਮਾਨਸਿਕਤਾ ਨੂੰ ਰੱਦ ਕਰਦਿਆਂ ਸਮਾਜਵਾਦੀ ਮਾਰਗ ਨੂੰ ਅਪਣਾਉਂਦਿਆਂ ਕੌਮੀ ਸੇਵਾ ਕੀਤੀ ਹੈ। ਇਹਨਾਂ ਸੂਰਮਿਆਂ ਦੀਆਂ ਅਥਾਹ ਕੋਸ਼ਿਸ਼ਾਂ ਅਤੇ ਲਾਸਾਨੀ ਸ਼ਹਾਦਤਾਂ ਕਰਕੇ ਹਿੰਦੋਸਤਾਨ ਨੇ ਅੰਗਰੇਜ਼ਾਂ ਦੀ ਗੁਲਾਮੀ ਦੇ ਗਲਮੇ ਤੋਂ 15 ਅਗਸਤ 1947 ਨੂੰ ਮੁਕਤੀ ਪ੍ਰਾਪਤ ਕੀਤੀ ਹੈ।

ਸ਼ਹਾਦਤ ਦਾ ਜਾਮ ਪੀਣ ਵਾਲੇ ਅਣਗਿਣਤ ਸੂਰਮਿਆਂ ਦੀ ਕਤਾਰ ਵਿਚ ਮੋਹਰੀ ਸਫਾਂ ਤੇ ਇਕ ਨਾਂ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਦਾ ਵੀ ਆਉਂਦਾ ਹੈ, ਜਿਸਨੇ ਆਜ਼ਾਦੀ ਦੇ ਦੂਸਰੇ ਸੁਤੰਤਰਤਾ ਸੰਗਰਾਮ (ਗਦਰ ਪਾਰਟੀ) ਦੇ ਬੂਟੇ ਦੀਆਂ ਜੜ੍ਹਾਂ ਲਾਉਣ ਦਾ ਕੰਮ ਕੀਤਾ ਅਤੇ ਇਸ ਬੂਟੇ ਨੂੰ ਵਧਣ ਫੁੱਲਣ ਲਈ ਆਪਣੇ ਖ਼ੂਨ ਨਾ ਸਿੰਜਿਆ। ਪਰ ਇਹ ਸਾਡੀ ਬਦਕਿਸਮਤੀ ਹੈ ਕਿ ਆਜ਼ਾਦੀ ਦੀ ਲੱਗਭੱਗ ਪੌਣੀ ਸਦੀ ਬੀਤਣ ਦੇ ਬਾਵਜੂਦ ਵੀ ਇਹ ਸ਼ਹੀਦ ਇਤਿਹਾਸ ਦੇ ਪੰਨਿਆ ਤੇ ਅਣਗੌਲਿਆ ਹੀ ਰਿਹਾ ਹੈ।

### ਪਿੰਡ ਸਾਹਰੀ ਤੋਂ ਵਿਦੇਸ਼ ਜਾਣ ਤੱਕ:
### 1. ਪਿੰਡ ਸਾਹਰੀ ਦਾ ਸਮਾਜ ਤੇ ਸਭਿਆਚਾਰ

ਗੁਲਾਮੀ ਦੀਆਂ ਬੇੜੀਆਂ ਕੱਟਣ ਲਈ ਲਾੜੀ ਮੌਤ ਨੂੰ ਵਿਆਹੁਣ ਵਾਲੇ ਗਦਰੀ ਸੂਰਮੇ ਸ਼ਹੀਦ ਬਾਬੂ ਹਰਨਾਮ ਸਿੰਘ ਨੂੰ ਜਣਨ ਵਾਲੀ ਜ਼ਰਖੇਜ਼ ਭੋਇੰ ਵਾਲਾ ਪਿੰਡ ਸਾਹਰੀ ਦੁਆਬੇ ਦਾ ਸਿਰਕੱਢ ਪਿੰਡ ਹੈ। ਇਹ ਹੁਸ਼ਿਆਰਪੁਰ ਤੋਂ ਫਗਵਾੜੇ ਜਾਣ ਵਾਲੀ ਮੁੱਖ ਸੜਕ ਤੋਂ ਲਹਿੰਦੇ ਪਾਸੇ ਅਤੇ ਹੁਸ਼ਿਆਰਪੁਰ ਤੋਂ ਜਲੰਧਰ ਜਾਣ ਵਾਲੀ ਮੁੱਖ ਸੜਕ ਤੋਂ ਦੱਖਣ ਵੱਲ ਦੇ ਪਾਸੇ ਤਕਰੀਬਨ ਦੋਹਾਂ ਰਸਤਿਆਂ ਤੋਂ ਹੀ ਬਰਾਬਰ ਬਾਰਾਂ ਕਿਲੋਮੀਟਰ ਦੀ ਦੂਰੀ ਤੇ ਵਸਿਆ ਹੋਇਆ ਹੈ।

ਸ਼ਹੀਦਾਂ ਅਤੇ ਸੰਤਾਂ ਦੀ ਨਗਰੀ ਸਾਹਰੀ ਬਾਰੇ ਸੰਖੇਪ ਜਾਣਕਾਰੀ ਮਾਲ ਵਿਭਾਗ ਅਤੇ ਅੰਕੜਾ ਵਿਭਾਗ ਅਨੁਸਾਰ–

ਪਿੰਡ ਦਾ ਨਾਂ : ਸਾਹਰੀ
ਹੱਦਬਸਤ ਨੰਬਰ : 241
ਬਲਾਕ: 2
ਸਿੱਖਿਆ ਬਲਾਕ: 2-ਏ ਹੁਸ਼ਿਆਰਪੁਰ
ਤਹਿਸੀਲ: ਹੁਸ਼ਿਆਰਪੁਰ
ਜ਼ਿਲ੍ਹਾ : ਹੁਸ਼ਿਆਰਪੁਰ
ਖੇਤਰਫਲ : 385000 ਵਰਗ ਗਜ਼
ਆਬਾਦੀ (2011) 3042
ਮਰਦ 1587
ਐਸ. ਸੀ. 960
ਬੀ. ਸੀ. 124
ਜਨਰਲ 503
ਔਰਤਾਂ 1455
ਐਸ. ਸੀ. 870
ਬੀ. ਸੀ. 115
ਜਨਰਲ 470

ਪਿੰਡ ਵਿਚ ਜੱਟ, ਆਦਿਧਰਮੀ, ਬ੍ਰਾਹਮਣ, ਬਾਣੀਏ, ਖੱਤਰੀ, ਨਾਈ, ਸ਼ੀਂਬੇ, ਬਲਮੀਕ, ਝੀਊਰ, ਲੁਹਾਰ, ਤਰਖਾਣ, ਸੁਨਿਆਰੇ ਸਾਰੀਆਂ ਬਰਾਦਰੀਆਂ ਦੇ ਲੋਕ ਪਿਆਰ ਮੁਹੱਬਤ ਨਾਲ ਰਹਿੰਦੇ ਹਨ। ਪਿੰਡ ਵਿਚ ਆਦਿਧਰਮੀਆਂ ਅਤੇ ਜੱਟਾਂ ਦੀ ਗਿਣਤੀ ਕਾਫੀ ਜ਼ਿਆਦਾ ਹੈ। ਪਿੰਡ ਬਾਰੇ ਮੰਨਿਆ ਜਾਂਦਾ ਹੈ ਕਿ ਇਹ ਅੱਜ ਤੋਂ ਤਕਰੀਬਨ ਗਿਆਰਾਂ-ਬਾਰਾਂ ਸਦੀਆਂ ਪਹਿਲਾਂ ਵਸਿਆ ਅਤੇ ਇਸਨੂੰ ਵਸਾਉਣ ਵਿਚ ਜੱਟਾਂ ਅਤੇ ਆਦਿਧਰਮੀਆਂ ਦਾ ਯੋਗਦਾਨ ਮੁੱਖ ਸੀ। ਗਦਰੀ ਸ਼ਹੀਦ ਬਾਬੂ ਹਰਨਾਮ ਸਿੰਘ ਜੱਟ ਬਰਾਦਰੀ ਵਿਚੋਂ ਸਨ ਅਤੇ ਇਹਨਾਂ ਦਾ ਗੋਤ ਜੱਜ ਸੀ। ਇਹਨਾਂ ਦੀਆਂ ਜੜ੍ਹਾਂ ਬਾਂਸ-ਬਰੇਲੀ ਨਾਲ ਵੀ ਜੁੜੀਆਂ ਹੋਈਆਂ ਸਨ। ਉਥੋਂ ਉਠ ਕੇ ਇਹ ਜੇਜੋਂ ਆ ਵੱਸੇ। ਸਿਆਣਿਆਂ ਕੋਲੋਂ ਸੁਣੀ ਇਕ ਕਥਾ ਅਨੁਸਾਰ ਉਸ ਸਮੇਂ ਜੱਟਾਂ ਅਤੇ ਆਦਿ-ਧਰਮੀਆਂ ਨੇ ਜੇਜੋਂ ਪਾਣੀ ਪੀਣ ਲਈ ਆਪਣੇ ਵਾਸਤੇ ਇਕ ਖੂਹ ਖੁਦਵਾਇਆ ਸੀ। ਕਿਉਂਕਿ ਵਰਣ ਵਿਵਸਥਾ ਭਾਰੂ ਹੋਣ ਕਰਕੇ ਉਦੋਂ ਸਮਾਜ ਵਿਚ ਸਾਂਝੇ ਖੂਹ ਤੋਂ ਪਾਣੀ ਭਰਨ ਲਈ ਸਾਰੇ ਵਰਗਾਂ ਵਾਸਤੇ ਦਰ ਖੁੱਲ੍ਹੇ ਨਹੀਂ ਸਨ ਹੁੰਦੇ। ਖੂਹ ਪੁਟਵਾਉਣ ਤੋਂ ਬਾਅਦ ਬਜ਼ੁਰਗਾਂ ਨੇ ਸੋਚਿਆ ਕਿ ਪਹਿਲਾਂ ਅਰਦਾਸ ਕਰਵਾ ਲਈ ਜਾਵੇ ਅਤੇ ਪ੍ਰਮਾਤਮਾ ਦੇ ਨਾਂ ਦਾ ਭੋਗ ਲਾਉਣ ਤੋਂ ਬਾਅਦ ਹੀ ਜਲ ਗ੍ਰਹਿਣ ਕੀਤਾ ਜਾਵੇ। ਸੋ ਅਰਦਾਸ ਲਈ ਭਾਈ ਦੀ ਟੋਹਲ ਪੈ ਗਈ। ਉਦੋਂ ਅੱਜ ਵਾਂਗ ਆਮ ਭਾਈ ਨਹੀਂ ਸੀ ਮਿਲਦੇ। ਅਰਦਾਸ ਅਤੇ ਪੂਜਾ ਪਾਠ ਕਰਨ ਦਾ ਅਧਿਕਾਰ ਕੇਵਲ ਬ੍ਰਾਹਮਣਾਂ ਕੋਲ ਹੀ ਸੀ। ਇਸ ਲਈ ਇਕ ਬ੍ਰਾਹਮਣ ਨੂੰ ਦਾਨ ਪੁੰਨ ਦਾ ਲਾਲਚ ਦੇ ਕੇ ਅਰਦਾਸ ਕਰਨ ਲਈ ਬੁਲਾਇਆ ਗਿਆ। ਉਸਨੇ ਜਦੋਂ ਅਰਦਾਸ ਬੇਨਤੀ ਕਰ ਲਈ ਤਾਂ ਬਜ਼ੁਰਗਾਂ ਨੇ ਉਸਨੂੰ ਦਸ਼ਣਾਂ ਵਾਸਤੇ ਪੁੱਛ ਲਿਆ। ਉਸਦੇ ਮਨ ਵਿਚ ਲਾਲਚ ਆ ਗਿਆ ਅਤੇ ਉਸਨੇ ਦੱਸ਼ਣਾ ਵਿਚ ਖੂਹ ਹੀ ਮੰਗ ਲਿਆ। ਬਜ਼ੁਰਗ ਜੁਬਾਨ ਦੇ ਬੜੇ ਪੱਕੇ ਸਨ। ਉਹ ਜ਼ੁਬਾਨ ਤੋਂ ਫਿਰੇ ਨਹੀਂ ਤੇ ਖੂਹ ਬ੍ਰਾਹਮਣ ਦੇ ਨਾਂ ਕਰਕੇ ਉਨ੍ਹਾਂ ਜੇਜੋਂ ਤੋਂ ਉੱਠਣ ਦਾ ਮਨ ਬਣਾ ਲਿਆ। ਹੁਣ ਉਨ੍ਹਾਂ ਲਈ ਜੇਜੋਂ ਦਾ ਪਾਣੀ ਪੀਣਾ ਵੀ ਹਰਾਮ ਸੀ।

ਹਾਲਾਂਕਿ ਇੱਥੇ ਉਨ੍ਹਾਂ ਦਾ ਕਾਰੋਬਾਰ ਵੀ ਇੰਨਾ ਮਾੜਾ ਨਹੀਂ ਸੀ। ਜੱਟ ਖੇਤੀਬਾੜੀ ਦਾ ਧੰਦਾ ਕਰਦੇ ਸਨ ਅਤੇ ਆਦਿਧਰਮੀ ਕੱਪੜਾ ਬੁਣਨ ਦਾ। "ਦੇਸੀ ਜੁੱਤੀਆਂ, ਸੂਤੀ ਕੱਪੜਾ, ਇੱਥੋਂ ਦੇ ਵਰੇਤਿਆਂ ਦੀਆਂ ਹੱਥੀਂ ਬਣਾਈਆਂ ਵੰਗਾਂ ਆਦਿ ਦੀਆਂ ਐਨੀਆਂ ਚੜ੍ਹਤਾਂ ਸਨ ਕਿ ਪੂਰੇ ਭਾਰਤ ਵਿਚੋਂ ਆਰਡਰ ਇੱਥੋਂ ਪਹੁੰਚਦੇ ਸਨ। ਦੇਸੀ ਅੰਬ, ਬਾਣ-ਬਗੜ ਅਤੇ ਬਾਣਸੂ ਘਾਹ ਦਾ ਵਪਾਰ ਇੱਥੋਂ ਦੀ ਇਕ ਹੋਰ ਵਿਸ਼ੇਸ਼ਤਾਈ ਸੀ।" ਪਰ ਖੂਹ ਵਾਲੀ ਘਟਨਾ ਨੇ ਇਹਨਾਂ ਨੂੰ ਧੁਰ ਅੰਦਰ ਤੱਕ ਪੱਛ ਸੁੱਟਿਆ ਅਤੇ ਇਹ ਜੇਜੋਂ ਤੋਂ ਉੱਠ ਕੇ ਲਹਿੰਦੇ ਪਾਸੇ ਸਮਤਲ ਭੋਇੰ ਨੂੰ ਤੁਰੇ। ਤੁਰਦੇ ਆਏ-ਤੁਰਦੇ ਆਏ ਅਤੇ ਆ ਕੇ ਮਾਨਾਂ, ਅੱਤੋਵਾਲ, ਮਰਨਾਈਆਂ ਤੇ ਸਾਹਰੀ ਵਿਚ ਆਬਾਦ ਹੋ ਗਏ। ਅੱਜ ਵੀ ਇਹਨਾਂ ਚੌਹਾਂ ਪਿੰਡਾਂ ਵਿਚ ਇਹਨਾਂ ਦੋਹਾਂ ਬਰਾਦਰੀਆਂ ਦੇ ਲੋਕ ਕਾਫੀ ਤਾਦਾਦ ਵਿਚ ਰਹਿ ਰਹੇ ਹਨ। ਜੱਟ ਖੇਤੀਬਾੜੀ ਦਾ ਧੰਦਾ ਕਰਦੇ ਹਨ ਅਤੇ ਆਦਿਧਰਮੀ ਵੀਹਵੀਂ ਸਦੀ ਦੇ ਅੱਠਵੇਂ ਦਹਾਕੇ ਤੱਕ ਤਾਂ ਕੱਪੜਾ ਬੁਣਨ ਦਾ ਧੰਦਾ ਕਰਦੇ ਰਹੇ ਪਰ ਹੌਲੀ ਹੌਲੀ ਮਸ਼ੀਨੀ ਯੁੱਗ ਨੇ ਭਾਰੂ ਹੋ ਕੇ ਉਹਨਾਂ ਦੇ ਕੱਪੜਾ ਬੁਣਨ ਦੇ ਧੰਦੇ ਨੂੰ ਨਿਗਲ ਲਿਆ ਤੇ ਇਹ ਹੋਰ ਕੰਮਾਂ ਵਿਚ ਵਿਅਸਤ ਹੋ ਗਏ।

ਇਕ ਪੁਰਾਤਨ ਮਿੱਥ ਕਥਾ ਅਨੁਸਾਰ ਪਿੰਡ ਸਾਹਰੀ ਦਾ ਨਾਂ ਸਾਹਰੀ 'ਸਰ' ਤੋਂ ਪਿਆ। ਇੱਥੇ ਬਹੁਤ ਸਾਰੇ 'ਸਰ' ਮਤਲਬ 'ਸਰੋਵਰ' ਸਨ। ਸਰਾਂ ਦੀ ਧਰਤੀ ਸਰੀ-ਸਾਰੀ ਤੋਂ ਹੁੰਦੀ ਹੋਈ ਸਾਹਰੀ ਦੇ ਨਾਂ ਨਾਲ ਪ੍ਰਸਿੱਧ ਹੋ ਗਈ। ਸਾਹਰੀ ਦੀ ਪਾਕ ਖਾਕ ਵਿਚ ਬੜੀ ਖਿੱਚ ਸੀ। ਦੂਰੋਂ ਦੂਰੋਂ ਸੰਤ ਮਹਾਂਪੁਰਸ਼ ਇਸ ਖਾਕ ਵੱਲ ਖਿੱਚੇ ਚੱਲੇ ਆਏ। ਕਹਿੰਦੇ ਹਨ ਕਿ ਜਦੋਂ ਇੱਥੇ ਬਹੁਤ ਸਾਰੇ ਸਰੋਵਰ ਸਨ ਤਾਂ ਇਕ ਸੰਤ-ਮਹਾਂਪੁਰਸ਼ ਸਰੋਵਰ ਕਿਨਾਰੇ ਬੈਠੇ ਰੱਬੀ ਭਗਤੀ ਵਿਚ ਲੀਨ ਸਨ। ਉਸੇ ਰਸਤਿਉਂ ਇਕ ਰਾਜਾ ਘੋੜੇ ਉਤੇ ਆ ਰਿਹਾ ਸੀ ਤੇ ਉਹ ਉਸੇ ਸਰੋਵਰ ਕਿਨਾਰੇ ਆ ਰੁਕਿਆ, ਜਿੱਥੇ ਮਹਾਂਪੁਰਸ਼ ਸਮਾਧੀ ਲਾਈ ਬੈਠੇ ਸਨ। ਉਹ ਆਪਣੇ ਘੋੜੇ ਨੂੰ ਪਾਣੀ ਪਿਆਉਣ ਲੱਗਾ। ਮਹਾਂਪੁਰਸ਼ਾਂ ਨੇ ਉਸਨੂੰ ਰੋਕ ਦਿੱਤਾ ਕਿ ਭਾਈ ਇਸ ਸਰ 'ਚੋਂ ਪਾਣੀ ਨਾ ਆਪ ਪੀਵੀਂ ਤੇ ਨਾ ਆਪਣੇ ਜਾਨਵਰ ਨੂੰ ਪਿਆਵੀਂ। ਪਰ ਰਾਜਾ ਤਾਂ ਰਾਜਾ ਸੀ। ਰਾਜੇ ਹੁਕਮ ਮੰਨਦੇ ਥੋੜੈਂ ਸੀ ਮਨਾਉਂਦੇ ਸੀ। ਸੋ ਰਾਜੇ ਨੇ ਉਸੇ ਸਰੋਵਰ 'ਚੋਂ ਆਪ ਵੀ ਪਾਣੀ ਪੀਤਾ ਤੇ ਆਪਣੇ ਘੋੜੇ ਨੂੰ ਵੀ ਪਿਆਇਆ। ਸੰਤ-ਮਹਾਂਪੁਰਸ਼ ਕੁਝ ਨਾ ਬੋਲੇ। ਚੁੱਪ-ਚਾਪ ਉਥੋਂ ਉਠ ਕੇ ਚਲੇ ਗਏ। ਕਹਿੰਦੇ ਉਸ ਵਰ੍ਹੇ ਬਹੁਤ ਮੀਂਹ ਵਰ੍ਹੇ। ਪਾਣੀ ਚੜ੍ਹ ਕੇ ਆ ਗਿਆ। ਰੇਤ ਨਾਲ ਸਾਰੇ ਸਰੋਵਰ ਪੂਰੇ ਗਏ। ਅੱਜ ਵੀ ਪਿੰਡ ਸਾਹਰੀ ਦੇ ਚਾਰੋਂ ਆ ਗਿਆ। ਰੇਤ ਨਾਲ ਸਾਰੇ ਸਰੋਵਰ ਪੂਰੇ ਗਏ। ਅੱਜ ਵੀ ਪਿੰਡ ਸਾਹਰੀ ਦੇ ਚਾਰੋਂ ਤਰਫ ਦੀ ਭੋਇੰ ਰੇਤੀਲੀ ਹੈ। ਦਸ ਦਸ, ਵੀਹ-ਵੀਹ ਫੁੱਟ ਪੁਟਦਿਆਂ ਵੀ ਰੇਤ ਹੀ ਰੇਤ ਨਿਕਲਦੀ ਹੈ ਜਿਵੇਂ ਸੈਆਂ ਸਾਲ ਪਹਿਲਾਂ ਸਰਾਂ ਵਿਚ ਨੱਕੋ ਨੱਕ ਭਰੀ ਪਈ ਹੋਵੇ।

ਪਿੰਡ ਦੇ ਚੜ੍ਹਦੇ ਪਾਸੇ ਬਾਬਾ ਮੌਜਾ ਦੀ ਜਗ੍ਹਾ ਹੈ ਜੋ 'ਮੋਜੋਆਣਾ' ਦੇ ਨਾਂ ਕਰਕੇ ਪ੍ਰਸਿੱਧ ਹੈ। ਇਸੇ ਜਗ੍ਹਾ ਤੇ ਗਿਆਰਵੀਂ ਸਦੀ ਦੌਰਾਨ ਤੁਰਕਾਂ ਨਾਲ ਮੁਕਾਬਲਾ ਕਰਦੇ ਹੋਏ ਬਾਬਾ ਮੌਜਾ ਜੀ ਸ਼ਹੀਦ ਹੋ ਗਏ ਸਨ। ਜੱਟ/ਜਨਰਲ ਬਰਾਦਰੀ ਦੇ ਲੋਕ ਵਿਸਾਖੀ, ਦੀਵਾਲੀ ਮੌਕੇ ਇਸੇ ਜਗ੍ਹਾ ਤੇ ਨਤਮਸਤਕ ਹੋ ਕੇ ਸ਼ਹੀਦ ਬਾਬਾ ਮੌਜਾ ਜੀ ਨੂੰ ਸ਼ਰਧਾ ਸੁਮਨ ਅਰਪਣ ਕਰਦੇ ਹਨ। ਇਸੇ ਸਥਾਨ ਤੇ ਇਕ ਥੜ੍ਹਾ ਹੈ ਜਿਸ ਉਪਰ ਬੜਾ ਭਾਰੀ ਪਿੱਪਲ ਦਾ ਦਰੱਖਤ ਹੈ।

ਇਸੇ ਸਥਾਨ ਤੇ ਹੀ ਤਪੱਸਵੀ ਗੁਰੂ ਲਾਲ ਦਾਸ ਜੀ ਆ ਕੇ ਬਿਰਾਜੇ ਸਨ। ਗੁਰੂ ਲਾਲ ਦਾਸ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੀ ਕੁੱਲ ਵਿਚੋਂ ਹੋਏ ਦੱਸ ਜਾਂਦੇ ਹਨ। ਗੁਰੂ ਲਾਲ ਦਾਸ ਜੀ ਅੱਜ ਤੋਂ 432 ਸਾਲ ਪਹਿਲਾਂ ਮੋਜੋਆਣਾ ਵਿਖੇ ਆ ਕੇ ਤਪੱਸਿਆ ਕਰਨ ਬੈਠ ਗਏ ਸਨ।

ਜਦੋਂ ਪਿੰਡ ਵਾਲਿਆਂ ਨੂੰ ਪਤਾ ਲੱਗਾ ਕਿ ਕੋਈ ਕਰਨੀ ਵਾਲਾ ਸਾਧੂ ਸਾਡੇ ਪਿੰਡ ਦੇ ਚੜ੍ਹਦੇ ਪਾਸੇ ਡੇਰਾ ਜਮਾਈ ਬੈਠਾ ਹੈ ਤਾਂ ਉਹ ਗੁਰੂ ਲਾਲ ਦਾਸ ਜੀ ਦਾ ਮਿੰਨਤ ਤਰਲਾ ਕਰਕੇ ਸ਼ਰਧਾ ਵੱਸ ਉਹਨਾਂ ਨੂੰ ਪਿੰਡ ਲੈ ਆਏ। ਜਿੱਥੇ ਪਿੰਡ ਵਿਚ ਆ ਕੇ ਗੁਰੂ ਲਾਲ ਦਾਸ ਜੀ ਬਿਰਾਜੇ ਉਥੇ ਠਾਕਰ ਦੁਆਰਾ ਨਾਂ ਦਾ ਧਾਰਮਿਕ ਸਥਾਨ ਸਥਾਪਿਤ ਹੈ। ਇਸ ਸਥਾਨ ਦੇ ਪਹਿਲੇ ਗੱਦੀ ਨਸ਼ੀਨ ਗੁਰੂ ਲਾਲ ਦਾਸ ਜੀ ਹੋਏ ਹਨ। ਉਹਨਾਂ ਤੋਂ ਬਾਅਦ ਮਹੰਤ ਰਾਮ ਦਾਸ ਜੀ, ਮਹੰਤ ਗੁਰੂ ਦਾਸ ਜੀ, ਮਹੰਤ ਬੁੱਧ ਰਾਮ ਦਾਸ ਜੀ, ਮਹੰਤ ਬ੍ਰਹਮਾ ਦਾਸ ਜੀ, ਮਹੰਤ ਹੁਕਮ ਦਾਸ ਜੀ, ਮਹੰਤ ਬੰਸੀ ਦਾ ਜੀ, ਮਹੰਤ ਹੀਰਾ ਦਾਸ ਜੀ ਅਤੇ ਮਹੰਤ ਮਹਾਂਵੀਰ ਦਾਸ ਜੀ ਹੁਣ ਬਾਰਵੀਂ ਗੱਦੀ ਤੇ ਬਿਰਾਜਮਾਨ ਹਨ।

ਠਾਕਰਦੁਆਰੇ ਵਿਖੇ ਗੁਰੂ ਲਾਲ ਦਾਸ ਜੀ ਦੇ ਸਮੇਂ ਤੋਂ ਹੀ ਹੋਲੇ ਮੁਹੱਲੇ ਮੌਕੇ ਬੜਾ ਭਾਰੀ ਮੇਲਾ ਲੱਗਦਾ ਆ ਰਿਹਾ ਹੈ। ਇਸ ਮੇਲੇ ਦਾ ਜ਼ਿਕਰ ਅੰਗਰੇਜ਼ਾਂ ਦੇ ਸਮੇਂ ਲਿਖੇ ਗਏ ਹੁਸ਼ਿਆਰਪੁਰ ਦੇ ਗਜ਼ਟੀਅਰ ਵਿਚ ਵੀ ਕੀਤਾ ਗਿਆ ਹੈ। ਉਸ ਸਮੇਂ ਗਜ਼ਟੀਅਰ ਵਿਚ ਲਿਖੇ ਮੁਤਾਬਕ ਹੁਸ਼ਿਆਰਪੁਰ ਜ਼ਿਲ੍ਹੇ ਦੇ ਚਾਰ-ਪੰਜ ਮੇਲੇ ਜਿਵੇਂ ਪੀਰ ਨਿਗਾਹੇ ਦਾ ਮੇਲਾ, ਅਨੰਦਪੁਰ ਸਾਹਿਬ ਦਾ ਹੋਲਾ ਮਹੱਲਾ ਆਦਿ ਪ੍ਰਸਿੱਧ ਸਨ, ਜਿਹਨਾਂ ਵਿਚੋਂ ਇਕ ਸਾਹਰੀ ਦੇ ਠਾਕਰਦੁਆਰੇ ਵਿਖੇ ਲਗਦੇ ਮੇਲੇ ਦਾ ਵੀ ਜ਼ਿਕਰ ਹੈ। "ਪਿੰਡ ਵਿਚ ਠਾਕਰਦੁਆਰੇ ਵਿਖੇ ਹੋਲਾ ਮਹੱਲੇ ਮੌਕੇ ਇਕ ਮੇਲਾ ਲੱਗਦਾ ਹੈ ਜਿਸ ਵਿਚ 20 ਹਜ਼ਾਰ ਦੇ ਲੱਗਭੱਗ ਲੋਕ ਸ਼ਿਰਕਤ ਕਰਦੇ ਹਨ।

ਇਹ ਮੇਲਾ ਇੰਨਾ ਅਸ਼ਿਸ਼ਟ ਅਤੇ ਅਸ਼ਲੀਲ (Rough and Obscene) ਮੰਨਿਆ ਜਾਂਦਾ ਹੈ ਜਿੰਨਾ ਕਿ ਅਨੰਦਪੁਰ ਦਾ ਮੇਲਾ।" ਇਹ ਮੇਲਾ ਪੂਰਾ ਹਫਤਾ ਭਰ ਚੱਲਦਾ ਹੈ। ਦਿਨ ਨੂੰ ਬਲਦਾਂ ਦੀਆਂ ਦੌੜਾਂ, ਕਬੱਡੀਆਂ ਦੇ ਫਸਵੇਂ ਮੁਕਾਬਲੇ ਅਤੇ ਰਾਤ ਨੂੰ ਰਾਸਧਾਰੀਆਂ-ਨਕਾਲਾਂ ਦੁਆਰਾ ਰਾਸਾਂ ਪਾਈਆਂ ਜਾਂਦੀਆਂ ਹਨ। ਸੱਤਾਂ ਦਿਨਾਂ 'ਚੋਂ ਇਕ ਦਿਨ ਮਹੰਤ ਨੂੰ ਪਾਲਕੀ 'ਚ ਸਜਾ ਕੇ ਪਿੰਡ ਦੀ ਪਰਕਰਮਾ ਕਰਵਾਈ ਜਾਂਦੀ ਹੈ। ਪਾਲਕੀ ਨੂੰ ਪਿੰਡ ਦੇ ਨੌਜਵਾਨਾਂ ਨੇ ਡੋਲੀ ਦੀ ਤਰ੍ਹਾਂ ਮੋਢਿਆਂ ਤੇ ਚੁੱਕਿਆ ਹੁੰਦਾ ਹੈ ਅਤੇ ਨਾਲ-ਨਾਲ ਪਿੰਡ ਦੇ ਲੋਕ ਇਕ ਦੂਜੇ ਉਤੇ ਪਿਆਰ ਮੁਹੱਬਤ ਨਾਲ ਰੰਗਾਂ ਦੀ ਬੁਛਾਰ ਕਰਦੇ ਹੋਏ ਖੁਸ਼ੀ ਵਿਚ ਭੰਗੜੇ ਪਾਉਂਦੇ ਹਨ। ਪੰਜਾਬ ਵਿਚ ਕਾਲੇ ਦਿਨਾਂ ਦੌਰਾਨ ਹੋਲੇ ਮੁਹੱਲੇ ਮੌਕੇ 3 ਮਾਰਚ, 1988 ਈ. ਦੀ ਰਾਤ ਨੂੰ 11.15 ਵਜੇ ਵਾਪਰੀ ਮੰਦਭਾਗੀ ਘਟਨਾ (ਜਦੋਂ ਆਪਣਿਆਂ ਨੇ ਆਪਣਿਆਂ ਦੇ ਖ਼ੂਨ ਨਾਲ ਹੋਲੀ ਖੇਡੀ) ਤੋਂ ਬਾਅਦ ਕੁਝ ਸਾਲ ਇਹ ਮੇਲਾ ਬੰਦ ਰਿਹਾ। ਪਰ ਹੁਣ ਪਿਛਲੇ ਕਈ ਸਾਲਾਂ ਤੋਂ ਫਿਰ ਸ਼ੁਰੂ ਹੈ। ਸਿਰਫ ਤਿੰਨ ਦਿਨ, ਦਿਨ ਦੇ ਵਕਤ ਹੀ ਪ੍ਰੋਗਰਾਮ ਹੁੰਦਾ ਹੈ ਰਾਤ ਨੂੰ ਰਾਸਧਾਰੀਆਂ ਦੀਆਂ ਰਾਸਾਂ ਵਾਲਾ ਪ੍ਰੋਗਰਾਮ ਪੱਕੇ ਤੌਰ ਤੇ ਬੰਦ ਹੈ।

ਅੰਗਰੇਜ਼ਾਂ ਨੇ ਗਜ਼ਟੀਅਰ ਵਿਚ ਸਾਹਰੀ ਦੇ ਠਾਕਰਦੁਆਰੇ ਦੀ ਹੋਲੀ ਅਤੇ ਸ੍ਰੀ ਅਨੰਦਪੁਰ ਸਾਹਿਬ ਦੇ ਹੋਲੇ-ਮਹੱਲੇ ਲਈ ਅਸ਼ਿਸ਼ਟ ਅਤੇ ਅਸ਼ਲੀਲ ਸ਼ਬਦ ਵਰਤਿਆ ਹੈ। ਜਿਹੜੇ ਦਿਨ ਤਿਉਹਾਰਾਂ ਨਾਲ ਸਾਡੀਆਂ ਧਾਰਮਿਕ ਭਾਵਨਾਵਾਂ ਜੁੜੀਆਂ ਹੋਈਆਂ ਸਨ, ਸਾਡੇ ਰੀਤੀ ਰਿਵਾਜ਼ ਜੁੜੇ ਹੋਏ ਸਨ ਉਹ ਅੰਗਰੇਜ਼ ਹਾਕਮਾਂ ਲਈ ਕੋਈ ਮਾਇਨੇ ਨਹੀਂ ਰੱਖਦੇ। ਉਹਨਾਂ ਨੇ ਤਾਂ ਉਸ ਹਰ ਸ਼ੈਅ ਨੂੰ ਨਕਾਰਨਾ ਸੀ ਜਿਹੜੀ ਸਾਨੂੰ ਚੰਗੀ ਲੱਗਦੀ ਸੀ ਜਾਂ ਜਿਸ ਵਿਚੋਂ ਉਹਨਾਂ ਨੂੰ ਬਗਾਵਤ ਦੀ ਬੂ ਆਉਂਦੀ ਸੀ। ਇਸ ਗੱਲ ਦੀ ਹਾਮੀ ਅੰਗਰੇਜ਼ ਹਾਕਮਾਂ ਦੁਆਰਾ ਉਗਲਿਆ ਸੱਚ ਜੋ ਇਤਿਹਾਸ ਦੇ ਪੰਨਿਆਂ ਤੇ ਦਰਜ ਹੈ, ਵੀ ਭਰਦਾ ਹੈ। ਪਹਿਲੇ ਵਿਸ਼ਵ ਯੁੱਧ ਸਮੇਂ ਜਦੋਂ ਅੰਗਰੇਜ਼ਾਂ ਨੂੰ ਭਾਰਤੀ ਸੈਨਿਕਾਂ ਦੀ ਲੋੜ ਸੀ ਤਾਂ ਉਹ ਇਹਨਾਂ ਨੂੰ ਇੱਥੇ ਖਾਨ ਸਾਹਿਬ, ਸੂਬੇਦਾਰ, ਰਾਏ ਸਾਹਿਬ ਅਤੇ ਸਰਦਾਰ ਸਾਹਿਬ ਵਰਗੀਆਂ ਉਪਾਧੀਆਂ ਦੇ ਕੇ ਸਨਮਾਨਿਤ ਕਰ ਰਹੇ ਸਨ ਦੂਜੇ ਪਾਸੇ ਬਰਤਾਨੀਆ ਵਿਚ ਆਪਣੇ ਸਮਾਗਮਾਂ 'ਚ ਭਾਰਤੀਆਂ ਬਾਰੇ ਗੱਲਾਂ ਕਰਕੇ ਖਿੱਲੀ ਉਡਾਈ ਜਾਂਦੀ ਸੀ ਕਿ ਅਸੀਂ ਖਿੱਲਾਂ ਪਾ ਕੇ ਭਾਰਤੀ ਸੈਨਿਕਾਂ ਤੋਂ ਆਪਣੇ ਮਤਲਬ ਦਾ ਕੰਮ ਲੈ ਰਹੇ ਹਾਂ।

ਇਕ ਅੰਗਰੇਜ਼ ਉੱਚ ਅਧਿਕਾਰੀ ਅਤੇ ਵਿਦਵਾਨ ਆਰ. ਸੀ. ਟੈਂਪਲ ਜਿਸਨੇ ਪੰਜਾਬੀ ਲੋਕਧਾਰਕ ਸਮੱਗਰੀ ਨੂੰ ਇਕੱਤਰ ਕਰਨ ਤੋਂ ਬਾਅਦ ਪ੍ਰਕਾਸ਼ਿਤ ਕਰਕੇ ਮੁੱਢਲੇ ਤੌਰ ਤੇ ਸ਼ਲਾਘਾਯੋਗ ਕੰਮ ਕੀਤਾ ਵਿਚ ਵੀ ਭਾਰਤੀਆਂ ਪ੍ਰਤੀ ਨਫਰਤ ਦੀ ਭਾਵਨਾ ਨੱਕੋ ਨੱਕ ਭਰੀ ਹੋਈ ਸੀ। "ਦਾ ਲੀਜੈਂਡਰਜ ਆਫ ਦੀ ਪੰਜਾਬ' ਪੁਸਤਕ ਦੀ ਭੂਮਿਕਾ ਵਿਚ ਉਹ ਪੰਜਾਬੀਆਂ ਲਈ ਗੰਵਾਰ, ਮੂਰਖ, ਉਜੱਡ, ਸ਼ਰਾਰਤੀ, ਬਦਮਾਸ਼ ਜਿਹੇ ਸ਼ਬਦ ਵਰਤਦਾ ਹੈ। ਬਾਬਾ ਰਾਮ ਸਿੰਘ ਕੂਕਾ ਜਿਸਨੂੰ ਅਸੀਂ ਅਜ਼ਾਦੀ ਦੀ ਦੂਜੀ ਲਹਿਰ ਦਾ ਲੋਕ ਨਾਇਕ ਮੰਨਦੇ ਹਾਂ ਬਾਰੇ ਉਹ 'ਨੋਟੋਰੀਅਸ ਰਾਮ ਸਿੰਘ' ਜਿਹੇ ਸ਼ਬਦ ਪ੍ਰਯੋਗ ਕਰਦਾ ਹੈ। **(ਚਲਦਾ)**

# ਭਗਵੀ 'ਸਹਿਣਸ਼ੀਲਤਾ' ਦਾ ਦਰਪਨ! - ਕਿਸੇ ਇਕ ਦਿਨ ਦਾ ਅਖ਼ਬਾਰ



ਗੁਰਬਚਨ ਸਿੰਘ ਭੁੱਲਰ
011-42502364

ਸਹਿਣਸ਼ੀਲਤਾ-ਅਸਹਿਣਸ਼ੀਲਤਾ ਦਾ ਮੁੱਦਾ, ਘੱਟੋ-ਘੱਟ ਇਸ ਸਰਕਾਰ ਦੀ ਅਉਧ ਵਿਚ ਮੱਠਾ ਪੈਣ ਵਾਲਾ ਨਹੀਂ। ਇਸ ਦਾ ਕਾਰਨ ਇਹ ਹੈ ਕਿ ਹਾਕਮ ਧਿਰ ਅਸਹਿਣਸ਼ੀਲਤਾ ਛੱਡਣ ਦੀ ਬਜਾਇ ਵਿਰੋਧੀਆਂ ਨੂੰ ਇਸ ਤੋਹਮਤ ਨਾਲ ਚੁੱਪ ਕਰਾਉਣਾ ਚਾਹੁੰਦੀ ਹੈ ਕਿ ਉਹ ਮਹਾਨ ਭਾਰਤ ਨੂੰ ਅਸਹਿਣਸ਼ੀਲ ਕਹਿ ਰਹੇ ਹਨ ਜੋ "ਨਾ ਕਦੀ ਅਸਹਿਣਸ਼ੀਲ ਸੀ, ਨਾ ਹੁਣ ਹੈ ਤੇ ਨਾ ਭਵਿੱਖ ਵਿਚ ਕਦੀ ਹੋ ਹੀ ਸਕਦਾ ਹੈ!" ਦੂਜੇ ਪਾਸੇ, ਸਾਡੇ ਦੇਸ ਤੇ ਸਮਾਜ ਦੀ ਵਰਤਮਾਨ ਅਸਲੀਅਤ ਇਹ ਹੈ ਕਿ ਮਾਨਵੀ ਸੁਭਾਅ ਤੇ ਸੋਚ ਰੱਖਣ ਵਾਲੇ ਮਨੁੱਖ ਵਾਸਤੇ ਅਖ਼ਬਾਰ ਪੜ੍ਹਨਾ ਤੇ ਟੀਵੀ ਦੇਖਣਾ ਬੜੀ ਬੇਚੈਨੀ ਤੇ ਪਰੇਸ਼ਾਨੀ ਦਾ ਕਾਰਨ ਬਣ ਜਾਂਦਾ ਹੈ। ਜਦੋਂ ਮੈਂ ਇਹ ਲੇਖ ਲਿਖਣ ਬੈਠਾ ਹਾਂ, ਬੁੱਧਵਾਰ ਦੀ ਡੂੰਘੀ ਸਵੇਰ ਹੈ। ਦਿੱਲੀ ਤੋਂ ਛਪਦਾ ਅੱਜ ਦਾ ਅੰਗਰੇਜ਼ੀ ਅਖ਼ਬਾਰ ਅਜੇ ਆਇਆ ਨਹੀਂ ਤੇ ਕੱਲ੍ਹ ਦਾ ਮੇਰੇ ਸਾਹਮਣੇ ਪਿਆ ਹੈ। ਕਿਸੇ ਵੀ ਅਖ਼ਬਾਰ ਲਈ, ਭਾਵੇਂ ਉਹਦਾ ਪੱਤਰ ਪ੍ਰੇਰਕੀ ਤਾਣਾਪੇਟਾ ਕਿੰਨਾ ਵੀ ਫ਼ੈਲਿਆ ਹੋਇਆ ਹੋਵੇ, ਸਾਡੇ ਏਨੇ ਵੱਡੇ ਦੇਸ ਦੀ ਪੂਰੀ ਤਾਂ ਕੀ, ਅਧੂਰੀ ਤਸਵੀਰ ਦੇਣਾ ਵੀ ਸੰਭਵ ਨਹੀਂ। ਤਾਂ ਵੀ ਇਕ ਦਿਨ ਦੇ ਇਸ ਅਖ਼ਬਾਰ ਦੀਆਂ ਖ਼ਬਰਾਂ ਦੇਗ ਵਿਚੋਂ ਕੁਝ ਦਾਣੇ ਤਾਂ ਹਨ ਹੀ ਜੋ ਪੂਰੀ ਦੇਗ ਦੇ ਕੱਚ-ਸੱਚ ਦੀ ਥਾਹ ਪੁਆ ਸਕਦੇ ਹਨ।

ਪਹਿਲੇ ਪੰਨੇ ਉੱਤੇ ਹੀ ਇਕ ਲੰਮੀ-ਚੌੜੀ ਖ਼ਬਰ ਹੈ ਜਿਸ ਦਾ ਸਾਰ ਇਉਂ ਹੈ: ਮਹਾਰਾਸ਼ਟਰ ਦੇ ਰੇਨਾਪੁਰ ਥਾਣੇ ਦੇ ਏ.ਐਸ.ਆਈ. ਯੂਨੁਸ ਸ਼ੇਖ਼ ਤੇ ਸਿਪਾਹੀ ਅਵਾਸਕਰ ਦੀ ਡਿਊਟੀ ਫ਼ਿਰਕੂ ਪੱਖੋਂ ਸੰਵੇਦਨਸ਼ੀਲ ਮੰਨੇ ਜਾਂਦੇ ਪਾਨਗਾਉਂ ਇਲਾਕੇ ਦੇ ਅੰਬੇਦਕਰ ਚੌਕ ਵਿਚ ਲਾਈ ਜਾਂਦੀ ਹੈ। 'ਸ਼ਿਵਾਜੀ ਜੈਅੰਤੀ ਮੰਡਲ' ਦੇ ਲੋਕ ਉਸ ਚੌਕ ਵਿਚ ਭਗਵਾ ਝੰਡਾ ਝੁਲਾ ਕੇ ਸ਼ਿਵਾਜੀ ਜੈਅੰਤੀ ਮਨਾਉਣਾ ਚਾਹੁੰਦੇ ਹਨ। ਸ਼ੇਖ਼ ਤੇ ਅਵਾਸਕਰ ਨੂੰ ਅਜਿਹਾ ਹੋਣੋਂ ਰੋਕਣ ਦਾ ਹੁਕਮ ਦਿੱਤਾ ਜਾਂਦਾ ਹੈ। ਸ਼ੇਖ਼ ਉਹਨਾਂ ਨੂੰ ਸਮਾਗਮ ਵਾਸਤੇ ਕੋਈ ਹੋਰ ਢੁੱਕਵੀਂ ਥਾਂ ਦੇਣ ਦਾ ਵਾਅਦਾ ਵੀ ਕਰਦਾ ਹੈ ਜਿਸ ਨੂੰ ਉਹ ਰੱਦ ਕਰ ਦਿੰਦੇ ਹਨ। ਹੁਕਮ ਮੰਨਣੋਂ ਇਨਕਾਰੀ ਭੀੜ ਲਗਾਤਾਰ ਵਧਦੀ ਦੇਖ ਕੇ ਉਹ ਸਵੇਰ ਦੇ ਸਾਢੇ ਅੱਠ ਵਜੇ ਕੰਟਰੋਲ ਰੂਮ ਨੂੰ ਤੇ ਥਾਣੇ ਨੂੰ ਫੋਨ ਕਰ ਕੇ ਹੋਰ ਸਿਪਾਹੀ ਮੰਗਦਾ ਹੈ। ਨਿਹਫਲ ਉਡੀਕਣ ਮਗਰੋਂ ਪਰੇਸ਼ਾਨ ਹੋ ਕੇ ਉਹ ਦੁਬਾਰਾ ਫੋਨ ਕਰਦਾ ਹੈ। ਏਨੇ ਨੂੰ ਝੰਡਾ ਝੁਲਾਉਣੋਂ ਰੋਕਣ ਬਦਲੇ ਤੇ ਮਦਦ ਲਈ ਫੋਨ ਕਰਦਾ ਦੇਖ ਕੇ ਭੀੜ 38 ਸਾਲ ਦੀ ਬੇਦਾਗ਼ ਸੇਵਾ ਵਾਲੇ ਵਰਦੀਧਾਰੀ ਸ਼ੇਖ਼ ਨੂੰ ਕੁੱਟਣਾ ਤੇ ਜ਼ਲੀਲ ਕਰਨਾ ਸ਼ੁਰੂ ਕਰ ਦਿੰਦੀ ਹੈ ਪਰ ਅਵਾਸਕਰ ਨੂੰ ਕੁਝ ਨਹੀਂ ਕਹਿੰਦੀ। ਜੀਅ ਭਰ ਕੇ ਕੁੱਟ ਲੈਣ ਮਗਰੋਂ ਗੁੰਡੇ ਸ਼ੇਖ਼ ਨੂੰ ਜ਼ਖ਼ਮੀ ਹਾਲਤ ਵਿਚ ਭਗਵਾ ਝੰਡਾ ਚੁੱਕ ਕੇ ਤੁਰਨ ਵਾਸਤੇ ਅਤੇ "ਜੈ ਭਵਾਨੀ, ਜੈ ਸ਼ਿਵਾਜੀ" ਦੇ ਨਾਅਰੇ ਲਾਉਣ ਵਾਸਤੇ ਮਜਬੂਰ ਕਰਦਿਆਂ ਉਹਦਾ ਜਲੂਸ ਕੱਢਦੇ ਹਨ ਤੇ ਅੰਬੇਦਕਰ ਚੌਕ ਵਿਚ ਪਹੁੰਚ ਕੇ ਉਸੇ ਹੱਥੋਂ ਝੰਡਾ ਝੁਲਵਾਉਂਦੇ ਹਨ। ਦਸ ਵੱਜ ਕੇ ਦਸ ਮਿੰਟ ਉੱਤੇ ਹੋਰ ਸਿਪਾਹੀ ਪਹੁੰਚਦੇ ਹਨ ਤਾਂ ਇਹ ਸਾਰਾ ਕੁਝ ਹੋ ਚੁੱਕਿਆ ਹੁੰਦਾ ਹੈ। ਲਾਤੂਰ ਦੇ ਸਿਵਲ ਹਸਪਤਾਲ ਵਿਚ ਪੱਟੀਆਂ ਵਿਚ ਲਪੇਟਿਆ ਪਿਆ ਸ਼ੇਖ਼ ਪੁਛਦਾ ਹੈ, "ਆਖ਼ਰ ਮੇਰਾ ਕਸੂਰ ਕੀ ਸੀ? ਮੈਂ ਤਾਂ ਆਪਣੇ ਅਫ਼ਸਰ ਵੱਲੋਂ ਲਾਈ ਡਿਊਟੀ ਨਿਭਾ ਰਿਹਾ ਸੀ!"

ਦੂਜੀ ਖ਼ਬਰ। ਦਿੱਲੀ ਦੀ ਅਦਾਲਤ ਵਿਚ ਦਰਜਨਾਂ ਪੁਲਸੀਆਂ ਦੀ ਹਾਜ਼ਰੀ ਵਿਚ ਵਕੀਲਾਂ, ਵਿਦਿਆਰਥੀਆਂ ਤੇ ਪ੍ਰੋਫ਼ੈਸਰਾਂ ਨੂੰ, ਖਾਸ ਕਰਕੇ ਪੁਲੀਸ ਦੇ ਹਿਰਾਸਤੀਏ ਵਿਦਿਆਰਥੀ ਆਗੂ ਕਨ੍ਹਈਆ ਨੂੰ ਬੁਰੀ ਤਰ੍ਹਾਂ ਕੁੱਟਣ ਵਾਲੇ ਬੀਜੇਪੀ-ਪੱਖੀ ਤਿੰਨ ਵਕੀਲ ਇਕ ਸਟਿੰਗ ਅਪਰੇਸ਼ਨ ਵਿਚ ਆਪਣੀ ਕਰਤੂਤ ਬਾਰੇ ਖੁੱਲ੍ਹ ਕੇ ਦਸਦੇ ਹਨ। ਉਹ ਆਖਦੇ ਹਨ,"ਜਦੋਂ ਅਸੀਂ ਕੁੱਟਮਾਰ ਕਰ ਰਹੇ ਸੀ, ਸਾਨੂੰ ਹਲਾਸ਼ੇਰੀ ਦਿੰਦੇ ਹੋਏ ਪੁਲੀਸਕਰਮੀ ਆਖ ਰਹੇ ਸਨ ਕਿ ਵਰਦੀ ਕਾਰਨ ਅਸੀਂ ਤੁਹਾਡਾ ਸਾਥ ਨਹੀਂ ਦੇ ਸਕਦੇ। ਅਸੀਂ ਕਨ੍ਹਈਆ ਨੂੰ ਤਾਂ ਕੁੱਟਿਆ ਵੀ ਤੇ ਉਹਤੋਂ 'ਭਾਰਤ ਮਾਤਾ ਕੀ ਜੈ' ਦੇ ਨਾਅਰੇ ਵੀ ਲੁਆਏ।" ਇਕ ਵਕੀਲ ਦਾ ਕਹਿਣਾ ਸੀ, "ਅਗਲੀ ਪੇਸ਼ੀ ਸਮੇਂ ਮੈਂ ਪੈਟਰੌਲ ਬੰਬ ਲੈ ਕੇ ਆਵਾਂਗਾ ਤੇ ਗ੍ਰਿਫ਼ਤਾਰ ਹੋ ਕੇ ਕਨ੍ਹਈਆ ਨੂੰ ਜੇਲ੍ਹ ਵਿਚ ਕੁੱਟਾਂਗਾ।" ਟੀਵੀ ਚੈਨਲਾਂ ਦੀਆਂ ਲਗਾਤਾਰ ਖ਼ਬਰਾਂ ਤੇ ਹੁਣ ਇਸ ਇਕਬਾਲ ਮਗਰੋਂ ਵੀ ਦਿੱਲੀ ਪੁਲੀਸ ਕਮਿਸ਼ਨਰ ਦਾ ਕਹਿਣਾ ਹੈ ਕਿ ਕਾਰਵਾਈ ਕਰਨ ਵਾਸਤੇ ਇਹ ਕੋਈ ਪੁਖ਼ਤਾ ਸਬੂਤ ਨਹੀਂ ਹਨ।

ਤੀਜੀ ਖ਼ਬਰ। ਬੀਜੇਪੀ ਦੇ ਮਿਸਾਲੀ ਮੁੱਖ ਮੰਤਰੀ ਰਮਨ ਸਿੰਘ ਦੇ ਛੱਤੀਸਗੜ੍ਹ ਦੇ ਬੇਵੱਸ ਤੇ ਬੇਆਸ ਆਦਿਵਾਸੀਆਂ ਦੇ ਭਲੇ ਲਈ ਕੰਮ ਕਰਨ ਵਾਲੀ ਬੇਗਰਜ਼ ਸਮਾਜ-ਸੇਵਿਕਾ ਸੋਨੀ ਸੋਰੀ ਦੇ ਚਿਹਰੇ ਉੱਤੇ ਦਾਂਤੇਵਾੜਾ ਦੇ ਇਲਾਕੇ ਵਿਚ ਦੋ ਮੋਟਰਸਾਈਕਲ ਸਵਾਰ ਨਕਾਬਪੋਸ਼ ਗੁੰਡਿਆਂ ਨੇ ਕੋਈ ਤੇਜ਼ਾਬੀ ਚੀਜ਼ ਪਾ ਦਿੱਤੀ। ਕੁਝ ਸਮਾਂ ਪਹਿਲਾਂ ਸੋਰੀ ਨੇ ਤਿੰਨ ਮਾਮਲਿਆਂ ਵਿਚ ਆਦਿਵਾਸੀ ਕੁੜੀਆਂ ਦੀ ਸਮੂਹਕ ਬੇਪਤੀ ਦੇ ਅਪਰਾਧੀਆਂ ਵਿਰੁੱਧ ਮੁਕੱਦਮੇ ਦਰਜ ਕਰਵਾਏ ਸਨ। ਪੁਲੀਸ ਨੂੰ ਕਿਸੇ ਕਾਰਵਾਈ ਦੀ ਲੋੜ ਮਹਿਸੂਸ ਨਹੀਂ ਸੀ ਹੋਈ। ਸੋਰੀ ਨੇ ਖੁੱਲ੍ਹੇ ਫਿਰਦੇ ਗੁੰਡਿਆਂ ਤੋਂ ਲਗਾਤਾਰ ਮਿਲਦੀਆਂ ਧਮਕੀਆਂ ਦੀ ਪੁਲੀਸ ਕੋਲ ਸ਼ਿਕਾਇਤ ਵੀ ਦਰਜ ਕਰਵਾਈ ਤੇ ਸੁਰੱਖਿਆ ਦੀ ਮੰਗ ਵੀ ਕੀਤੀ। ਪੁਲੀਸ ਨੇ ਇਨ੍ਹਾਂ ਗੱਲਾਂ ਵੱਲ ਧਿਆਨ ਦੇਣ ਦੀ ਵੀ ਲੋੜ ਨਹੀਂ ਸਮਝੀ ਕਿਉਂਕਿ ਉਹ ਤਾਂ ਆਪ ਲੰਮੇ ਸਮੇਂ ਤੋਂ ਉਸ ਉੱਤੇ ਨਕਸਲੀ ਹੋਣ ਦਾ ਠੱਪਾ ਲਾ ਕੇ ਉਹਨੂੰ ਤੰਗ ਤੇ ਜ਼ਲੀਲ ਕਰਦੀ ਰਹਿੰਦੀ ਹੈ। ਚਿਹਰੇ ਦੇ ਜ਼ਖ਼ਮਾਂ ਦੀ ਗੰਭੀਰਤਾ ਨੂੰ ਦੇਖਦਿਆਂ ਉਹਨੂੰ ਦਿੱਲੀ ਲਿਆ ਕੇ ਇੰਦਰਪ੍ਰਸਥ ਅਪੋਲੋ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਹੈ। ਉਹਦਾ ਪਤਾ ਲੈਣ ਗਏ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਇਲਾਜ ਦਾ ਸਾਰਾ ਖ਼ਰਚ ਦੇਣ ਦਾ ਐਲਾਨ ਕੀਤਾ ਹੈ।

ਚੌਥੀ ਖ਼ਬਰ। 'ਭਗੌੜੇ' ਉਮਰ ਖ਼ਾਲਿਦ ਨੇ, ਜੋ ਕਾਰਪੋਰੇਟ ਮੀਡੀਆ ਤੇ ਸੰਘ ਪਰਿਵਾਰ ਅਨੁਸਾਰ ਭਾਰਤ ਦਾ ਸਭ ਤੋਂ ਵੱਡਾ ਆਤੰਕਵਾਦੀ ਤੇ ਦੇਸ਼ਧਰੋਹੀ ਹੈ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਸਾਹਮਣੇ ਆ ਕੇ ਵਿਦਿਆਰਥੀਆਂ ਸਾਹਮਣੇ ਭਾਸ਼ਨ ਦਿੱਤਾ। ਉਹ ਹੋਰ ਗੱਲਾਂ ਤੋਂ ਇਲਾਵਾ ਕਹਿੰਦਾ ਹੈ, "ਸੱਚ ਦੱਸਾਂ, ਮੈਨੂੰ ਆਪਣੀ ਬਹੁਤੀ ਚਿੰਤਾ ਨਹੀਂ ਸੀ ਕਿਉਂਕਿ ਮੈਂ ਜਾਣਦਾ ਸੀ ਤੇ ਮੇਰਾ ਪੱਕਾ ਭਰੋਸਾ ਸੀ ਕਿ ਤੁਸੀਂ ਸਾਰੇ ਹਜ਼ਾਰਾਂ ਦੀ ਗਿਣਤੀ ਵਿਚ ਮੇਰੀ ਹਮਾਇਤ ਵਿਚ ਨਿਤਰੋਗੇ। ਪਰ ਜਦੋਂ ਮੈਂ ਆਪਣੀ ਭੈਣ ਤੇ ਆਪਣੇ ਪਿਤਾ ਦੇ ਬਿਆਨ ਦੇਖੇ, ਮੈਨੂੰ ਫ਼ਿਕਰ ਹੋਇਆ, ਮੈਨੂੰ ਡਰ ਲੱਗਣ ਲਗਿਆ। ਮੇਰੇ ਕਈ ਭੈਣਾਂ ਹਨ ਤੇ ਇਹਨਾਂ ਲੋਕਾਂ ਨੇ, ਇਹ ਜੋ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਨੂੰ 'ਦੇਸ਼ਧਰੋਹੀ' ਆਖਦੇ ਹਨ, ਸੋਸ਼ਲ ਮੀਡੀਆ ਵਿਚ ਭਾਂਤ ਭਾਂਤ ਦੀਆਂ ਗੱਲਾਂ ਲਿਖਣੀਆਂ ਤੇ ਇਹ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਕਿ ਉਹ ਉਨ੍ਹਾਂ ਨਾਲ ਕੀ ਕਰਨਗੇ। ਮੇਰੀ ਇਕ ਭੈਣ ਨੂੰ ਕਿਹਾ ਗਿਆ ਕਿ ਉਹਦੇ ਨਾਲ ਬਲਾਤਕਾਰ ਕੀਤਾ ਜਾਵੇਗਾ, ਦੂਜੀ ਨੂੰ ਕਿਹਾ ਗਿਆ ਕਿ ਉਹਨੂੰ ਜਾਨੋਂ ਮਾਰ ਦਿੱਤਾ ਜਾਵੇਗਾ। ਉਸ ਮੌਕੇ ਮੈਨੂੰ ਕੰਧਮਾਲ ਵਿਚ ਬਜਰੰਗਦਲੀਆਂ ਦਾ ਇਕ ਈਸਾਈ ਨਨ ਨਾਲ ਬਲਾਤਕਾਰ ਕਰਦਿਆਂ "ਭਾਰਤ ਮਾਤਾ ਕੀ ਜੈ" ਦੇ ਨਾਅਰੇ ਲਾਉਣਾ ਚੇਤੇ ਆਇਆ। ਮੈਨੂੰ ਸਾਥੀ ਕਨ੍ਹਈਆ ਦਾ 11 ਫ਼ਰਵਰੀ ਦਾ ਭਾਸ਼ਨ ਯਾਦ ਆਉਂਦਾ ਹੈ, 'ਜੇ ਤੁਹਾਡੀ ਭਾਰਤ ਮਾਤਾ ਇਹ ਹੈ ਤਾਂ ਇਹ ਸਾਡੀ ਭਾਰਤ ਮਾਤਾ ਨਹੀਂ ਹੈ! ਤੇ ਸਾਨੂੰ ਇਹ ਕਹਿੰਦਿਆਂ ਕੋਈ ਸ਼ਰਮ ਨਹੀਂ!'

ਇਕ ਪਲ ਮੈਂ ਇਕ ਗੱਲ ਆਪਣੀ ਵੀ ਕਰ ਲਵਾਂ। ਪਿਛਲੇ ਸੱਤ ਸਾਲਾਂ ਵਿਚ ਜਦੋਂ ਤੋਂ ਮੈਂ ਇਸ ਕੈਂਪਸ ਵਿਚ ਰਾਜਨੀਤੀ ਕਰਦਾ ਆਇਆ ਹਾਂ, ਮੈਂ ਕਦੇ ਸੋਚਿਆ ਤੱਕ ਨਹੀਂ ਕਿ ਮੈਂ ਮੁਸਲਮਾਨ ਹਾਂ। ਮੈਂ ਕਦੇ ਮੁਸਲਮਾਨ ਵਜੋਂ ਦਿੱਸਣਾ ਵੀ ਨਹੀਂ ਚਾਹਿਆ। ਤੇ ਮੈਂ ਹਮੇਸ਼ਾ ਹੀ ਇਹ ਮਹਿਸੂਸ ਕੀਤਾ ਹੈ ਕਿ ਅੱਜ ਸਮਾਜ ਵਿਚ ਸਿਰਫ਼ ਮੁਸਲਮਾਨ ਹੀ ਮਜ਼ਲੂਮ ਨਹੀਂ ਸਗੋਂ ਮਜ਼ਲੂਮ ਭਾਈਚਾਰੇ ਕਈ ਹਨ ਜਿਵੇਂ ਆਦਿਵਾਸੀ ਨੇ, ਦਲਿਤ ਨੇ। ... ਪਿਛਲੇ ਸੱਤ ਸਾਲਾਂ ਵਿਚ ਮੈਨੂੰ ਹੁਣ ਪਹਿਲੀ ਵਾਰ ਅਹਿਸਾਸ ਹੋਇਆ ਹੈ ਕਿ ਮੈਂ ਮੁਸਲਮਾਨ ਹਾਂ ਤੇ ਇਹ ਪਿਛਲੇ ਦਸ ਦਿਨਾਂ ਵਿਚ ਹੋਇਆ ਹੈ। ... ਹਮਰਾਹੀਓ, ਘਬਰਾਉਣ ਦੀ ਲੋੜ ਨਹੀਂ। ਇਹਨਾਂ ਕੋਲ ਸੰਸਦ ਦੀ ਬਹੁਗਿਣਤੀ, ਮੀਡੀਆ, ਸਰਕਾਰੀ ਮਸ਼ੀਨਰੀ ਤੇ ਪੁਲੀਸ, ਸਭ ਕੁਝ ਹੋ ਸਕਦਾ ਹੈ ਪਰ ਇਹ ਬੁਜ਼ਦਿਲ ਹਨ। ਇਹ ਸਾਥੋਂ ਡਰਦੇ ਹਨ, ਇਹ ਸਾਡੀਆਂ ਜਦੋਜਹਿਦਾਂ ਤੋਂ ਡਰਦੇ ਹਨ। ਇਹ ਸਾਥੋਂ ਇਸ ਲਈ ਡਰਦੇ ਹਨ ਕਿਉਂਕਿ ਅਸੀਂ ਸੋਚ ਸਕਦੇ ਹਾਂ! ਤੇ ਅੱਜ ਇਸ ਦੇਸ ਵਿਚ ਜਿਸ ਪਲ ਤੁਸੀਂ ਸੋਚਣਾ ਸ਼ੁਰੂ ਕਰਦੇ ਹੋ, ਉਸੇ ਪਲ ਤੁਸੀਂ 'ਦੇਸ਼ਧਰੋਹੀ' ਬਣ ਜਾਂਦੇ ਹੋ!"

ਪੰਜਵੀਂ ਖ਼ਬਰ। ਕੇਂਦਰੀ ਸਭਿਆਚਾਰ ਮੰਤਰਾਲੇ ਅਧੀਨ ਚਲਦੀ ਕਲਕੱਤੇ ਦੀ ਸੰਸਥਾ ਵਿਕਟੋਰੀਆ ਮੈਮੋਰੀਅਲ ਨੇ ਉਥੇ ਲੱਗਣ ਵਾਲੀ ਪਾਕਿਸਤਾਨੀ ਕਲਾਕਾਰ ਸ਼ਾਹਿਦ ਰੱਸਮ ਦੀ ਨੁਮਾਇਸ਼ 'ਗ਼ਾਲਿਬ ਤੇ ਗੁਲਜ਼ਾਰ' ਉਦਘਾਟਨ ਤੋਂ ਕੁਝ ਘੰਟੇ ਪਹਿਲਾਂ ਰੱਦ ਕਰ ਦਿੱਤੀ ਕਿਉਂਕਿ ਪੱਛਮੀ ਬੰਗਾਲ ਦੇ ਭਗਵੇ ਗਵਰਨਰ ਕੇਸਰੀ ਨਾਥ ਤ੍ਰਿਪਾਠੀ ਨੇ ਪਹਿਲਾਂ ਉਹਦਾ ਉਦਘਾਟਨ ਕਰਨਾ ਪਰਵਾਨ ਕਰ ਕੇ ਮੌਕੇ ਉੱਤੇ ਇਨਕਾਰ ਕਰ ਦਿੱਤਾ। ਕਲਾਕਾਰ ਦਾ ਕਹਿਣਾ ਹੈ, "ਮੈਨੂੰ ਕਿਹਾ ਗਿਆ ਕਿ ਨੁਮਾਇਸ਼ ਇਸ ਕਰਕੇ ਰੱਦ ਕਰ ਦਿੱਤੀ ਗਈ ਹੈ ਕਿ ਗਵਰਨਰ ਸਾਹਿਬ ਨਹੀਂ ਆ ਰਹੇ। ਮੈਂ ਇਸ ਨੁਮਾਇਸ਼ ਵਾਸਤੇ ਸਾਲਾਂ ਦੀ ਮਿਹਨਤ ਲਾਈ ਹੈ। ਮੈਂ ਸਮਝਦਾ ਹਾਂ, ਇਹ ਬੜੀ ਬਦਕਿਸਮਤੀ ਦੀ ਗੱਲ ਹੈ ਕਿ ਮੇਰੇ ਨਾਲ ਇਹ ਵਰਤਾਉ ਕੀਤਾ ਗਿਆ। ਉਦਘਾਟਨ ਤੋਂ ਕੁਝ ਘੰਟੇ ਪਹਿਲਾਂ ਮੈਨੂੰ ਵਿਕਟੋਰੀਆ ਮੈਮੋਰੀਅਲ ਦੀ ਈਮੇਲ ਆਈ ਕਿ ਨੁਮਾਇਸ਼ ਨਹੀਂ ਲਗੇਗੀ!" ਹੁਣ ਮਮਤਾ ਬੈਨਰਜੀ ਨੇ ਕਿਹਾ ਹੈ, "ਹਰ ਕਲਾਕਾਰ ਦਾ ਸਵਾਗਤ ਕਰਨਾ ਸਾਡੀ ਪ੍ਰੰਪਰਾ ਹੈ। ਮੈਂ ਪੂਰੀ ਗੱਲ ਦਾ ਪਤਾ ਕਰਾਂਗੀ।"

ਛੇਵੀਂ ਖ਼ਬਰ। ਰਾਜਸਥਾਨ ਦੇ ਸ਼ਹਿਰ ਅਜਮੇਰ ਦੇ ਜਵਾਹਰ ਰੰਗਮੰਚ ਵਿਚ ਹੋਣ ਵਾਲਾ ਸਾਹਿਤਕ ਪ੍ਰੋਗਰਾਮ 'ਸ਼ਾਇਰੀ: ਸਰਹੱਦ ਸੇ ਪਰੇ' ਰੱਦ ਕਰ ਦਿੱਤਾ ਗਿਆ। ਇਸ ਵਿਚ ਭਾਰਤੀ ਸ਼ਾਇਰ ਏ.ਐਮ. ਤੁਰਾਜ ਅਤੇ ਪਾਕਿਸਤਾਨੀ ਸ਼ਾਇਰ ਅੱਬਾਸ ਤਾਬਿਸ਼ ਨੇ ਹਿੱਸਾ ਲੈਣਾ ਸੀ। ਕਨਵੀਨਰ ਰਾਸਬਿਹਾਰੀ ਗੌੜ ਦਾ ਕਹਿਣਾ ਹੈ ਕਿ ਸਾਨੂੰ ਪ੍ਰੋਗਰਾਮ ਇਸ ਲਈ ਰੱਦ ਕਰਨਾ ਪਿਆ ਕਿਉਂਕਿ ਬੀਜੇਪੀ ਦੇ ਜ਼ਿਲਾ ਪ੍ਰਧਾਨ ਅਰਵਿੰਦ ਯਾਦਵ ਨੇ ਫੋਨ ਕਰ ਕੇ 'ਬੇਨਤੀ' ਕੀਤੀ ਸੀ।

"ਅਸੀਂ ਨਹੀਂ ਸੀ ਚਾਹੁੰਦੇ ਕਿ ਕੋਈ ਭੈੜੀ ਘਟਨਾ ਵਾਪਰੇ।" ਯਾਦਵ ਦਾ ਕਹਿਣਾ ਹੈ, "ਅਸੀਂ ਪ੍ਰੋਗਰਾਮ ਦਾ ਵਿਰੋਧ ਇਸ ਲਈ ਕੀਤਾ ਕਿਉਂਕਿ ਇਸ ਵਿਚ ਇਕ ਪਾਕਿਸਤਾਨੀ ਹਿੱਸਾ ਲੈ ਰਿਹਾ ਸੀ।"

ਸੱਤਵੀਂ ਖ਼ਬਰ। ਰਾਜਸਥਾਨ ਦੇ ਰਾਮਗੜ੍ਹ ਹਲਕੇ ਤੋਂ ਬੀਜੇਪੀ ਵਿਧਾਇਕ ਗਿਆਨਦੇਵ ਆਹੂਜਾ ਨੇ ਆਪਣੇ ਜ਼ਿਲਾ-ਸ਼ਹਿਰ ਅਲਵਰ ਵਿਚ 'ਦੇਸ਼ਧਰੋਹੀਆਂ ਵਿਰੁੱਧ ਮਾਰਚ' ਦੀ ਅਗਵਾਈ ਕੀਤੀ। ਇਹ ਉਹੋ ਮਹਾਂਪੁਰਸ਼ ਹੈ ਜਿਸ ਨੇ ਕੁਝ ਦਿਨ ਪਹਿਲਾਂ ਕਿਹਾ ਸੀ ਕਿ ਰਾਹੁਲ ਗਾਂਧੀ ਨੂੰ ਗੋਲ਼ੀ ਮਾਰ ਦਿੱਤੀ ਜਾਂ ਫ਼ਾਂਸੀ ਲਾ ਦਿੱਤੀ ਜਾਣੀ ਚਾਹੀਦੀ ਹੈ। ਮਾਰਚ ਸਮੇਂ ਉਹਨੇ ਕਿਹਾ, "ਮੈਂ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਿੱਲੀ ਬਾਰੇ ਕੁਝ ਤੱਥ ਦਸਦਾ ਹਾਂ। ਉਥੇ ਹਰ ਸਵੇਰ ਸ਼ਰਾਬ ਦੀਆਂ ਦੋ ਹਜ਼ਾਰ ਖਾਲੀ ਬੋਤਲਾਂ, ਦਸ ਹਜ਼ਾਰ ਤੋਂ ਵੱਧ ਸਿਗਰਟਾਂ ਤੇ ਚਾਰ ਹਜ਼ਾਰ ਤੋਂ ਵੱਧ ਬੀੜੀਆਂ ਦੇ ਟੋਟੇ, ਪੰਜਾਹ ਹਜ਼ਾਰ ਤੋਂ ਵੱਧ ਹੱਡੀਆਂ, ਚਿਪਸ ਤੇ ਨਮਕੀਨ ਦੇ ਦੋ ਹਜ਼ਾਰ ਖਾਲੀ ਲਫ਼ਾਫ਼ੇ ਮਿਲਦੇ ਹਨ। ਉਥੇ ਲੜਕੇ-ਲੜਕੀਆਂ ਨੰਗੇ ਨਚਦੇ ਹਨ ਤੇ ਹਰ ਰੋਜ਼ ਸਵੇਰੇ ਤਿੰਨ ਹਜ਼ਾਰ ਵਰਤੇ ਹੋਏ ਨਿਰੋਧ ਤੇ ਪੰਜ ਸੌ ਵਰਤੇ ਹੋਏ ਗਰਭਪਾਤੀ ਇੰਜੈਕਸ਼ਨ ਮਿਲਦੇ ਹਨ। ਦੇਖੋ ਉਥੇ ਉਹ ਸਾਡੀਆਂ ਭੈਣਾਂ ਤੇ ਧੀਆਂ ਨਾਲ ਕੀ ਕੀ ਕਰਤੂਤਾਂ ਕਰਦੇ ਹਨ!"

ਅੱਠਵੀਂ ਖ਼ਬਰ।... ਓਹੋ! ਅੱਠਵੀਂ ਤਾਂ ਕੀ, ਖ਼ਬਰਾਂ ਤਾਂ ਅਜੇ ਕਈ ਹੋਰ ਹਨ ਪਰ ਮੇਰੇ ਕੰਪਿਊਟਰ ਨੇ ਲੇਖ ਦੀ ਲੰਮਾਈ ਦੀ ਹੱਦ ਦੀ ਲਾਲ ਝੰਡੀ ਦਿਖਾ ਦਿੱਤੀ ਹੈ। ਤਾਂ ਵੀ ਆਸ ਹੈ, ਇਹ ਸੱਤ ਦਾਣੇ ਪਾਠਕਾਂ ਨੂੰ ਪੂਰੀ ਦੇਗ ਦੀ ਤਾਸੀਰ ਦੱਸਣ ਲਈ ਅਤੇ ਉਪਰੋਕਤ ਸਭ ਗੱਲਾਂ ਬਾਰੇ ਸੋਚਣ ਵਾਸਤੇ ਮਜਬੂਰ ਕਰਨ ਲਈ ਕਾਫ਼ੀ ਹੋਣਗੇ। ਸੋਚਣਾ ਇਸ ਲਈ ਜ਼ਰੂਰੀ ਹੈ ਕਿਉਂਕਿ, ਉਮਰ ਖ਼ਾਲਿਦ ਦੇ ਕਹਿਣ ਵਾਂਗ, ਸੋਚਣ ਵਾਲੇ ਲੋਕ ਹੀ ਹਨ ਜਿਨ੍ਹਾਂ ਤੋਂ ਹਾਕਮ ਸਭ ਤੋਂ ਬਹੁਤਾ ਡਰਦੇ ਹਨ! ਮੈਂ ਆਪਣੀ ਇਹ ਲਿਖਤ ਅਸਹਿਣਸ਼ੀਲਤਾ ਦੀ ਹੋਂਦ ਤੋਂ ਪੂਰੀ ਤਰ੍ਹਾਂ ਮੁਨਕਰ, ਆਜ਼ਾਦ ਜਮਹੂਰੀ ਭਾਰਤ ਦੇ ਪਹਿਲੇ ਦਰਬਾਰੀ ਕਲਾਕਾਰ ਅਨੂਪਮ ਖੇਰ ਨੂੰ ਸਮਰਪਿਤ ਕਰਦਾ ਹਾਂ!

# ਉਮਰ, ਮੇਰਾ ਵਿਦਿਆਰਥੀ

**(ਉਮਰ ਖਾਲਿਦ ਦੀ ਅਧਿਆਪਕ ਸੰਗੀਤਾ ਦਾਸਗੁਪਤਾ ਦੇ ਅੰਗਰੇਜ਼ੀ ਵਿਚ ਛਪੇ ਲੇਖ ਦੇ ਕੁਝ ਹਿੱਸੇ: ਇੰਡੀਅਨ ਐਕਸਪ੍ਰੈਸ ਤੋਂ ਧੰਨਵਾਦ ਸਹਿਤ)**

9 ਫਰਵਰੀ ਦੇ ਦਿਨ, ਦੁਪਹਿਰ ਦੇ 1.20 ਤੱਕ ਉਮਰ ਮੇਰੇ ਦਫਤਰ ਵਿਚ ਸੀ। ਅਨਿਰਬਾਨ ਆਪਣੇ ਥੀਸਸ ਦਾ ਇਕ ਹਿੱਸਾ ਮੇਰੀ ਨਿਗਰਾਨੀ ਹੇਠ ਪੀ. ਐਚ. ਡੀ. ਜਾਂ ਐਮ. ਫਿਲ. ਕਰਨ ਜਾ ਰਹੇ ਵਿਦਿਆਰਥੀਆਂ ਨੂੰ ਸੁਣਾ ਰਿਹਾ ਸੀ। ਉਮਰ ਨੇ ਸਭ ਕੁਝ ਬੜੇ ਧਿਆਨ ਨਾਲ ਸੁਣਿਆ, ਬਹਿਸ ਵਿਚ ਹਿੱਸਾ ਲਿਆ ਤੇ ਉਸਦੇ ਜਾਣ ਤੋਂ ਪਹਿਲਾਂ ਅਸੀਂ ਇਸ ਤੋਂ ਬਾਅਦ ਉਸਦੇ ਆਪਣੇ ਥੀਸਿਸ ਵਿਚੋਂ ਹੋਣ ਵਾਲੀ ਪੇਸ਼ਕਾਰੀ ਦੀ ਤਰੀਕ ਵੀ ਮਿੱਥ ਲਈ।

ਪਰ ਉਸ ਸਮੇਂ ਕਿਸਨੂੰ ਪਤਾ ਸੀ ਕਿ ਘਟਨਾਵਾਂ ਉਸ ਲਈ, ਮੇਰੇ ਲਈ, ਅਤੇ ਜੇ. ਐਨ. ਯੂ. ਨਾਲ ਜੁੜੇ ਸਾਡੇ ਸਭਨਾਂ ਲਈ ਕਿਹੋ ਜਿਹਾ ਨਾਟਕੀ ਮੋੜ ਲੈਣ ਵਾਲੀਆਂ ਸਨ। ਸਾਬਰਮਤੀ ਹੋਸਟਲ ਦੇ ਲਾਅਨ ਵਿਚ ਹੋਈ ਉਸ ਮਿਲਣੀ ਦੇ ਕੁਝ ਹੀ ਘੰਟਿਆਂ ਬਾਅਦ ਜਿਵੇਂ ਪਰਲੋਂ ਆਣ ਪਈ। ਉਮਰ ਹੁਣ ਉਮਰ ਨਹੀਂ ਸੀ ਰਿਹਾ: ਟੀ. ਵੀ. ਚੈਨਲਾਂ ਉਤੇ ਮੁੜ ਮੁੜ ਉਮਰ ਖਾਲਿਦ ਦੇ ਨਾਂਅ ਹੇਠ ਪੇਸ਼ ਹੋ ਰਿਹਾ 'ਦੇਸ਼-ਵਿਰੋਧੀ' ਸੀ, ਜੋ ਦੇਸ਼ ਦੇ ਟੁਕੜੇ ਟੁਕੜੇ ਹੋਣ ਦੀ ਮੰਗ ਕਰਦਾ ਹੈ, ਅੰਤਰ-ਰਾਸ਼ਟਰੀ ਸੰਸਥਾਵਾਂ ਦੇ ਪੈਸੇ 'ਤੇ ਪਲਣ ਵਾਲਾ 'ਇਸਲਾਮੀ ਦਹਿਸ਼ਤਗਰਦ' ਸੀ, ਜੋ ਹੁਣੇ-ਹੁਣੇ ਪਾਕਿਸਤਾਨ ਹੋ ਕੇ ਆਇਆ ਸੀ। ਕਿਹਾ ਜਾ ਰਿਹਾ ਸੀ ਕਿ ਉਹ ਜੇ. ਐਨ. ਯੂ. ਵਾਲੀ ਘਟਨਾ ਦਾ ਸਰਗਣਾ ਸੀ। ਹਰ ਰੋਜ਼ ਇਨ੍ਹਾਂ ਜਾਣਕਾਰੀਆਂ ਵਿਚ ਵਾਧਾ ਹੋ ਰਿਹਾ ਸੀ: ਉਹ 'ਜੈਸ਼-ਏ-ਮੁਹੰਮਦ' ਦਾ ਹਮਦਰਦ ਹੈ, ਆਈ. ਬੀ. ਚਿਰਾਂ ਤੋਂ ਉਸਨੂੰ ਤਾੜ ਰਹੀ ਸੀ।

ਮੈਂ ਉਸਦਾ ਨਾਂਅ ਗੂਗਲ ਕੀਤਾ ਤਾਂ ਪਤਾ ਲੱਗਾ ਕਿ ਉਹਨੂੰ ਇਕੋ ਵੇਲੇ ਚਾਰ ਚਾਰ ਰਾਜਾਂ ਦਾ ਵਸਨੀਕ ਦੱਸਿਆ ਜਾ ਰਿਹਾ ਸੀ। ਇਹ ਸੀ ਮੀਡੀਆ-ਮੁਕੱਦਮੇ ਦਾ ਸ਼ਿਕਾਰ ਜਿਸਨੂੰ ਸਿਰਫ ਇਸ ਲਈ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ ਗਿਆ ਕਿਉਂਕਿ ਉਹ ਮੁਸਲਮਾਨ ਸੀ। ਕੋਈ ਵੀ ਜੁਰਮ ਸਾਬਤ ਹੋਣ ਤੋਂ ਪਹਿਲਾਂ ਹੀ ਉਸਨੂੰ ਮੁਜਰਮ ਕਰਾਰ ਦੇ ਦਿੱਤਾ ਗਿਆ।

ਮੈਂ ਤੁਹਾਨੂੰ ਆਪਣੇ ਵਿਦਿਆਰਥੀ ਉਮਰ ਬਾਰੇ ਦੱਸਣਾ ਚਾਹੁੰਦੀ ਹਾਂ। ਪਿਛਲੇ ਪੰਜ ਸਾਲਾਂ ਤੋਂ ਮੈਂ ਉਸਦੀ ਨਿਗਰਾਨ-ਅਧਿਆਪਕ ਹਾਂ, ਅਤੇ ਉਹ ਮੇਰੇ ਪੜ੍ਹਾਏ ਸਭ ਤੋਂ ਰੌਸ਼ਨ-ਦਿਮਾਗ ਵਿਦਿਆਰਥੀਆਂ ਵਿਚੋਂ ਹੈ। 2009 ਵਿਚ ਉਮਰ ਇਤਿਹਾਸ ਅਧਿਐਨ ਕੇਂਦਰ ਵਿਚ ਐਮ. ਏ. ਕਰਨ ਆਇਆ ਸੀ।

ਉਸ ਕੋਲੋਂ ਮੈਨੂੰ ਆਪਣੇ ਕੋਰਸ ਬਾਰੇ ਕਈ ਵਾਰ ਗੰਭੀਰ ਮੋੜਵੀਂ ਰਾਏ ਮਿਲੀ। ਮੈਂ ਲਗਾਤਾਰ ਆਪਣੇ ਵਿਦਿਆਰਥੀਆਂ ਨੂੰ ਆਪਸੀ ਬਹਿਸ ਲਈ ਪ੍ਰੇਰਦੀ ਸੀ। ਉਮਰ ਨੇ ਮਹਿਸੂਸ ਕੀਤਾ ਕਿ ਮੇਰਾ ਇਹ ਇਸਰਾਰ ਉਨ੍ਹਾਂ ਵਿਦਿਆਰਥੀਆਂ ਵਿਚ ਘਬਰਾਹਟ ਪੈਦਾ ਕਰਦਾ ਹੈ ਜਿਹਨਾਂ ਕੋਲ ਅੰਗਰੇਜ਼ੀ ਵਿਚ ਬੋਲਣ ਦੀ ਮੁਹਾਰਤ ਨਹੀਂ ਹੁੰਦੀ। ਉਸਦੀ ਇਹ ਟਿੱਪਣੀ ਮੈਨੂੰ ਕਦੇ ਨਹੀਂ ਭੁੱਲੀ।

ਉਮਰ ਬੜੀ ਸ਼ਿੱਦਤ ਅਤੇ ਪ੍ਰਤੀਬੱਧਤਾ ਨਾਲ ਆਦਿਵਾਸੀਆਂ ਦੇ ਇਤਿਹਾਸ ਅਤੇ ਸਿਆਸਤ ਨਾਲ ਜੜਿਆ ਹੋਇਆ ਹੈ। ਉਸਦੀ ਖੋਜ ਦਾ ਵਿਸ਼ਾ ਬਸਤੀਵਾਦੀ ਦੌਰ ਵਿਚ ਰਾਜਸੱਤਾ ਨਾਲ ਆਦਿਵਾਸੀਆਂ ਦੇ ਸੰਘਰਸ਼ਾਂ ਅਤੇ ਟਕਰਾਵਾਂ ਦੇ ਅਧਿਐਨ ਰਾਹੀਂ ਉਹਨਾਂ ਦੇ ਅਜੋਕੇ ਸਮਾਜ ਨੂੰ ਸਮਝਣ ਦੀ ਕੋਸ਼ਿਸ਼ 'ਤੇ ਕੇਂਦਰਿਤ ਹੈ।

ਹਾਸ਼ੀਆਗ੍ਰਸਤ ਲੋਕਾਂ ਪ੍ਰਤੀ ਉਸਦੀ ਡੂੰਘੀ ਹਮਦਰਦੀ ਬਹਿਸਾਂ ਅਤੇ ਵਿਚਾਰ- ਵਟਾਂਦਰਿਆਂ ਦੌਰਾਨ ਲਗਾਤਾਰ ਜ਼ਾਹਿਰ ਹੁੰਦੀ ਸੀ। ਵਿਦਿਆਰਥੀ ਬਹਿਸਾਂ ਸਮੇਂ ਮੈਂ ਹਮੇਸ਼ਾ ਉਮਰ ਦੀ ਸ਼ਮੂਲੀਅਤ ਦੀ ਇਛੁੱਕ ਰਹੀ ਹਾਂ, ਕਿਉਂਕਿ ਉਸਦੇ ਹੋਣ ਨਾਲ ਵਿਚਾਰ-ਵਟਾਂਦਰਿਆਂ ਵਿਚ ਭਰਪੂਰਤਾ ਆ ਜਾਂਦੀ ਸੀ। ਤੇ ਅੱਜ ਇਹ ਵੀ ਚੇਤੇ ਕਰ ਰਹੀ ਹਾਂ ਕਿ ਸ਼ਰੀਆ ਕਾਨੂੰਨ ਬਾਰੇ ਹੋ ਰਹੀ ਬਹਿਸ ਦੌਰਾਨ ਕਿਵੇਂ ਉਸਨੇ ਮੁਸਕਰਾ ਕੇ ਕਿਹ ਸੀ, 'ਮੈਡਮ, ਇਸ ਸਭ ਬਾਰੇ ਮੇਰੀ ਜਾਣਕਾਰੀ ਸਿਫਰ ਬਰਾਬਰ ਹੈ।'

ਮੈਂ ਅਮਰੀਕਾ ਦੀ ਯੂਨੀਵਰਸਿਟੀ ਯੇਲ ਵਿਚ ਇਕ ਸਾਲ ਦੇ ਵਟਾਂਦਰਾ ਪ੍ਰੋਗਰਾਮ ਉਤੇ ਉਸਨੂੰ ਭੇਜਣ ਲਈ ਪ੍ਰੇਰ ਨਾ ਸਕੀ। ਕਿਉਂਕਿ ਉਸਦੀ ਸਮਾਜਿਕ ਅਤੇ ਅਕਾਦਮਿਕ ਪ੍ਰਤੀਬੱਧਤਾ ਏਥੇ, ਭਾਰਤ ਵਿਚ ਹੈ। ਉਸਦੇ ਖੋਜ-ਪੱਤਰ ਵਿਚੋਂ ਇਕ ਟੂਕ ਦਰਜ ਕਰਕੇ ਗੱਲ ਮੁਕਾਉਂਦੀ ਹਾਂ: 'ਸਾਡਾ ਹਰ ਪਲ ਬਿਹਤਰੀ ਲਈ ਸੰਘਰਸ਼ ਵਿਚ ਜੁਟਿਆ ਹੋਣਾ ਚਾਹੀਦਾ ਹੈ।' ਇਹੋ ਜਿਹੇ ਵਿਚਾਰ ਅੱਜ ਸਿਰਫ ਖਾਬ-ਖਿਆਲੀ ਵਾਲੀ ਦੁਨੀਆਂ ਵਿਚ ਲੱਭਦੇ ਹੋਣਗੇ। ਪਰ ਇਨ੍ਹਾਂ ਵਿਚਾਰਾਂ ਵਿਚ ਕੁਝ ਵੀ ਗੈਰ-ਸੰਵਿਧਾਨਕ ਨਹੀਂ।

ਰਤਾ ਸਾਨੂੰ ਵੀ ਪੁੱਛ ਕੇ ਦੇਖੋ, ਜਿਹਨਾਂ ਨੇ ਇਸ ਯੂਨੀਵਰਸਿਟੀ ਦੇ ਲਾਂਘਿਆਂ ਵਿਚ ਉਮਰ ਨਾਲ ਕਈ ਵਰ੍ਹੇ ਗੁਜ਼ਾਰੇ ਹਨ, ਕਿ ਉਮਰ ਕਿਹੋ ਜਿਹਾ ਮਨੁੱਖ ਹੈ। ਕਿਤੇ ਇਹ ਤਾਂ ਨਹੀਂ ਕਿ 'ਦੇਸ਼-ਧਰੋਹ' ਦੇ ਇਸ ਦਵੈਤੀ ਸ਼ੋਰ-ਸ਼ਰਾਬੇ ਨੇ ਸਾਡੀਆਂ ਆਵਾਜ਼ਾਂ ਨੂੰ ਦਬ ਕੇ ਰੱਖਣ ਦੀ ਠਾਣ ਲਈ ਹੈ।

**ਅਨੁਵਾਦ- ਸੁਕੀਰਤ**

# ਜਾਟ ਅੰਦੋਲਨ: ਪੀੜਤਾਂ ਦੇ ਬਿਜਲੀ ਬਿਲ ਹੋਣਗੇ ਮੁਆਫ਼

ਚੰਡੀਗੜ੍ਹ- ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਐਲਾਨ ਕੀਤਾ ਕਿ ਜਿਹੜੇ ਬਿਜਲੀ ਖਪਤਕਾਰਾਂ ਦਾ ਜਾਟ ਰਾਖਵਾਂਕਰਨ ਅੰਦੋਲਨ ਸਮੇਂ ਕਾਰੋਬਾਰ ਨੂੰ ਨੁਕਸਾਨ ਹੋਇਆ ਹੈ, ਉਨ੍ਹਾਂ ਖਪਤਕਾਰਾਂ ਨੂੰ ਚਾਲੂ ਅਤੇ ਅਗਲੇ ਬਿੱਲ ਸਰਕਲ ਦੇ ਬਿਜਲੀ ਬਿਲਾਂ ਦੀ ਅਦਾਇਗੀ ਤੋਂ ਛੋਟ ਦਿੱਤੀ ਜਾਵੇਗੀ। ਖਪਤਕਾਰਾਂ ਨੇ ਮੰਗ ਕੀਤੀ ਸੀ ਕਿ ਉਨ੍ਹਾਂ ਦੇ ਕਾਰੋਬਾਰ ਬੁਰੀ ਤਰ੍ਹਾਂ ਤਬਾਹ ਹੋ ਗਏ ਹਨ ਤੇ ਉਹ ਬਿਜਲੀ ਦੇ ਬਿਲ ਭਰਨ ਤੋਂ ਅਸਮਰਥ ਹਨ ।

ਪੀੜਤ ਕਾਰੋਬਾਰੀਆਂ ਨੇ ਮੰਗ ਕੀਤੀ ਸੀ ਕਿ ਉਨ੍ਹਾਂ ਨੂੰ ਕਾਰੋਬਾਰ ਚਲਾਉਣ ਲਈ ਹੋਏ ਨੁਕਸਾਨ ਦੀ ਪੰਜਾਹ ਫੀਸਦੀ ਪੇਸ਼ਗੀ ਰਕਮ ਦਿੱਤੀ ਜਾਵੇ ਤਾਂ ਕਿ ਉਹ ਮੁੜ ਕਾਰੋਬਾਰ ਚਲਾ ਸਕਣ। ਅੱਜ ਦੇ ਐਲਾਨ ਨਾਲ ਪੀੜਤਾਂ ਨੂੰ ਰਾਹਤ ਮਿਲੇਗੀ। ਇਸ ਦੌਰਾਨ ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਰਾਜ ਸਰਕਾਰ ਸੂਬੇ ਦੀ ਪੁਰਾਣੀ ਸੱਭਿਅਤਾ ਦੀ ਸੁਰੱਖਿਆ ਲਈ ਪੰਚਕੂਲਾ ਦੇ ਸੈਕਟਰ 5 ਵਿੱਚ ਦੋ ਏਕੜ ਜ਼ਮੀਨ ਉੱਤੇ ਅਜਾਇਬ ਘਰ ਦਾ ਨਿਰਮਾਣ ਕਰੇਗੀ। ਮੁੱਖ ਮੰਤਰੀ ਨੇ ਅੱਜ ਇਹ ਐਲਾਨ ਭਾਰਤ ਦੇ ਸਭ ਤੋਂ ਵੱਡੇ ਹੜੱਪਾ ਥਾਂ ਅਤੇ ਜ਼ਿਲ੍ਹਾ ਹਿਸਾਰ ਵਿੱਚ ਮੋਹਿੰਜੋਦਾੜੋ ਤੋਂ ਬਾਅਦ ਦੂਜੇ ਸਭ ਤੋਂ ਵੱਡੇ ਹੜੱਪਾ ਥਾਂ ਰਾਖੀ-ਗੜ੍ਹੀ ਵਿਚ ਸਾਈਟ ਮਿਊਜ਼ੀਅਮ-ਕਮ-ਇੰਟਰਪ੍ਰੇਟੇਸ਼ਨ ਸੈਂਟਰ ਦੇ ਨਿਰਮਾਣ ਕੰਮ ਦਾ ਨੀਂਹ ਪੱਥਰ ਰੱਖਣ ਤੋਂ ਬਾਅਦ ਅਧਿਕਾਰੀਆਂ ਨੂੰ ਸੰਬੋਧਨ ਕਰਦਿਆਂ ਕੀਤਾ।

ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਪੰਚਕੂਲਾ ਵਿੱਚ ਅਜਾਇਬਘਰ ਦੇ ਨਿਰਮਾਣ ਲਈ ਕੇਂਦਰ ਸਰਕਾਰ ਤੋਂ ਮਾਲੀ ਮਦਦ ਪ੍ਰਾਪਤ ਕਰਨ ਲਈ ਕੇਂਦਰੀ ਸਭਿਆਚਾਰਕ ਮੰਤਰਾਲੇ ਦੇ ਸੰਪਰਕ ਵਿੱਚ ਰਹਿਣ। ਇਸ ਤੋਂ ਇਲਾਵਾ ਰਾਜ ਸਰਕਾਰ ਵੀ ਇਸ ਦੀ ਸਥਾਪਨਾ ਲਈ ਲੋੜੀਂਦੀ ਰਕਮ ਉਪਲਬਧ ਕਰਾਏਗੀ। ਅਜਾਇਬਘਰ ਦਾ ਨਿਰਮਾਣ 23.85 ਕਰੋੜ ਰੁਪਏ ਦੀ ਲਾਗਤ ਨਾਲ ਪੂਰਾ ਹੋਵੇਗਾ।

ਪੁਰਾਤੱਤਵ ਮੰਤਰੀ ਰਾਮ ਬਿਲਾਸ ਸ਼ਰਮਾ ਨੇ ਦੱਸਿਆ ਕਿ ਰਾਖੀ-ਗੜ੍ਹੀ ਵਿੱਚ ਖੁਦਾਈ ਦੌਰਾਨ ਸਿੰਧੂ ਘਾਟੀ ਸਭਿਅਤਾ ਦਾ ਯੋਜਨਾਬੱਧ ਸ਼ਹਿਰ ਮਿਲਿਆ ਹੈ, ਜੋ ਕਿ ਸਿੰਧੂ ਸੱਭਿਅਤਾ ਦੇ ਚਾਰ ਸੱਭ ਤੋਂ ਵੱਡੇ ਸ਼ਹਿਰਾਂ ਵਿੱਚੋਂ ਇੱਕ ਹੈ।

# ਸਾਹਿਤਕ ਪੈੜਾਂ

## ਸਤਿਗੁਰ ਹੀ ਚੰਗਾ ਹੈ

**ਗੁਰੂ ਰਵਿਦਾਸ ਜੀ ਮਹਾਰਾਜ ਦੁਆਰਾ ਨਾਮ ਜੱਪਣਾ ਤੇ ਭਗਤੀ ਕਰਨਾ ਬੁਰੇ ਲੋਕਾਂ ਨੂੰ ਚੁੱਭਦਾ ਹੈ ਤੇ ਉਹ ਗੁਰੂ ਮਹਾਰਾਜ ਦੇ ਵਿਰੁੱਧ ਰਾਜੇ ਦੇ ਕੋਲ ਫਰਿਆਦ ਲੈ ਕੇ ਜਾਂਦੇ ਹਨ। ਉਹ ਕੁਝ ਇਸ ਤਰ੍ਹਾਂ ਹੈ:**



ਪਰਸ਼ੋਤਮ ਲਾਲ ਸਰੋਏ
91-92175-44348

ਠੱਕ-ਠੱਕ-ਠੱਕ.....।
ਦਰਬਾਰੀ: ਓ ਭਾਈ! ਤੁਸੀਂ ਕੌਣ ਆਂ?
ਫਰਿਆਦੀ: ਦਰਬਾਰੀ ਜੀ ਦਰਵੱਜਾ ਖੋਲ੍ਹੀਏ, ਹਮ ਫਰਿਆਦੀ ਹੈ,
ਰਾਜਾ ਜੀ ਕੇ ਪਾਸ ਫਰਿਆਦ ਲੇ ਕਰ ਆਏ ਹੈਂ।
ਦਰਬਾਰੀ: ਦੱਸੋ ਮੈਨੂੰ ਕੀ ਵਰਤਿਆ ਭਾਣਾ?
ਫ਼ਰਿਆਦੀ: ਰਾਜਨ ਸੇ ਮੁਲਾਕਾਤ ਕਰਾਨਾ।2
ਦਰਬਾਰੀ: ਦੱਸ ਦਿਓ, ਰਾਜਨ ਨੂੰ ਕੀ ਕਹਿਣਾ?
ਫ਼ਰਿਆਦੀ: ਦੁਖੀ ਬੜੇ, ਦੁੱਖ ਹੋਰ ਨਾ ਸਹਿਣਾ।2
ਦਰਬਾਰੀ: ਕੀ ਕਹਾਂ ਰਾਜਨ ਨੂੰ ਕਿਸ ਤੁਹਾਨੂੰ ਬੋਲਿਆ ਮੰਦਾ ਹੈ,
ਤੰਗ ਜੋ ਤੁਹਾਨੂੰ ਕਰਦਾ ਦੱਸੋ ਓਹ ਕੈਸਾ ਬੰਦਾ ਹੈ।
ਫ਼ਰਿਆਦੀ: ਉਲਟਾ ਕੰਮ ਉਹਦਾ ਦੇਖ ਹੋ ਗਿਆ।
ਦਰਬਾਰੀ: ਤੁਹਾਡਾ ਕੀ ਕੰਮ ਨੇਕ ਹੋ ਗਿਆ। 2
ਤੁਹਾਡੀ ਕੋਈ ਕਮਾਈ ਖਾਵੇ, ਜਾਂ ਕੋਈ ਬੋਲੇ ਮੰਦਾ ਹੈ।
ਫ਼ਰਿਆਦੀ: ਨਾਂਹ, ਨਾਂਹ! ਉੱਚੀ ਕੁੱਲ ਦੇ ਵਾਸੀ, ਕੌਣ ਸਾਨੂੰ ਬੋਲੇ ਮੰਦਾ ਹੈ।
ਨਾ ਗੱਲ ਜਚਦੀ ਰਵਿਦਾਸ ਚਮਾਰ, ਹੈ ਜੰਜੂ ਗਲ ਵਿੱਚ ਪਾਉਂਦਾ।
ਸਾਡੇ ਵਾਂਗਰ ਧੋਤੀ ਪਹਿਨੇ ਮੱਥੇ ਤਿਲਕ ਲਗਾਉਂਦਾ। 2।
ਉੱਚੀ ਕੁੱਲ ਦੇ ਵਾਸੀ, ਉਹ ਨੀਵੀਂ ਜ਼ਾਤ ਦਾ ਬੰਦਾ ਹੈ।
ਰੀਸ ਜੋ ਸਾਡੀ ਕਰਦਾ, ਨਾ ਸਾਨੂੰ ਲੱਗਦਾ ਚੰਗਾ ਹੈ।2।
ਰਾਜਾ: ਐਸਾ ਕਿਹੜਾ ਜ਼ੁਲਮ ਹੋਇਆ ਜਿਹਨੇ ਦੁਖੀ ਹੈ ਕਰਕੇ ਰੱਖਤਾ। 2।
ਪੁੱਛਦੇ ਆਂ ਸੰਤੋਖ ਦੁਲਾਰੇ ਨੂੰ, ਦੇਖਦੇ ਉਹ ਕੀ ਦੱਸਦਾ। 2।
ਕਹਿੰਦੇ ਆਂ ਉਹ ਕੰਮ ਐਸਾ ਕਿਉਂ ਕਰਦਾ ਮੰਦਾ ਹੈ?
ਉੱਚੀ ਕੁੱਲ ਦੇ ਲੋਕਾਂ ਨੂੰ ਨਾ ਲੱਗਦਾ ਚੰਗਾ ਹੈ। 2।
ਫ਼ਰਿਆਦੀ: ਜੋ ਹੈ ਸਾਡੀ ਰੀਸ ਉਹ ਕਰਦਾ, ਸਾਨੂੰ ਨਾ ਉਹ ਭਾਉਂਦਾ। 2।
ਸਜ਼ਾ ਦਿਓ ਉਹਨੂੰ ਰਾਜਾ ਜੀ, ਉਹ ਡੰਡ ਭਾਗੀ ਅਖਵਾਉਂਦਾ। 2।
ਸਾਡੇ ਵਾਂਗਰ ਕਾਹਤੋਂ ਉਹ ਨਾਂ ਰੱਬ ਦਾ ਲੈਂਦਾ ਹੈ।
ਰਾਜਨ ਜੀ! ਰੋਕਣਾ ਚਾਹੁੰਦੇ ਉਹਨੂੰ ਜੋ ਸਾਡੇ ਨਾਲ ਖਹਿੰਦਾ ਹੈ। 2।
ਰਾਜਾ: ਬੁਲਾ ਕੇ ਉਹਨੂੰ ਪੁੱਛਦੇ ਆਂ, ਕੀ ਕਹਿੰਦੀ ਇਹ ਲੋਕਾਈ। 2।
ਪਰਸ਼ੋਤਮ ਆਖੇ ਸਤਿਗੁਰਾਂ ਨੇ ਲੀਲਾ ਨਵੀਂ ਰਚਾਈ।
ਸਰੋਏ ਹੈ ਕਹਿੰਦਾ ਸਤਿਗੁਰਾਂ ਨੇ ਲੀਲਾ ਨਵੀਂ ਰਚਾਈ।
ਰਾਜੇ ਸਣੇ ਸਭ ਚਰਨੀ ਪਏ। 2। ਜੋ ਕਹਿੰਦੇ ਇਹ ਮੰਦਾ ਹੈ।
ਆਖਣ ਲੱਗੇ ਅਸੀਂ ਬੁਰੇ, ਇਹੀ ਤਾਂ ਚੰਗਾ ਹੈ। 2।
ਫ਼ਰਿਆਦੀ: ਰਾਜਨ ਜੀ ਸਾਥੋਂ ਭੁੱਲ ਹੋਈ, ਨੀਅਤ ਵਿੱਚ ਬੜੀ ਖ਼ਰਾਬੀ। 2।
ਸਿੱਧੀ ਕੀਤੀ ਸਤਿਗੁਰਾਂ, ਉਲਟੀ ਜੋ ਅਕਲ ਦੀ ਚਾਬੀ। 2।
ਐਸੇ ਰੱਬ ਦੇ ਰੂਪ ਨਾਲ, ਨਾ ਕਰਨਾ ਦੰਗਾ ਹੈ। 2।
ਆਖਣ ਲੱਗੇ ਅਸੀਂ ਬੁਰੇ, ਇਹੀ ਤਾਂ ਚੰਗਾ ਹੈ।
ਆਖਣ ਲੱਗੇ ਅਸੀਂ ਬੁਰੇ, ਸਤਿਗੁਰ ਹੀ ਚੰਗਾ ਹੈ।2।

## ਫਿਰਕੂ ਬਨਾਮ ਟਿਕਟੂ!



ਤਰਲੋਚਨ ਸਿੰਘ ਦੁਪਾਲਪੁਰ
001-408-915-1268

ਰਹਿੰਦੇ ਤਾੜਦੇ ਹਵਾ ਦਾ ਰੁਖ ਕਿੱਦਾਂ
ਵੋਟਾਂ ਪੈਣ ਤੋਂ ਪਹਿਲਾਂ ਇਹ ਗੱਲ ਹੁੰਦਾ।
ਕਰੇ ਸਿਫਤ ਜੋ ਕਿਤੇ ਵਿਰੋਧੀਆਂ ਦੀ
ਉਹਦਾ ਸਮਝ ਲਓ ਉਖੜਿਆ 'ਤਾਲ' ਹੁੰਦਾ।
'ਦਮ ਘੁੱਟਦਾ' ਕਹੇ ਜੋ ਪਾਰਟੀ ਵਿਚ
ਕਿਸੇ ਪਾਸਿਉਂ ਮਿਲ ਗਿਆ 'ਮਾਲ' ਹੁੰਦਾ।
ਸ਼ਾਮ ਪੈਂਦਿਆਂ ਪਤਾ ਨਹੀਂ ਕਿਧਰ ਜਾਵੇ
ਸੁਬ੍ਹਾ ਵੇਲੇ ਜੋ 'ਤਨ ਮਨ' ਦੇ ਨਾਲ ਹੁੰਦਾ।
ਉਧਰੋਂ ਇਧਰ ਤੇ ਇਧਰੋਂ ਉਧਰ ਜਾਣਾ
ਹੁੰਦਾ ਇਕ ਟਿਕਾਣਾ ਨਹੀਂ ਫਿਰਕੂਆਂ ਦਾ
'ਕੈਂਡੀਡੇਟ' ਹਰ ਹਾਲ ਵਿਚ ਚਾਹੁਣ ਬਣਨਾ
ਦੀਨ-ਧਰਮ ਨਹੀਂ ਹੁੰਦਾ ਕੋਈ ਟਿਕਟੂਆਂ ਦਾ!

## ਗੀਤ

ਸੰਤੋਖ ਸਿੰਘ ਸੰਧੂ (+61) 0434 060 540)



ਮਾਏ ਸੁਣੀ ਨਾ ਅਰਜ਼ ਮੇਰੀ ਚਾਹ ਕੇ, ਤੈਥੋਂ ਕੀ ਜਾਗੀਰ ਮੰਗ ਲਈ।
ਇੱਕ ਮੰਗਿਆ ਸੀ ਰਾਂਝਾ ਪਾ ਲਾ ਕੇ, ਤੈਥੋਂ ਕੀ ਜਾਗੀਰ ਮੰਗ ਲਈ।
ਮੇਰੀ ਜਿੰਦ ਮੇਰੀ ਜ਼ਾਨ ਰਾਂਝਾ ਹੋ ਗਿਆ।
ਮੇਰਾ ਦੀਨ ਤੇ ਈਮਾਨ ਰਾਂਝਾ ਹੋ ਗਿਆ।
ਮੇਰੀ ਪੂਜਾ ਮੇਰਾ ਧਿਆਨ ਰਾਂਝਾ ਹੋ ਗਿਆ।
ਮਾਏ ਚਾਕ ਨਾ ਮਹਿਮਾਨ ਰਾਂਝਾ ਹੋ ਗਿਆ।
ਮੈਂ ਰੱਖਿਆ ਨਹੀਂ ਕੁਝ ਵੀ ਲੁਕਾ ਕੇ, ਤੈਥੋਂ ਕੀ ਜਾਗੀਰ ਮੰਗ ਲਈ।
ਇੱਕ ਮੰਗਿਆ ਸੀ ਰਾਂਝਾ ਪਾ ਲਾ ਕੇ, ਤੈਥੋਂ ਕੀ ਜਾਗੀਰ ਮੰਗ ਲਈ।
ਮਾਏ ਛੱਡ ਦੇ ਗੁੱਸੇ ਨੂੰ ਅੜੀ ਜਾਣ ਦੇ।
ਮੈਨੂੰ ਰਾਂਝੇ ਦੇ ਨਾਲ ਵਰੀ ਜਾਣ ਦੇ।
ਜਿਹੜੇ ਸੜਦੇ ਉਹਨਾਂ ਨੂੰ ਸੜੀ ਜਾਣ ਦੇ।
ਲੋਕੀਂ ਕਰਦੇ ਗੱਲਾਂ ਤਾਂ ਕਰੀ ਜਾਣ ਦੇ।
ਇਨ੍ਹਾਂ ਵੇਖਿਆ ਨਾ ਦਿਲ ਕਿਤੇ ਲਾ ਕੇ,ਤੈਥੋਂ ਕੀ ਜਾਗੀਰ ਮੰਗ ਲਈ।
ਇੱਕ ਮੰਗਿਆ ਸੀ ਰਾਂਝਾ ਲਾ ਪਾ ਕੇ, ਤੈਥੋਂ ਕੀ ਜਾਗੀਰ ਮੰਗ ਲਈ।
ਨਵੇਂ ਚਾਕ ਮਾਏ ਹੋਰ ਕਿੱਥੋਂ ਆਉਣ ਗੇ।
ਜਿਹੜੇ ਰੀਝ ਨਾਲ ਮੱਝੀਆਂ ਚਰਾਉਣ ਗੇ।
ਵੇਲੇ ਬੀਤ ਗਏ ਹੱਥ ਨਹੀਂ ਆਉਣ ਗੇ।
ਵਿੱਚ ਬੇਲਿਆਂ ਦੇ ਬਿੰਡੇ ਗੀਤ ਗਾਉਣ ਗੇ।
ਦੱਸੀਂ ਬਾਪ ਨੂੰ ਇਹ ਗੱਲ ਸਮਝਾ ਕੇ, ਤੈਥੋਂ
ਕੀ ਜਾਗੀਰ ਮੰਗ ਲਈ।
ਇੱਕ ਮਗਿਆ ਸੀ ਰਾਂਝਾ ਪਾ ਲਾ ਕੇ, ਤੈਥੋਂ ਕੀ ਜਾਗੀਰ ਮੰਗ ਲਈ।
ਮੈਂ ਧੀ ਹਾਂ ਤੇਰੀ ਮਾਏ ਕੋਈ ਹੋਰ ਨਾ।
ਧੀ ਦਾ ਮਾਪਿਆਂ ਦੇ ਅੱਗੇ ਕੋਈ ਜ਼ੋਰ ਨਾ।
ਸੰਧੂ ਚੰਗਾ ਨਹੀਂ ਦੋ ਰੂਹਾਂ ਨੂੰ ਵਿਛੋੜਨਾ।
ਮਾਏ ਖੇੜਿਆਂ ਦੇ ਨਾਲ ਮੈਨੂੰ ਤੋਰ ਨਾ।
ਭਾਵੇਂ ਪੁੱਛੀਂ ਨਾ ਇੱਕ ਵਾਰ ਵਿਆਹ ਕੇ, ਤੈਥੋਂ ਕੀ ਜਾਗੀਰ ਮੰਗ ਲਈ।
ਇੱਕ ਮੰਗਿਆ ਸੀ ਰਾਂਝਾ ਪਾ ਲਾ ਕੇ, ਤੈਥੋਂ ਕੀ ਜਾਗੀਰ ਮੰਗ ਲਈ।
ਮਾਏ ਸੁਣੀ ਨਾ ਅਰਜ਼ ਮੇਰੀ ਚਾਹ ਕੇ, ਤੈਥੋਂ ਕੀ ਜਾਗੀਰ ਮੰਗ ਲਈ।

## ਗਜ਼ਲ

-ਕਮਲ ਬੰਗਾ ਸੈਕਰਾਮੈਂਟੋ
916-897-8570

ਲੋਕਾਂ ਨਾਲ ਹੁੰਗਾਰਾ ਭਰਦੇ ਹਾਂ।
ਕਿਸ਼ਤਾਂ ਨਾਲ ਹੁੰਗਾਰਾ ਭਰਦੇ ਹਾਂ।

ਜੀਵਨ ਦੁੱਖਾਂ ਸੁੱਖਾਂ ਦੀ ਕਹਾਣੀ ਹੈ,
ਇਹਨਾਂ ਨਾਲ ਹੁੰਗਾਰਾ ਭਰਦੇ ਹਾਂ।

ਰੁੱਖ ਬੋਲਦੇ ਨੀ ਪਰ ਡੋਲਦੇ ਨੀ,
ਰੁੱਖਾਂ ਨਾਲ ਹੁੰਗਾਰਾ ਭਰਦੇ ਹਾਂ।

ਧਰਤੀ ਤਪਦੀ ਵੀ ਤੇ ਠਰਦੀ ਵੀ,
ਧੁੱਪਾਂ ਛਾਵਾਂ ਨਾਲ ਹੁੰਗਾਰਾ ਭਰਦੇ ਹਾਂ।

ਗਰੀਬ ਖਮੋਸ਼ ਰਹਿੰਦੈ ਅਮੀਰ ਹੱਸਦੈ,
ਦੋਵਾਂ ਨਾਲ ਹੁੰਗਾਰਾ ਭਰਦੇ ਹਾਂ।

ਕੁੜੀਆਂ ਕੂੰਜਾਂ ਕੋਇਲਾਂ ਗੀਤ ਗਾਉਂ-
ਦੀਆਂ,
ਗੀਤਾਂ ਨਾਲ ਹੁੰਗਾਰਾ ਭਰਦੇ ਹਾਂ।

ਪਤਝੜ ਆਉਂਦੀ ਤੇ ਬਹਾਰ ਆਉਂਦੀ,
ਰੁੱਤਾਂ ਨਾਲ ਹੁੰਗਾਰਾ ਭਰਦੇ ਹਾਂ।

ਦੁਨੀਆਂ ਦੀਆਂ ਚਾਰ ਦਿਸ਼ਾਵਾਂ ਹੀ
ਦਿਸ਼ਾਵਾਂ ਨਾਲ ਹੁੰਗਾਰਾ ਭਰਦੇ ਹਾਂ।

ਹਰ ਜ਼ਿੰਦਗੀ ਰੀਤਾਂ ਨਾਲ ਰੰਗੀ 'ਕਮਲ'
ਰੀਤਾਂ ਨਾਲ ਹੀ ਹੁੰਗਾਰਾ ਭਰਦੇ ਹਾਂ।

## ਚੰਗਾ ਨਹੀਂ ਹੁੰਦਾ

ਕਮਲਜੀਤ ਕੌਰ 'ਕੋਮਲ' 91-81959-25110

ਸੱਚ ਆਖੋਂ ਤਾਂ ਰੱਬ ਵੀ ਹਾਮੀ ਭਰ ਦਿੰਦਾ,
ਬੇਦੋਸ਼ਾਂ ਤੇ ਦੋਸ਼ ਲਗਾਉਣਾ, ਚੰਗਾ ਨਹੀਂ ਹੁੰਦਾ।
ਨਫਰਤ ਦਿਲੋਂ ਭੁਲਾ ਕੇ, ਹੱਦਾਂ ਤੋੜ ਦਿਓ,
ਨਿੱਤ ਦਾ ਖੂਨ ਵਹਾਉਣਾ, ਚੰਗਾ ਨਹੀਂ ਹੁੰਦਾ।
ਜੋ ਬੁਰੀ ਨਜਰ ਨਾਲ ਤੱਕਦਾ, ਬੇਸ਼ੱਕ ਚੀਰ ਦਿਓ,
ਇੱਜਤੀਂ ਦਾਗ ਲਗਾਉਣਾ, ਚੰਗਾ ਨਹੀਂ ਹੁੰਦਾ।
ਅੱਧਨੰਗੀਆਂ ਲਾਸ਼ਾਂ ਸੜਕਾਂ ਉਤੇ ਰੁਲਦੀਆਂ ਨੇ,
ਜ਼ੁਲਮ ਕਿਸੇ ਤੇ ਢਾਹੁਣਾ, ਚੰਗਾ ਨਹੀਂ ਹੁੰਦਾ।
ਸਬਰ-ਸਿਦਕ ਵਿਚ ਦੇਖੀਂ ਕਿੰਨੀ ਬਰਕਤ ਏ,
ਠਗੀਆਂ ਮਾਰ ਕਮਾਉਣਾ, ਚੰਗਾ ਨਹੀਂ ਹੁੰਦਾ।
ਜੋ ਇੱਜਤਾਂ ਨਾਲ ਬੁਲਾਵੇ, ਉਹਦੀ ਕਦਰ ਕਰੋ,
ਐਵੇਂ ਪਿੱਛੇ ਭਾਜੜ ਲਾਉਣਾ, ਚੰਗਾ ਨਹੀਂ ਹੁੰਦਾ।
ਕਦੀ ਤਾਂ ਕੋਲ ਬਹਿ ਕੇ ਦਰਦ ਵੰਡਾ ਲਈ ਤੂੰ,
ਫੱਕਰਾਂ ਦਾ ਦਿਲ ਦੁਖਾਉਣਾ, ਚੰਗਾ ਨਹੀਂ ਹੁੰਦਾ।
ਸ਼ੁਕਰ ਮਨਾਇਆ ਕਰ 'ਕੋਮਲ' ਉਸ ਕਾਦਰ ਦਾ,
ਉਸ ਤੋਂ ਮੁੱਖ ਘੁਮਾਉਣਾ, ਚੰਗਾ ਨਹੀਂ ਹੁੰਦਾ।

# ਪੰਜਾਬੀ ਸਾਹਿਤ ਸਭਾ (ਕੈਲੇਫੋਰਨੀਆ) ਦੀ ਮਹੀਨਾਵਾਰ ਇਕੱਤਰਤਾ

ਸੈਕਰਾਮੈਂਟੋ- ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਵੱਲੋਂ ਬੀਤੀ 29 ਫਰਵਰੀ ਨੂੰ ਸਭਾ ਦੀ ਮਾਸਿਕ ਇਕੱਤਰਤਾ ਮਾਉਂਟੇਨ ਮਾਈਕ ਪੀਜ਼ਾ ਆਬਰਨ ਬੁਲੇਵਾਰਡ ਵਿਖੇ ਹੋਈ। ਪ੍ਰਧਾਨ ਦਿਲ ਨਿੱਜਰ ਦੀ ਪ੍ਰਧਾਨਗੀ ਹੇਠ ਹੋਈ ਇਸ ਮਾਸਿਕ ਇਕ-ੱਤਰਤਾ ਵਿਚ ਸਭਾ ਦੇ ਸਰਗਰਮ ਮੈਂਬਰ ਅਤੇ ਉਘੇ ਲੇਖਕ ਅਤੇ ਗਾਇਕ ਜਨਾਬ ਅਜੈਬ ਸਿੰਘ ਚੀਮਾ ਦੀ ਦੂਸਰੀ ਕਾਵਿਕ ਪੁਸਤਕ 'ਕੰਗਣਾਂ ਦੀ ਜੋੜੀ' ਲੋਕ ਅਰਪਿਤ ਕੀਤੀ ਗਈ।



ਮਹਿਫਲ ਦੀ ਸ਼ੁਰੂਆਤ ਕਰਦਿਆਂ ਸਟੇਜ ਸਕੱਤਰ ਜੋਤੀ ਸਿੰਘ ਨੇ ਪ੍ਰਧਾਨਗੀ ਮੰਡਲ ਲਈ ਪ੍ਰਧਾਨ ਦਿਲ ਨਿੱਜਰ, ਡਾਇਰੈਕਟਰ ਹਰਬੰਸ ਸਿੰਘ ਢਿੱਲੋਂ, ਜਗਿਆਸੂ ਜੀ ਅਤੇ ਅਜੈਬ ਸਿੰਘ ਚੀਮਾ ਜੀ ਨੂੰ ਸੱਦਾ ਦਿੱਤਾ। ਉਪਰੰਤ ਜੋਤੀ ਸਿੰਘ ਨੇ ਪਸਸਕ ਦੇ ਨਵੇਂ ਪਹੁੰਚੇ ਅਤੇ ਬਣੇ ਮੈਂਬਰਾਂ ਕ੍ਰਮਵਾਰ ਅਮਨਦੀਪ ਅਜ਼ਾਦ, ਹਰਨੇਕ ਸਿੰਘ, ਮਕਸੂਦ ਜੀ, ਸੱਜਣ ਸਿੰਘ ਅਤੇ ਕੁਲਦੀਪ ਸਿੰਘ ਬੈਂਸ ਨਾਲ ਸੰਖੇਪ ਜਾਣ-ਪਛਾਣ ਕਰਵਾਈ। ਅਤੇ ਪ੍ਰਧਾਨ ਦਿਲ ਨਿੱਜਰ ਨੇ ਆਪਣੇ ਸ਼ੁਰੂਆਤੀ ਸ਼ਬਦਾਂ ਨਾਲ ਸਾਰੇ ਹੀ ਹਾਜ਼ਰ ਸਾਹਿਤਕਾਰਾਂ ਨੂੰ ਜੀ ਆਇਆਂ ਕਹਿੰਦਿਆਂ ਧੰਨਵਾਦ ਕੀਤਾ ਅਤੇ ਸਟੇਜ ਸਕੱਤਰ ਨੂੰ ਅੱਜ ਦਾ ਪ੍ਰੋਗਰਾਮ ਆਰੰਭ ਕਰਨ ਲਈ ਕਿਹਾ।

ਪ੍ਰੋਗਰਾਮ ਦੀ ਸ਼ੁਰੂਆਤ ਸਭਾ ਦੇ ਮੈਂਬਰ ਲੇਖਕ ਅਤੇ ਗਾਇਕ ਪ੍ਰਮਿੰਦਰ ਰਾਏ ਖਾਨਖਾਨਾਂ ਦੇ ਗੀਤਾਂ ਨਾਲ ਕੀਤੀ ਗਈ। ਉਪਰੰਤ ਨੌਜਵਾਨ ਸ਼ਾਇਰ ਅਤੇ ਪ੍ਰਪੱਕ ਗੀਤਕਾਰ ਗੁਰਿੰਦਰ ਸੂਰਾਪੁਰੀ ਨੇ ਆਪਣੀ ਗਜ਼ਲ ਚੰਦ ਰੁਸਵਾਈਆਂ ਲਿਖ ਦੇ ਮੇਰੇ ਨਾਂ ਸੁਣਾ ਕੇ ਆਪਣੀ ਕਲਮ ਲਈ ਵਾਹ-ਵਾਹ ਖੱਟੀ। ਉਰਦੂ ਜ਼ੁਬਾਨ ਦੇ ਮਾਹਿਰ ਡਾ. ਨਿਰਮਲ ਸਿੰਘ ਮਾਨ ਅਤੇ ਮਕਸੂਦ ਜੀ ਨੇ ਆਪੋ-ਆਪਣੇ ਕਲਾਮ ਪੇਸ਼ ਕੀਤੇ। ਜੋਤੀ ਸਿੰਘ ਜੀ ਦੇ ਸੱਦੇ ਤੇ ਇੰਦਰਜੀਤ ਸਿੰਘ ਗਰੇਵਾਲ ਨੇ ਆਪਣੀ ਤਾਜ਼ਾ ਰਚਨਾ ਫੁੱਲਾਂ ਉਤੇ ਕਾਟੋ ਕਰੇ ਕਲੋਲ ਜਦੋਂ ਤਰੰਨਮ 'ਚ ਗਾ ਕੇ ਸੁਣਾਈ।

ਰਸ਼ਮੀ ਸੈਣੀ ਜੀ ਦੀ ਪਲੇਠੀ ਕਵਿਤਾ ਨੂੰ ਸਟੇਜ ਸਕੱਤਰ ਜੋਤੀ ਸਿੰਘ ਨੇ ਆਪਣੀ ਕਲਾਤਮਕ ਆਵਾਜ਼ ਵਿਚ ਸੁਣਾਇਆ। ਪਸਸਕ ਦੇ ਨੌਜਵਾਨ ਲੇਖਕ, ਗਾਇਕ ਅਤੇ ਖਜਾਨਚੀ ਜੀਵਨ ਰੱਤੂ ਨੇ ਅਜੈਬ ਸਿੰਘ ਚੀਮਾ ਅਤੇ ਆਪਣੇ ਗੀਤ ਗਾ ਕੇ ਮਾਹੌਲ ਬੰਨ੍ਹ ਦਿੱਤਾ। ਰਮੇਸ਼ ਕੁਮਾਰ ਬੰਗੜ ਨੇ 'ਹਰਿਆਣਾ ਕਾਂਡ' ਤੇ ਰਚਿਤ ਆਪਣੀ ਤਾਜ਼ਾ ਰਚਨਾ ਨਾਲ ਮਹਿਫਲ ਨੂੰ ਭਾਵੁਕ ਬਣਾਇਆ। ਲਹਿੰਦੇ ਪੰਜਾਬ ਤੋਂ ਹਰ ਮੀਟਿੰਗ ਵਿਚ ਹਿੱਸਾ ਲੈਂਦੇ ਪੰਜਾਬੀ ਸਾਹਿਤ ਪ੍ਰੇਮੀ ਮਲਿਕ ਇਮਤਿਆਜ਼ ਨੇ ਵੀ ਆਪਣੇ ਕਲਾਮ ਪੇਸ਼ ਕੀਤੇ।

ਸਟੇਜ ਸਕੱਤਰ ਜੋਤੀ ਸਿੰਘ ਨੇ ਲੰਚ ਬਰੇਕ ਵਾਸਤੇ ਅਨਾਊਂਸ ਕੀਤਾ। ਲੰਚ ਬਰੇਕ ਤੋਂ ਬਾਅਦ ਸਭਾ ਦੇ ਮੈਂਬਰ, ਲੇਖਕ ਅਤੇ ਗਾਇਕ ਅਜੈਬ ਸਿੰਘ ਚੀਮਾ ਦੀ ਕਿਤਾਬ 'ਕੰਗਣਾਂ ਦੀ ਜੋੜੀ' ਰਿਲੀਜ਼ ਕੀਤੀ ਗਈ। ਗਰੁੱਪ ਫੋਟੋ ਤੋਂ ਬਾਅਦ ਸਭਾ ਦੇ ਦੂਜੇ ਸੈਸ਼ਨ ਵਿਚ ਪ੍ਰਧਾਨ ਦਿਲ ਨਿੱਜਰ ਨੇ ਆਪਣੀ ਕਹਾਣੀ 'ਕੈਣਣ ਮਮਤਾ' ਅਤੇ ਤਤਿੰਦਰ ਕੌਰ ਨੇ 'ਜਾਲ੍ਹੀ ਵਾਲਾ ਦੁਪੱਟਾ' ਪੜ੍ਹੀ। ਉਪਰੰਤ ਕਵੀ ਦਰਬਾਰ ਨੂੰ ਨਿਰੰਤਰ ਜਾਰੀ ਰੱਖਦਿਆਂ ਕ੍ਰਮਵਾਰ ਅਮਨ ਆਜ਼ਾਦ, ਜਸਵੰਤ ਸ਼ੀਮਾਰ, ਜੋਗਿੰਦਰ ਸ਼ੋਖੀ, ਅਜੈਬ ਸਿੰਘ ਚੀਮਾ, ਗੋਗੀ ਸੰਧੂ, ਦਿਲ ਨਿੱਜਰ, ਮਹਿੰਦਰ ਸਿੰਘ ਘੱਗ, ਹਰਬੰਸ ਸਿੰਘ ਢਿੱਲੋਂ ਜਗਿਆਸੂ, ਰਾਜਿੰਦਰ ਕੌਰ, ਕਿਸ਼ੋਰ ਕੁਮਾਰ ਜੀ ਨੇ ਆਪੋ-ਆਪਣੀਆਂ ਰਚਨਾਵਾਂ ਨਾਲ ਸਾਂਝ ਪਾਈ।

ਆਪਣੇ ਸਮਾਪਤੀ ਭਾਸ਼ਣ ਦੌਰਾਨ ਪ੍ਰਧਾਨ ਦਿਲ ਨਿੱਜਰ ਨੇ ਪਹੁੰਚੇ ਹੋਏ ਸਾਹਿਤਕਾਰਾਂ ਦਾ ਧੰਨਵਾਦ ਕੀਤਾ।


ਜੋਤੀ ਰਾਉ ਫੂਲੇ


ਡਾ ਅੰਬੇਡਕਰ

# (ਬਾਬਾਣੀਆਂ ਕਹਾਣੀਆਂ ਪੁੱਤ ਸਪੁਤ ਕਰੇਨਿ)

# ਗ਼ੁਲਾਮਗਿਰੀ

**(ਪ੍ਰਸੰਗ ਲਿਖਤ 1872 ਈ: ਅਤੇ ਮਹਾਤਮਾ ਜੋਤੀ ਰਾਉ ਫੂਲੇ ਧਨੰਜੈ ਕੀਰ) 'ਜੋਤੀ ਰਾਉ ਫੂਲੇ ਦਰਸ਼ਨ' ਵਿੱਚੋਂ**

## ਜੋਤੀ ਰਾਉ ਦੇ ਇਤਿਹਾਸਕ ਪ੍ਰਵਰਤਨ ਦੀ ਮਹਾਨ ਕਥਾ


ਪ੍ਰੋ: ਗੁਰਨਾਮ ਸਿੰਘ ਮੁਕਤਸਰ
91-94178-92333

**(ਸੱਤਵੀ ਕਿਸਤ)**

ਭਾਰਤ ਦੇ ਪੜ੍ਹੇ ਲਿਖੇ ਲੋਕ, ਨੀਰੋ, ਅਲਾਰਕ, ਮੈਕਾਵਿਲ ਜਾਂ ਔਰੰਗਜੇਬ ਦੇ ਜੁਲਮ ਦੀਆਂ ਗੱਲਾਂ ਤਾਂ ਬਹੁਤ ਕਰਦੇ ਹਨ, ਬਹੁਤ ਜ਼ਿਕਰ ਕਰਦੇ ਹਨ ਪ੍ਰੰਤੂ, ਪਰਸ਼ੂ ਰਾਮ ਨੇ ਮੂਲ ਨਿਵਾਸੀਆਂ 'ਤੇ ਇੱਕੀ ਵਾਰ ਹਮਲੇ ਕਰਕੇ ਜੋ ਸਰਬਨਾਸ਼ ਕੀਤਾ ਉਸ ਦਾ ਜ਼ਿਕਰ ਨਹੀਂ ਹੁੰਦਾ। ਉਸਦੇ ਇਸ ਕਤਲੇਆਮ ਨੂੰ ਧਰਮ ਕਹਿ ਕੇ ਵਡਿਆਇਆ ਗਿਆ ਹੈ। ਜਦੋਂ ਉਸਨੇ ਆਰੀਅਨ ਰਾਜਾ ਰਾਮ ਚੰਦਰ 'ਤੇ ਵੀ ਹਮਲਾ ਕਰ ਦਿੱਤਾ ਤਾਂ ਉਸਦੀ ਹਾਰ ਹੋਈ, ਕਿਉਂਕਿ ਉਸ ਸਮੇਂ ਤੱਕ ਰਾਮ ਚੰਦਰ ਦੇ ਬਾਪ ਦਸ਼ਰਥ ਦਾ ਰਾਜ ਕਾਫੀ ਜੰਮ ਚੁੱਕਿਆ ਸੀ। ਤੇ ਸ਼ਾਇਦ ਉਹ ਆਰੀਅਨ ਨਸਲ ਦੇ ਛਲ ਕਪਟ ਤੇ ਧੋਖੇ ਫਰੇਬ ਦੀ ਨੀਤੀ ਨੂੰ ਬੇਹਤਰ ਜਾਣਦੇ ਸਨ। ਜੋ ਮੂਲ ਨਿਵਾਸੀ ਨਹੀਂ ਸੀ ਜਾਣਦੇ। ਇਸ ਕਰਕੇ ਪਰਸ਼ੂ ਰਾਮ ਨੇ ਮੂਲ ਨਿਵਾਸੀਆਂ ਨੂੰ ਤਾਂ ਜਿੱਤ ਲਿਆ ਪਰੰਤੂ ਰਾਮ ਚੰਦ ਤੋਂ ਹਾਰ ਗਿਆ। ਉੱਪਰ ਮਹਾਤਮਾ ਫੂਲੇ ਨੇ ਜਬਰਦਸਤ ਢੰਗ ਨਾਲ਼ ਪਰਸ਼ੂ ਰਾਮ ਦੇ ਜੁਲਮ ਨੂੰ ਕਿਸੇ ਵੀ ਜਾਲਮ ਤੋਂ ਭਿਆਨਕ ਦੱਸਿਆ ਹੈ।

ਇਸ ਕਰਕੇ ਜੋਤੀ ਰਾਉ ਫੂਲੇ ਨੇ ਆਪਣੀ ਪੁਸਤਕ ਦਾ ਜਿਕਰ ਇਸ ਪ੍ਰਕਾਰ ਸ਼ੁਰੂ ਕੀਤਾ ਹੈ:

'ਬ੍ਰਾਹਮਣਵਾਦੀ ਧਰਮ ਦੀ ਛਤਰ ਛਾਇਆ ਹੇਠ ਗੁਲਾਮਗਿਰੀ (13)

ਦੂਜੇ ਭਾਗ ਵਿੱਚ ਜੋਤੀ ਰਾਉ ਦੱਸਦੇ ਹਨ, ਇਸ ਦੇਸ਼ ਵਿੱਚ ਆਰੀਆ ਲੋਕਾਂ ਦੇ ਕਈ ਜਥੇ ਜਲ ਮਾਰਗ ਰਾਹੀਂ ਆਏ।'

'ਲੜਾਕੂ ਕਿਸ਼ਤੀਆਂ ਉਸ ਸਮੇਂ ਨਹੀਂ ਸਨ। ਇਸ ਲਈ ਜਥੇ ਛੋਟੀਆਂ ਕਿਸ਼ਤੀਆਂ ਵਿੱਚ ਆਏ ਸਨ। ਅਤੇ ਉਹ ਕਿਸ਼ਤੀਆਂ ਮੱਛੀਆਂ ਦੀ ਤਰ੍ਹਾਂ ਤੇਜ਼ੀ ਨਾਲ਼ ਪਾਣੀ 'ਤੇ ਤਰਦੀਆਂ ਸਨ। ਇਸੇ ਲਈ ਉਸ ਜਥੇ ਦੇ ਅਧਿਕਾਰੀ ਦਾ ਉਪਨਾਮ 'ਮਤਸੇਅ' ਪੈ ਗਿਆ ਹੋਵੇਗਾ।

ਕਿਸੇ ਨੇ ਪ੍ਰਸ਼ਨ ਕੀਤਾ ਕਿ, 'ਬ੍ਰਾਹਮਣ ਇਤਿਹਾਸਕਾਰਾਂ ਨੇ ਭਾਗਵਤ ਆਦਿ ਗ੍ਰੰਥਾਂ ਵਿੱਚ ਇਸ ਤਰ੍ਹਾਂ ਲਿਖਿਆ ਹੈ ਕਿ ਉਸ ਜਥੇ ਦਾ ਮੁਖੀਆ ਮਤਸੇਅ (ਭਾਵ ਮੱਛੀ) ਤੋਂ ਪੈਦਾ ਹੋਇਆ ਸੀ? (19)

ਇਹ ਗੱਲ ਮੱਛ ਅਵਤਾਰ ਦੀ ਹੈ ਜਿਵੇਂ ਅਸੀਂ ਪਹਿਲਾਂ ਬ੍ਰਹਮਾ ਬਾਰੇ ਵਿਚਾਰ ਪੜ੍ਹੇ ਸੁਣੇ ਹਨ। ਜੋਤੀ ਰਾਉ ਨੇ ਦੱਸਿਆ ਕਿ ਮੱਛੀ ਤੇ ਔਰਤ 'ਚ ਬੇਜੋੜ ਅੰਤਰ ਹੈ। ਮੱਛੀ ਪਾਣੀ ਬਿਨ ਮਰ ਜਾਂਦੀ ਹੈ। ਉਸਦਾ ਹਰ ਬੱਚਾ ਮਰ ਜਾਂਦਾ ਹੈ। ਫਿਰ ਮੱਛੀ ਦੇ ਪੇਟੋਂ ਪੈਦਾ ਹੋਇਆ ਮੱਛ ਅਵਤਾਰ ਜਿਉਂਦਾ ਨਹੀਂ ਰਹਿ ਸਕਦਾ। ਮੱਛੀ ਆਂਡੇ ਦਿੰਦੀ ਹੈ। ਮਨੁੱਖ ਕਦੀ ਵੀ ਆਂਡੇ ਤੋਂ ਜਨਮ ਨਹੀਂ ਲੈਂਦਾ। ਜੇ ਮੱਛ ਅਵਤਾਰ ਪੈਦਾ ਹੋਇਆ ਹੈ ਤਾਂ ਉਹ ਕਦੀ ਵੀ ਅੰਡੇ ਤੋਂ ਪੈਦਾ ਨਹੀਂ ਹੋ ਸਕਦਾ। ਹਾਂ ਇਹ ਸੰਭਵ ਹੈ ਕਿ ਜਥੇ ਦੇ ਮੁਖੀਆਂ ਦੇ ਸਰੀਰ ਵਿੱਚ ਤੈਰਦੀ ਹੋਈ ਮੱਛੀ ਵਰਗੀ ਫੁਰਤੀ ਹੋਵੇ। ਉਹ ਛੇਤੀ ਕੀਤੇ ਹੱਥ ਨਾ ਆਉਣ ਵਾਲ਼ਾ ਹੋਵੇ। ਤੇਜ ਤਰਾਰ ਤੇ ਘਚਾਨੀਆਂ ਦੇਣ 'ਚ ਮਾਹਰ ਹੋਵੇ। ਮੱਛੀ ਵਾਂਗ ਮੂਹਰੋਂ ਪਾਣੀ ਵਾਂਗ ਆ ਰਹੀ ਸ਼ਕਤੀ ਨੂੰ ਵੀ ਚੀਰ ਕੇ ਅੱਗੇ ਵਧ ਸਕਣ ਦੇ ਕਾਬਲ ਹੋਵੇ। ਇਹਨਾਂ ਗੁਣਾਂ ਕਾਰਨ ਤਾਂ ਉਸਨੂੰ ਮੱਛ ਅਵਤਾਰ ਕਿਹਾ ਜਾ ਸਕਦਾ ਹੈ। ਪ੍ਰੰਤੂ ਉਹ ਮੱਛੀ ਦੇ ਪੇਟੋਂ ਪੈਦਾ ਹੋਇਆ ਨਹੀਂ ਮੰਨਿਆ ਜਾ ਸਕਦਾ। ਕਿਉਂਕਿ ਮੱਛੀ ਦੇ ਪੇਟੋਂ ਪੈਦਾ ਹੋਣ ਵਾਲ਼ਾ ਕੋਈ ਜੀਵ ਤਾਂ ਹੋ ਸਕਦਾ ਹੈ ਆਦਮੀ ਨਹੀਂ ਹੋ ਸਕਦਾ।

ਜੋਤੀ ਰਾਉ : 'ਪੱਛਮ ਦੇ ਸਮੁੰਦਰ ਨੂੰ ਪਾਰ ਕਰਦੇ ਹੋਏ ਉਹ (ਜਥਾ) ਇੱਕ ਬੰਦਰਗਾਹ 'ਤੇ ਉੱਤਰਿਆ।'

ਉਸਨੇ ਸ਼ੰਖਾਸੁਰ ਨਾਂ ਦੇ ਖੇਤਰਪਤੀ (ਭਾਵ ਰਾਜੇ) ਨੂੰ ਜਾਨ ਤੋਂ ਮਾਰ ਦਿੱਤਾ ਅਤੇ ਉਸ ਦਾ ਰਾਜ ਖੋਹ ਲਿਆ।'

ਤੁਸੀਂ ਇਸ ਘਟਨਾ ਦੀ ਪਿੱਠ ਭੂਮੀ ਵਿੱਚ, ਅੰਗਰੇਜ਼ੀ ਲੋਕਾਂ ਦੇ ਆਉਣ ਅਤੇ ਪੱਛਮੀ ਖੇਤਰਾਂ ਦੇ ਰਾਜਾਂ 'ਤੇ ਕਬਜੇ ਕਰਨ ਦਾ ਇਤਿਹਾਸ ਸਾਹਮਣੇ ਰੱਖ ਕੇ ਗੱਲ ਸਮਝ ਸਕਦੇ ਹੋ ਕਿ ਉਹ ਸਮੁੰਦਰੀ ਰਸਤੇ ਆਏ ਤੇ ਆ ਕੇ ਸਮੁੰਦਰ ਦੇ ਨੇੜੇ ਦੇ ਇਲਾਕਿਆਂ 'ਤੇ ਕਾਬਜ ਹੋਏ। ਪਰ ਜਿਸ ਅੰਗਰੇਜ ਨੇ ਭਾਰਤ ਦਾ ਪਹਿਲਾ ਜੋ ਇਲਾਕਾ ਬੰਗਾਲ ਦਾ ਜਿੱਤਿਆ ਉਸ ਨੂੰ ਬ੍ਰਾਹਮਣਾਂ ਨੇ ਮੱਛ ਅਵਤਾਰ ਨਹੀਂ ਕਿਹਾ।

'ਬਾਅਦ ਵਿੱਚ ਸ਼ੰਖਾਸੁਰ ਦਾ ਉਹ ਰਾਜ (ਮੱਛ ਅਵਤਾਰ) 'ਮਤਸੇਅ' ਦੇ ਮਰਨ ਤੱਕ ਆਰੀਆ ਲੋਕਾਂ ਦੇ ਅਧਿਕਾਰ ਹੇਠ ਬਗੈਰ ਕਿਸੇ ਖਤਰੇ ਤੋਂ ਰਿਹਾ। 'ਮਤਸੇਅ' ਦੇ ਮਰਦਿਆਂ ਹੀ ਸ਼ੰਖਾਸੁਰ ਦੇ ਲੋਕਾਂ ਨੇ ਆਪਣਾ ਰਾਜ ਵਾਪਸ ਲੈਣ ਦੇ ਉਦੇਸ਼ ਨਾਲ਼ ਮਤਸੇਅ ਦੇ ਕਬੀਲੇ 'ਤੇ ਬਹੁਤ ਹੀ ਖਤਰਨਾਕ ਤੇ ਤਕੜਾ ਹਮਲਾ ਬੋਲ ਦਿੱਤਾ।' (20) ਸ਼ੰਖਾਸੁਰ ਬਹੁਜਨਾਂ ਦਾ ਮੂਲ ਨਿਵਾਸੀ ਰਾਜਾ ਸੀ। ਉਸ ਦੇ ਲੋਕਾਂ ਨੇ ਮੁੜ ਜਦੋਂ ਆਰੀਅਨਾਂ 'ਤੇ ਹਮਲਾ ਕੀਤਾ ਤਾਂ ਆਰੀਅਨ ਕਬੀਲੇ ਨੇ ਜੰਗਲ 'ਚ ਵੜਕੇ, ਪਹਾੜਾਂ 'ਤੇ ਚੜ੍ਹਕੇ ਮਸਾਂ ਜਾਨ ਬਚਾਈ।

'ਉਸੇ ਸਮੇਂ ਇਰਾਨ ਤੋਂ ਆਰੀਅਨ ਲੋਕਾਂ ਦਾ ਦੂਸਰਾ ਇੱਕ ਵੱਡਾ ਕਬੀਲਾ 'ਕਚਵੇ' (ਕੱਛੂ) 'ਤੇ ਬੰਦਰਗਾਹ ਤੱਕ ਆ ਪਹੁੰਚਿਆ। ਇਹ ਕਚਵੇ ਮੱਛਾਂ ਤੋਂ ਕੁੱਝ ਵੱਡੇ ਹੋਣ ਦੇ ਕਾਰਨ, ਪਾਣੀ 'ਤੇ ਕੱਛੂਆਂ ਵਾਂਗ ਹੌਲ਼ੀ-ਹੌਲ਼ੀ ਚੱਲ ਰਹੇ ਸੀ। ਇਸ ਲਈ ਉਸ ਕਬੀਲੇ ਦੇ ਮੁਖੀ ਦਾ ਉਪ ਨਾਮ ਕੱਛ (ਭਾਵ ਕੱਛ ਅਵਤਾਰ) ਪੈ ਗਿਆ।

ਬਦੇਸ਼ੀ ਆਰੀਅਨ ਕਬੀਲਿਆਂ ਦੇ ਆਉਣ ਦੀ ਸਾਰੀ ਕਹਾਣੀ ਹਿੰਦੂਆਂ ਦੇ ਗ੍ਰੰਥਾਂ ਵਿੱਚ ਦਰਜ ਹੈ। ਜਿਸਨੂੰ ਪੜ੍ਹਕੇ ਜੋਤੀ ਰਾਉ ਨੇ ਸੰਖੇਪ ਜ਼ਿਕਰ ਨਾਲ਼ ਗੱਲ ਸਮਝਾਈ ਹੈ। ਬ੍ਰਾਹਮਣ ਬੁੱਧੀਮਾਨ ਸੀ। ਇਸ ਲਈ ਉਸਨੇ ਮਨੁੱਖ ਨੂੰ ਜਾਣ ਬੁੱਝ ਕੇ, ਕਦੀ ਮੱਛ ਅਵਤਾਰ, ਕਦੀ ਕੱਛ ਅਵਤਾਰ ਦਾ ਨਾਂ ਦਿੱਤਾ। ਤਾਂ ਕਿ ਆਉਣ ਵਾਲ਼ੀਆਂ ਸ਼ੂਦਰ ਨਸਲਾਂ ਨੂੰ ਅਸਲੀ ਗੱਲ ਸਮਝ ਨਾ ਪਵੇ। ਜੋ ਪਈ ਵੀ ਨਹੀਂ। ਉਸ ਨੇ ਸ਼ੂਦਰਾਂ ਨੂੰ ਇਹ ਗ੍ਰੰਥ ਪੜ੍ਹਨ ਦੀ ਪਾਬੰਦੀ ਵੀ ਇਸੇ ਕਰਕੇ ਲਗਾਈ।

ਤੁਸੀਂ ਦੇਖੋ ਕਿ ਬ੍ਰਾਹਮਣ ਮੰਗਲ ਸੂਤਰ ਪਾਉਂਦੇ ਹਨ ਭਾਵ ਜਨੇਊ। ਕੋਈ ਨਹੀਂ ਜਾਣਦਾ ਕਿ ਮੰਗਲ ਦਾ ਅਰਥ ਪਵਿੱਤਰ ਹੈ। ਪਵਿੱਤਰ ਦਾ ਅਰਥ ਹੈ ਅਸਲੀ ਆਰੀਅਨ ਸ਼ੁੱਧ ਨਸਲ। ਜਨਮ ਕੁੰਡਲੀ ਵਿੱਚ ਜੋ ਲਿਖਿਆ ਜਾਂਦਾ ਹੈ ਸ਼ਾਇਦ ਇਹੀ ਹੈ ਕਿ ਇਹ ਬ੍ਰਾਹਮਣ ਸ਼ੁੱਧ ਹੈ ਜਾਂ ਅਸ਼ੁੱਧ। ਭਾਵ ਇਸ ਦੀ ਪੀੜ੍ਹੀ 'ਚ ਕਿਸੇ ਦੂਸਰੀ ਜਾਤੀ ਦਾ ਰਲ਼ਾ ਤਾਂ ਨਹੀਂ? ਏਸੇ ਕਰਕੇ ਵਿਆਹ ਸਮੇਂ, ਜਨਮ ਕੁੰਡਲੀਆਂ ਵੇਖ ਕੇ ਮੰਗਲੀਕ ਜਾਂ ਅਮੰਗਲੀਕ ਦੀ ਪਛਾਣ ਕਰਕੇ ਬ੍ਰਾਹਮਣ ਰਿਸ਼ਤੇ ਕਰਦੇ ਹਨ। ਭਾਵ ਪਵਿੱਤਰ ਜਾਂ ਅਪਵਿੱਤਰ ਭਾਵ ਸ਼ੁੱਧ ਜਾਤੀ ਜਾਂ ਅਸ਼ੁੱਧ ਜਾਤੀ। ਅਸ਼ੁੱਧ ਦਾ ਅਰਥ ਹੈ ਕਿ ਕੀ ਬ੍ਰਾਹਮਣ ਕਿਸੇ ਦੂਸਰੀ ਜਾਤੀ ਦੀ ਔਰਤ ਦੇ ਪੇਟੋਂ ਤਾਂ ਨਹੀਂ ਪੈਦਾ ਹੋਇਆ? ਆਦਿ ਮਤਲਬ ਹੋ ਸਕਦੇ ਹਨ। ਬ੍ਰਾਹਮਣ ਦੀਆਂ ਜਨਮ ਕੁੰਡਲੀਆਂ ਦੇ ਅੱਖਰ ਉਸਦੀਆਂ ਪਿਛਲੀਆਂ ਪੀੜ੍ਹੀਆਂ ਦਾ ਜ਼ਿਕਰ ਕਰਦੇ ਹੋਣਗੇ। ਮੰਗਲ ਸੂਤਰ ਉਹਨਾਂ ਦੀ ਪਵਿੱਤਰ ਨਿਸ਼ਾਨੀ ਹੈ। ਉਸੇ ਤਰ੍ਹਾਂ ਬ੍ਰਾਹਮਣਾਂ ਨੇ ਸ਼ੂਦਰਾਂ ਦੇ ਨਿਸ਼ਾਨੀਆਂ ਵੀ ਲਾਈਆਂ। ਇਹ ਦੂਜੇ ਨੰਬਰ ਦੇ ਹਿੰਦੂਆਂ 'ਤੇ ਵੀ ਲਾਗੂ ਕੀਤਾ ਗਿਆ।

ਜਿਵੇਂ ਅਸੀਂ ਬਚਪਨ ਵਿੱਚ ਦੋ ਚੀਜ਼ਾਂ ਖ਼ਾਸ ਕਰਕੇ ਵੇਖਦੇ ਸਾਂ। ਕਾਲ਼ੀ ਗਾਨੀ ਜਾਂ ਕਾਲ਼ੀ ਤੜਾਗੀ। ਹਕੀਕਤ ਇਹ ਹੈ ਕਿ ਪੰਜਾਬ ਦੇ ਖੇਤਰਾਂ 'ਚ ਸ਼ੂਦਰਾਂ ਦੀ ਪਛਾਣ ਲਈ ਬ੍ਰਾਹਮਣ ਨੇ ਇਹ ਧਰਮ-ਕਰਮ ਸ਼ੂਦਰਾਂ ਨੂੰ ਸਿਖਾਇਆ ਹੋਵੇਗਾ। ਬਾਕੀ ਸੂਬਿਆਂ ਵਿੱਚ ਯਕੀਨਨ ਇਹ ਨਿਸ਼ਾਨੀਆਂ ਹੋਣਗੀਆਂ, ਜਿਵੇਂ ਮਹਾਰਾਂ ਦੇ ਕਾਲ਼ੀ ਗਾਨੀ ਅਤੇ ਸਿਰ 'ਤੇ ਖੰਭ ਹੁੰਦਾ ਸੀ। ਕਾਲ਼ੀ ਗਾਨੀ ਅਤੇ ਕਾਲ਼ੀ ਤੜਾਗੀ ਸ਼ੂਦਰ ਹੋਣ ਦੀ ਪੱਕੀ ਨਿਸ਼ਾਨੀ ਹੈ। ਤਾਂ ਹੀ ਲੋਕ ਇਹ ਕਹਿੰਦੇ ਰਹੇ ਕਿ ਮੁੰਡਾ ਮਰ ਜਾਵੇ ਪਰ ਤੜਾਗੀ ਨਾ ਟੁੱਟੇ। ਭਾਵ ਬ੍ਰਾਹਮਣ ਨੇ ਚਲਾਕੀ ਨਾਲ਼ ਉਸ ਦੇ ਸ਼ੂਦਰ ਹੋਣ ਦੀ ਨਿਸ਼ਾਨੀ ਨੂੰ ਪੱਕਾ ਕਰ ਦਿੱਤਾ।

ਇਹ ਗੱਲ ਸਮਾਜ ਨੂੰ ਸਮਝ ਨਾ ਪਵੇ ਕਿ ਹਕੀਕਤ ਕੀ ਹੈ। ਕਿਉਂਕਿ ਸੱਚ ਦੀ ਸਮਝ ਹਮੇਸ਼ਾਂ ਮਿਲਾਪ ਜਾਂ ਵਿਰੋਧ ਦਾ ਕਾਰਨ ਬਣਦੀ ਹੈ। ਇਸ ਲਈ ਬ੍ਰਾਹਮਣਾਂ ਨੇ, ਮੱਛ ਅਵਤਾਰ, ਕੱਛ ਅਵਤਾਰ ਨਾਂ ਵਰਤੇ ਤਾਂ ਕਿ ਸ਼ੂਦਰ ਈਸ਼ਵਰੀ ਅਵਤਾਰਾਂ ਦੀ ਪੂਜਾ ਵਿੱਚ ਮਗਨ ਰਹਿਣ। ਇਹ ਨਾ ਸਮਝ ਸਕਣ ਕਿ ਇਹਨਾਂ ਨੇ ਕਦੀ ਭਾਰਤ ਦੀ ਧਰਤੀ 'ਤੇ ਹਮਲੇ ਕਰਕੇ ਇਸ ਨੂੰ ਜਿੱਤਿਆ ਸੀ। ਉਸੇ ਤਰ੍ਹਾਂ ਜਿਵੇਂ ਕੱਚੇ ਰਸਤੇ ਆਉਣ ਵਾਲ਼ੇ ਜਥਿਆਂ ਦੇ ਕਮਾਂਡਰ ਇੰਦਰ ਅਤੇ ਵਿਸ਼ਨੂੰ ਸਨ। ਪ੍ਰੰਤੂ ਇਹ ਦੇਵਤਾ ਬਣ ਗਏ। ਉੱਤਰੀ ਭਾਰਤ ਨੂੰ ਜਿੱਤ ਲੈਣ ਵਾਲ਼ੇ ਇਹ ਦੋ ਆਰੀਅਨ ਜਰਨੈਲ ਸਨ। ਜਿੰਨ੍ਹਾਂ ਨੇ ਸਿੰਧੂ ਸੱਭਿਅਤਾ ਅੰਦਰ ਤਬਾਹੀ ਮਚਾਈ। ਇਸ ਦਾ ਪੂਰਾ ਜ਼ਿਕਰ ਰਿਗਵੇਦ ਵਿੱਚ ਮਿਲਦਾ ਹੈ। ਜਿਸ ਨੂੰ ਅਸੀਂ 'ਸਿੰਧੂ ਘਾਟੀ ਦੀ ਸੱਭਿਅਤਾ ਅਤੇ ਆਰੀਅਨ ਲੋਕ' ਪੁਸਤਕ ਵਿੱਚ ਮੂਲ ਰੂਪ ਵਿੱਚ ਪੇਸ਼ ਕਰ ਚੁੱਕੇ ਹਾਂ।

ਮਦ ਭਾਗਵਤ ਪੁਰਾਣ ਆਦਿ ਗ੍ਰੰਥਾਂ ਵਿੱਚ ਕੱਛ ਅਵਤਾਰ ਨੂੰ ਕੱਛੂ ਦੇ ਪੇਟੋਂ ਪੈਦਾ ਹੋਇਆ ਦੱਸਿਆ ਗਿਆ ਹੈ। ਗੱਲ ਉਹੀ ਹੈ। ਇਹ ਵੀ ਹੋ ਸਕਦਾ ਹੈ ਕਿ ਪਹਿਲਾਂ ਆਰੀਅਨਾਂ ਨੇ ਤੇਜ ਤਰਾਰ ਹਮਲੇ ਕੀਤੇ ਤੇ ਫਿਰ, ਮੱਛ ਅਵਤਾਰ ਦੇ ਮਰਨ ਅਤੇ ਮੂਲ ਨਿਵਾਸੀਆਂ ਦੇ ਹਮਲੇ ਦੀ ਹਾਰ ਉਪਰੰਤ, ਆਰੀਅਨਾਂ ਨੇ, ਲੁਕ ਲੁਕ ਕੇ, ਹੌਲ਼ੀ ਹੌਲ਼ੀ ਛੋਟੇ ਛੋਟੇ ਹਮਲੇ ਕਰਦਿਆਂ ਅੱਗੇ ਵਧਣਾ ਸ਼ੁਰੂ ਕੀਤਾ ਹੋਵੇ। ਇਸ ਨੂੰ ਗੁਰੀਲਾ ਯੁੱਧ ਦਾ ਭਾਗ ਮੰਨਿਆ ਜਾ ਸਕਦਾ ਹੈ।

ਕੱਛੂ ਵਾਂਗ ਕਦੀ ਸਿਰ ਅੰਦਰ ਤੇ ਕਦੀ ਬਾਹਰ ਕਦੀ ਰਾਹ 'ਤੇ, ਕਦੀ ਪਾਣੀ 'ਚ, ਕਦੀ ਝਾੜੀਆਂ ਜਾਂ ਲੁਕਣ ਵਾਲ਼ੀਆਂ ਥਾਵਾਂ 'ਤੇ। ਜਾਣੀ ਮੌਕਾ ਵੇਖ ਕੇ ਹਮਲੇ ਕਰਨ ਵਾਲ਼ੇ ਆਰੀਅਨ ਕਮਾਂਡਰ ਨੂੰ ਹੀ 'ਕੱਛ-ਅਵਤਾਰ' ਦੀ ਉਪਮਾ ਦਿੱਤੀ ਗਈ ਹੋਵੇਗੀ।

ਮੱਛ ਅਵਤਾਰ ਦੇ ਕਾਬਜ ਹੋਣ ਨਾਲ਼ ਜੋ ਲੋਕ ਦੌੜ ਕੇ ਪਹਾੜੀ ਚੜ੍ਹ ਗਏ ਸਨ ਉਹਨਾਂ ਨੇ ਮੁੜ ਆਪਣੇ ਆਪ ਨੂੰ ਕਸ਼ੱਪ ਨਾਂ ਦੇ ਮੂਲ ਨਿਵਾਸੀ ਕਮਾਂਡਰ ਦੀ ਕਮਾਨ ਹੇਠ ਇਕੱਠਾ ਕੀਤਾ।

ਦੂਜੇ ਪਾਸੇ ਕੱਛ ਅਵਤਾਰ ਨੇ ਸ਼ੰਖਾਸੁਰ ਦਾ ਖੇਤਰ ਜੋ ਮੁੜ ਉਹਨਾਂ ਤੋਂ ਖੁੱਸ ਗਿਆ ਸੀ ਨੂੰ ਜਿੱਤ ਕੇ, ਆਪਣੇ ਲੋਕਾਂ ਨੂੰ ਮੁਕਤ ਕਰਵਾ ਕੇ ਉੱਥੋਂ ਦਾ ਭੂਪਤੀ ਬਣ ਗਿਆ ਤੇ ਉਸ ਨੇ ਪਹਾੜੀਆਂ 'ਤੇ ਵੀ ਕਬਜਾ ਜਮਾ ਲਿਆ।

ਕਸ਼ੱਪ ਨਾਂ ਦੇ ਖੇਤਰਪਤੀ (ਕਸ਼ੇਤਰੀ ਰਾਜੇ) ਨੇ ਪਹਾੜੀ ਖੇਤਰ ਵਾਪਸ ਲੈਣ ਲਈ ਜ਼ੋਰਦਾਰ ਤਿਆਰੀ ਕੀਤੀ ਪ੍ਰੰਤੂ ਕੱਛ ਨੇ ਆਪਣੀ ਮੌਤ ਤੱਕ ਉਸ ਪਹਾੜੀ ਨੂੰ ਉਸ ਖੇਤਰਪਤੀ (ਭਾਵ ਕਸ਼ੱਪ) ਦੇ ਹੱਥ ਨਹੀਂ ਆਉਣ ਦਿੱਤਾ। ਅਤੇ ਆਪਣੀ ਯੁੱਧ ਭੂਮੀ ਛੱਡ ਕੇ ਇੱਕ ਕਦਮ ਵੀ ਪਿੱਛੇ ਨਹੀਂ ਹਟ ਸਕਿਆ। ਇਸ ਦਾ ਅਰਥ ਹੈ ਕਿ ਮੱਛ ਅਤੇ ਕੱਛ ਅਵਤਾਰਾਂ ਦੀ ਕਮਾਂਡ ਵਿੱਚ ਆਰੀਅਨਾਂ ਨੇ ਕਈ ਭਾਰਤੀ ਖੇਤਰਾਂ 'ਤੇ ਪੂਰੀ ਤਰ੍ਹਾਂ ਪੈਰ ਜਮਾ ਲਏ ਸਨ।

ਬ੍ਰਾਹਮਣਾਂ ਦਾ ਤੀਜਾ ਅਵਤਾਰ ਹੈ 'ਬਰਾਹ ਅਵਤਾਰ'। ਜਿਸ ਬਾਰੇ ਭਾਗਵਤ ਪੁਰਾਣ 'ਚ ਲਿਖਿਆ ਹੈ ਕਿ ਉਸਦੀ ਪੈਦਾਇਸ਼ ਸੂਅਰ ਤੋਂ ਹੋਈ ਹੈ। ਬਰਾਹ ਦੀ ਸੂਅਰੀ ਮਾਂ ਦਾ ਨਾਂ ਪਦਮਾ ਹੈ। ਜਿਸ ਦੇ ਪਤੀ ਦਾ ਨਾਮ ਬ੍ਰਹਮਾ ਹੈ। (22-23)

ਬਰਾਹ ਦੇ ਸੂਰੀ ਦੇ ਪੇਟੋਂ ਅਵਤਾਰ ਧਾਰਨ ਦੀ ਕਥਾ ਨੂੰ ਮੱਛ ਤੇ ਕੱਛ ਅਵਤਾਰਾਂ ਵਾਂਗ ਅਸਾਨੀ ਨਾਲ਼, ਬਾਦਲੀਲ ਸਮਝਿਆ ਜਾ ਸਕਦਾ ਹੈ। ਤੇ ਬ੍ਰਾਹਮਣਾਂ-ਰਿਸ਼ੀਆਂ ਦੀ ਇਸ ਚਲਾਕ ਬਿਰਤੀ ਨੂੰ ਵੀ ਸਮਝਿਆ ਜਾ ਸਕਦਾ ਹੈ ਕਿ ਉਹਨਾਂ ਨੇ ਕਿਸੇ ਵੀ ਗੱਲ ਦਾ ਭੇਤ ਨਾ ਪੈਣ ਦੇਣ ਲਈ ਆਪਣੀ ਗੁਪਤ 'ਤੇ ਮੂਰਖ ਬਣਾਉਣ ਵਾਲ਼ੀ ਲਿਪੀ ਵਰਤੀ। ਮੱਛ ਤੇ ਕੱਛ ਅਵਤਾਰਾਂ ਦੇ ਗੁਣਾਂ ਅਨੁਸਾਰ, ਆਰੀਅਨਾਂ ਦਾ ਇਹ ਕਮਾਂਡਰ ਸੂਰ ਵਾਂਗ ਧੁੱਸ ਦੇ ਕੇ ਹਮਲਾ ਕਰਨ ਵਾਲ਼ਾ, ਮਾੜੇ ਮੋਟੇ ਚੰਡਾਂ ਤੇ ਜ਼ਖਮਾਂ ਨੂੰ ਅਣਗੌਲ਼ਿਆਂ ਕਰਨ ਵਾਲ਼ਾ, ਮੋਟੀ ਮੱਤ ਵਾਲ਼ਾ, ਜੋ ਮਨ ਆਇਆ ਖਾਈ ਜਾਣ ਵਾਲ਼ਾ ਹੋਵੇਗਾ।

ਜੋ ਮੋਟੇ ਡਾਢੇ ਬਦਨ ਅਤੇ ਮੋਟੀ ਬੁੱਧੀ ਵਾਲ਼ਾ ਹੋਵੇਗਾ ਤੇ ਜਿੱਧਰ ਨੂੰ ਪੈਂਦਾ ਹੋਵੇਗਾ ਅੱਗਾ ਪਿੱਛਾ ਦੇਖੇ ਬਿਨਾਂ ਜਾ ਟੱਕਰਦਾ ਹੋਵੇਗਾ। ਅਸੀਂ ਆਪਣੇ ਸਮਾਜ ਵਿੱਚ ਇਸ ਕਿਸਮ ਦੇ ਅਨੇਕ ਮਨੁੱਖਾਂ ਨੂੰ ਲੱਭ ਸਕਦੇ ਹਾਂ। ਜੋ ਧੁੱਸ ਦੇ ਕੇ ਜਾਂ ਹੁੜ੍ਹੀ ਕਰਕੇ ਅਗਲੇ ਦੇ ਵਿੱਚ ਜਾ ਵਜਦੇ ਹਨ। ਅਗਲਾ ਹੈ ਨ੍ਹੀਂ ਜਾਂ ਆਪ ਹੈ ਨ੍ਹੀਂ। ਯਕੀਨਨ ਇਹਨਾਂ ਗੁਣਾਂ ਵਾਲ਼ੇ ਕਮਾਂਡਰ ਨੂੰ, ਬ੍ਰਾਹਮਣ ਬੁੱਧੀ ਨੇ ਬਰਾਹ ਅਵਤਾਰ ਕਹਿ ਕੇ, ਸੂਰੀ ਦੇ ਪੇਟ 'ਚੋਂ ਪੈਦਾ ਹੋਇਆ ਕਿਹਾ ਹੋਵੇਗਾ। ਇਉਂ ਅਣਜਾਣ ਲੋਕ ਇਸ ਮੂਰਖਤਾ ਵਿੱਚ ਉਲ਼ਝੇ ਰਹਿਣਗੇ ਕਿ ਸੂਰੀ ਨੇ ਅਵਤਾਰ ਜਨਮਿਆ ਵਾਹ! ਵਾਹ!!

ਰੱਬ ਦੀਆਂ ਕੁਦਰਤਾਂ ਨੂੰ ਕੌਣ ਸਮਝੇ, ਕੌਣ ਜਾਣੇ! ਦੂਜਾ ਉਹਨਾਂ ਨੇ ਇਹ ਗੱਲ ਲੁਕਾ ਲਈ ਕਿ ਆਰੀਅਨ ਲੋਕਾਂ ਨੇ ਨਹੀਂ ਭਾਵ ਬ੍ਰਾਹਮਣਾਂ ਸਵਰਨਾਂ ਦੇ ਪੂਰਵਜਾਂ ਨੇ ਨਹੀਂ, ਈਸ਼ਵਰ ਦੀ ਇੱਛਾ ਅਨੁਸਾਰ ਮੱਛ, ਕੱਛ ਤੇ ਬਰਾਹ ਅਵਤਾਰਾਂ ਨੇ, ਭਾਰਤ ਦੀਆਂ ਸ਼ੂਦਰ ਜਾਤੀਆਂ ਦੇ ਵੱਡੇ ਵਡੇਰੇ ਮਾਰੇ ਅਤੇ ਉਹਨਾਂ ਦਾ ਰਾਜ ਭਾਗ ਖੋਹਿਆ। ਭਵਿੱਖ 'ਚ ਵਾਪਰ ਸਕਣ ਵਾਲ਼ੀਆਂ ਭਿਆਨਕ ਘਟਨਾਵਾਂ ਤੋਂ ਬ੍ਰਾਹਮਣਾਂ ਨੇ ਬਚਣ ਦਾ ਪੂਰਾ ਬੰਦੋਬਸਤ ਕੀਤਾ। ਤੀਜਾ ਉਹਨਾਂ ਨੇ ਆਰੀਅਨਾਂ ਨੂੰ ਇਹ ਸਮਝਾਇਆ ਕਿ ਹਮਲੇ ਕਿੰਨੇ ਪ੍ਰਕਾਰ ਦੇ ਹੋ ਸਕਦੇ ਹਨ, ਇੱਕ ਮੱਛੀ ਵਰਗੇ ਤੇਜ ਤਰਾਰ, ਕੱਛੂ ਵਾਂਗੂੰ ਲੁਕਵੇਂ ਛੁਪਵੇਂ ਤੇ ਧੀਰਜ ਭਰੇ, ਤੀਜਾ ਸੂਰ ਵਾਂਗ ਸਿੱਧੀ ਚੁੱਡ ਠੋਕਵੇਂ। ਇਹ ਸਭ ਦਾਅ ਪੇਚ ਹਨ। ਜਿਸ ਦੇ ਅਧਾਰ 'ਤੇ ਅਜੋਕੇ ਸਮੇਂ ਦੀਆਂ ਵਿਸ਼ਵ ਫੌਜਾਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ।

ਹੁਣ ਅਸੀਂ ਇਸ ਗੱਲ ਵੱਲ ਪਰਤਦੇ ਹਾਂ ਕਿ ਬਰਾਹ ਅਵਤਾਰ ਨੇ ਕੀ ਕੀਤਾ।

ਇਸ ਦੇ ਸਮੇਂ ਸ਼ੂਦਰਾਂ ਦੇ ਦੋ ਪ੍ਰਤਾਪੀ ਰਾਜੇ ਹਿਰਣਾ ਗਰਭ ਅਤੇ ਹਿਰਣਾ ਕਸ਼ੱਪ ਰਾਜ ਕਰਦੇ ਸਨ। ਉਹਨਾਂ ਦੇ ਖੇਤਰਾਂ 'ਤੇ ਵਾਰ ਵਾਰ ਹਮਲੇ ਕਰਕੇ ਬਰਾਹ ਅਵਤਾਰ ਨੇ ਇੱਕ ਯੁੱਧ ਵਿੱਚ ਹਿਰਣਾ ਗਰਭ ਨੂੰ ਮਾਰ ਦਿੱਤਾ। ਜਿਸ ਨਾਲ਼ ਦੂਜੇ ਰਾਜਾਂ ਵਿੱਚ ਘਬਰਾਹਟ ਫੈਲ ਗਈ। (ਹਵਾਲਾ ਸਫਾ 23)

ਜਿਹੜਾ ਵੀ ਆਰੀਅਨ ਕਮਾਂਡਰ ਕਿਸੇ ਵੀ ਮੂਲ ਨਿਵਾਸੀ ਰਾਜੇ ਨੂੰ ਮਾਰ ਕੇ, ਉਸ ਦਾ ਰਾਜ, ਆਰੀਅਨਾਂ ਦੀ ਸਰਦਾਰੀ ਹੇਠ ਲਿਆਉਂਦਾ ਉਸ ਨੂੰ ਬ੍ਰਾਹਮਣਾਂ ਨੇ ਗ੍ਰੰਥਾਂ ਵਿੱਚ 'ਅਵਤਾਰ' ਜਾਂ 'ਦੇਵਤਾ' ਕਹਿ ਕੇ ਵਡਿਆਇਆ ਹੈ।

ਦੇਵਤਾ ਕੁੱਝ ਦੇਣ ਵਾਲ਼ੇ ਨੂੰ ਕਿਹਾ ਜਾਂਦਾ ਹੈ। ਆਰੀਅਨਾਂ ਦੇ ਜਿਸ ਵੀ ਕਮਾਂਡਰ ਨੇ, ਮੂਲ ਨਿਵਾਸੀਆਂ ਦਾ ਰਾਜ ਖੋਹ ਕੇ, ਉਹਨਾਂ ਦੀ ਝੋਲ਼ੀ ਪਾਇਆ, ਢੰਗ ਤਰੀਕਾ ਕੋਈ ਵੀ ਹੋਵੇ। ਉਹੀ ਉਹਨਾਂ ਦਾ ਦੇਵਤਾ ਬਣ ਸਕਿਆ। ਪੂਜਣ ਯੋਗ ਬਣ ਸਕਿਆ। ਜਿਵੇਂ ਮੋਹਨ ਦਾਸ ਕਰਮ ਚੰਦ ਗਾਂਧੀ ਨੇ ਕੀਤਾ ਤੇ ਉਹ ਦੇਸ਼ ਦਾ ਰਾਸ਼ਟਰ ਪਿਤਾ ਬਣ ਗਿਆ। ਪ੍ਰੰਤੂ ਭਾਰਤੀ ਰਾਜ ਭਾਗ, ਜ਼ਮੀਨ ਜਾਇਦਾਦ, ਇੱਜ਼ਤ ਸਨਮਾਨ ਲੁਟਾ ਕੇ, ਖੁਹਾ ਕੇ, ਕਰੋੜਾਂ ਸ਼ੂਦਰ ਜਦੋਂ ਆਰੀਅਨ ਦੇਵਤਿਆਂ ਅਤੇ ਭਗਵਾਨਾਂ ਦੀ ਪੂਜਾ ਕਰਦੇ ਤੁਰੇ ਜਾ ਰਹੇ ਹਨ ਤਾਂ ਸਮੱਸਿਆ ਏਥੋਂ ਸ਼ੁਰੂ ਹੁੰਦੀ ਹੈ। ਏਸੇ ਤਰ੍ਹਾਂ ਬ੍ਰਾਹਮਣਾਂ ਦਾ ਚੌਥਾ ਅਵਤਾਰ ਹੈ 'ਨਰਸਿੰਘ' ਜਿਸ ਦੇ ਮਨ ਵਿੱਚ ਹਿਰਣਾ ਕਸ਼ੱਪ, ਜਿਸ ਨੂੰ ਅਸੀਂ ਹਰਨਾਖਸ਼ ਵੀ ਕਹਿੰਦੇ ਹਾਂ, ਉਸ ਨੂੰ ਮਾਰਨ ਦੀ ਇੱਛਾ ਪੈਦਾ ਹੋਈ। ਜਿਸ ਨੂੰ ਵਿਸ਼ਨੂੰ ਕਿਹਾ ਗਿਆ।

ਜੋਤੀ ਰਾਉ ਫੂਲੇ : 'ਨਰਸਿੰਘ (ਅਵਤਾਰ) ਸੁਭਾਅ ਦਾ ਲਾਲਚੀ, ਧੋਖੇਬਾਜ, ਵਿਸ਼ਵਾਸਘਾਤ ਕਰਨ ਵਾਲ਼ਾ, ਵਿਨਾਸ਼ਕਾਰੀ (ਦੁਸ਼ਟ), ਕਰੂਰ ਅਤੇ ਭ੍ਰਸ਼ਟ ਸੀ। ਉਹ ਸਰੀਰ ਦਾ ਬਹੁਤ ਮਜ਼ਬੂਤ ਅਤੇ ਬਹੁਤ ਬਲਵਾਨ ਸੀ।' (23)

'ਦੁਸ਼ਟ ਉਦੇਸ਼ ਵਿੱਚ ਸਫਲ ਹੋਵੇ, ਇਸ ਲਈ ਉਸ ਨੇ ਬਹੁਤ ਦਿਨਾਂ ਤੱਕ ਗੁਪਤ ਹਰਕਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਉਸ ਦੇ ਆਪਣੇ ਇੱਕ ਦਵਿੱਜ (ਸਵਰਨ) ਅਧਿਆਪਕ ਵੱਲੋਂ ਹਿਰਣਾ ਕਸ਼ੱਪ ਦੇ ਪ੍ਰਹਿਲਾਦ ਨਾਮ ਦੇ ਪੁੱਤਰ ਦੇ ਅਬੋਧ ਮਨ ਵਿੱਚ ਆਪਣੇ ਧਰਮ ਸਿਧਾਂਤ ਥੋਪਣ ਕਾਰਨ, ਪ੍ਰਹਿਲਾਦ ਨੇ ਆਪਣੇ "ਹਰ-ਹਰ" ਨਾਮ ਦੇ ਕੁੱਲ ਸਵਾਮੀ ਦੀ ਪੂਜਾ ਕਰਨੀ ਛੱਡ ਦਿੱਤੀ ਸੀ।'

ਜਦੋਂ ਪਿਤਾ ਵੱਲੋਂ, ਪ੍ਰਹਿਲਾਦ ਨੂੰ ਅਜਿਹਾ ਕਰਨ ਤੋਂ ਰੋਕਿਆ ਗਿਆ ਅਤੇ ਪ੍ਰਹਿਲਾਦ ਦੀ ਭੂਆ ਹੋਲਕਾ ਵੱਲੋਂ ਵੀ ਮਨਾਉਣ ਦਾ ਯਤਨ ਕੀਤਾ ਗਿਆ ਪਰ ਉਹ ਟੱਸ ਤੋਂ ਮੱਸ ਨਾ ਹੋਇਆ ਤਾਂ 'ਅੰਤ ਵਿੱਚ ਨਰਸਿੰਘ-ਅਵਤਾਰ (ਜੋ ਅਸਲ ਵਿੱਚ ਇੰਦਰ ਦਾ ਭਰਾ ਵਿਸ਼ਨੂੰ ਸੀ) ਨੇ ਉਸ ਅਬੋਧ (ਅਣਜਾਣ) ਬਾਲਕ ਨੂੰ ਆਪਣੇ ਬਹਿਕਾਵੇ ਵਿੱਚ ਲਿਆ ਕੇ, ਉਸ ਦਾ ਮਨ ਇਸ ਤਰ੍ਹਾਂ ਭ੍ਰਸ਼ਟ ਕੀਤਾ ਕਿ ਉਸਨੂੰ ਆਪਣੇ ਪਿਤਾ ਦੀ ਹੱਤਿਆ ਕਰਨੀ ਚਾਹੀਦੀ ਹੈ। ਲੇਕਿਨ ਇਸ ਤਰ੍ਹਾਂ ਦਾ ਗੈਰ ਮਨੁੱਖੀ ਦੁਰਕੰਮ ਕਰਨ ਲਈ ਉਸ ਲੜਕੇ ਦੀ ਹਿੰਮਤ ਨਾ ਪਈ।' (25)

ਯਾਦ ਰਹੇ ਕਿ ਵਿਸ਼ਨੂੰ ਦੱਤ ਨਾਂ ਦੇ ਚਾਣਕੀਆ ਬ੍ਰਾਹਮਣ ਨੇ, ਮਹਾਂਪਦਮ ਨੰਦ ਸ਼ੂਦਰ ਰਾਜਾ ਦੇ ਪੁੱਤਰ ਚੰਦਰ ਗੁਪਤ ਨੂੰ ਆਪਣੀਆਂ ਸਿੱਖਿਆਵਾਂ ਨਾਲ਼ ਤਿਆਰ ਕਰ ਲਿਆ ਸੀ ਤੇ ਉਸ ਨੇ ਚਾਣਕੀਆ ਦੇ ਸਿਖਾਉਣ 'ਤੇ ਹੀ ਆਪਣੇ ਪਿਤਾ ਮਹਾਪਦਮ ਨੰਦ ਨੂੰ ਮਾਰ ਦਿੱਤਾ ਸੀ। ਇਹ ਕਥਾ, ਪਾਠ ਪੁਸਤਕਾਂ ਵਿੱਚ ਵੀ ਦਰਜ ਹੈ। ਪਤਾ ਹੋਣਾ ਚਾਹੀਦਾ ਹੈ ਕਿ ਮਹਾਂਪਦਮ ਨੰਦ ਅਸ਼ੋਕ ਮਹਾਨ ਦਾ ਪੜਦਾਦਾ ਸੀ। ਚੰਦਰ ਗੁਪਤ ਉਸ ਦਾ ਬਾਬਾ ਸੀ। ਬਿੰਦੂਸਾਰ ਦਾ ਉਹ ਲੜਕਾ ਸੀ। ਪ੍ਰੰਤੂ ਪ੍ਰਹਿਲਾਦ ਦੇ ਅਜਿਹਾ ਨਾ ਕਰਨ 'ਤੇ ਵੀ ਨਰਸਿੰਘ ਅਵਤਾਰ ਦਾ ਕੰਮ ਸੌਖਾ ਹੋ ਗਿਆ ਸੀ। ਉਹ ਪ੍ਰਹਿਲਾਦ ਦੀ ਮੱਦਦ ਨਾਲ਼ ਹਰ ਥਾਂ ਪਹੁੰਚ ਸਕਦਾ ਸੀ।

**ਜੋਤੀ ਰਾਉ ਫੂਲੇ:** ਨਰਸਿੰਘ ਨੇ ਮੌਕਾ ਦੇਖ ਕੇ, ਤਾਜੀਆ ਦੇ ਬਾਘ (ਭਾਵ ਸ਼ੇਰ) ਦੇ ਬਨਾਉਟੀ ਰੂਪ ਲਈ ਆਪਣੇ ਸਾਰੇ ਸਰੀਰ ਨੂੰ ਰੰਗਵਾਇਆ, ਮੂੰਹ 'ਤੇ ਵੱਡੇ ਵੱਡੇ ਨਕਲੀ ਦੰਦ ਲੁਆਏ। ਲੰਬੇ ਲੰਬੇ ਵਾਲ਼ਾਂ ਦੀ ਦਾੜ੍ਹੀ ਮੁੱਛ ਲਗਾਈ। ਤੇ ਉਹ ਇੱਕ ਤਰ੍ਹਾਂ ਨਾਲ਼ ਭਿਆਨਕ ਸ਼ੇਰ ਬਣ ਗਿਆ। ਇਹ ਸਾਰਾ ਸੁਆਂਗ ਛੁਪਾਉਣ ਲਈ ਨਰਸਿੰਘ ਨੇ ਜਰੀ ਨਾਲ ਬਣੀ ਹੋਈ ਉੱਚੀ ਕਿਸਮ ਦੀ ਸਾੜ੍ਹੀ ਪਹਿਨ ਲਈ। ਅਤੇ ਸਤੀ (ਸਤੀ ਸਵਿੱਤਰੀ ਔਰਤ) ਦੀ ਤਰ੍ਹਾਂ ਆਪਣੇ ਮੂੰਹ 'ਤੇ ਲੰਬਾ ਚੌੜਾ ਘੁੰਡ ਕੱਢ ਕੇ, ਝੂਮਦੇ, ਲਹਿਰਾਉਂਦੇ ਉਸ ਬੱਚੇ (ਪ੍ਰਹਿਲਾਦ) ਦੀ ਮੱਦਦ ਨਾਲ਼ ਇੱਕ ਦਿਨ ਉਸ ਦੇ ਪਿਤਾ ਦੁਆਰਾ ਬਣਾਏ ਵਿਸ਼ਾਲ ਮਹਿਲ ਵਿੱਚ, ਜਿੱਥੇ ਖੰਭਿਆਂ ਦੀ ਭਰਮਾਰ ਸੀ, ਉੱਥੇ ਜਾ ਕੇ ਛੁਪ ਕੇ ਖੜ੍ਹਾ ਹੋ ਗਿਆ।'

ਜਦੋਂ ਦਿਨ ਭਰ ਦੇ ਕੰਮ ਨਿਪਟਾ ਕੇ, ਹਿਰਣਾਕਸ਼, ਅਰਾਮ ਕਰਨ ਲਈ ਪਹੁੰਚਿਆ ਤਾਂ ਉਹ, ਨਿੱਕਲ਼ ਕੇ, ਹਿਰਣਾਕਸ਼ ਦੇ ਸਰੀਰ 'ਤੇ ਕਾਤਲਾਨਾ ਢੰਗ ਨਾਲ਼ ਟੁੱਟ ਪਿਆ। ਉਸ ਨੇ ਆਪਣੀ ਮੁੱਠੀ 'ਤੇ ਛੁਪਾਏ ਬਾਘੀ ਨੌਹਾਂ ਨਾਲ਼ ਉਸ ਦੇ ਪੇਟ 'ਤੇ ਵਾਰ ਕਰਕੇ ਉਸ ਦਾ ਪੇਟ ਚੀਰ ਦਿੱਤਾ। ਇਸ ਤਰ੍ਹਾਂ ਉਸ ਨੇ ਹਿਰਣਾਕਸ਼ ਦੀ ਹੱਤਿਆ ਕਰ ਦਿੱਤੀ।' (24)

ਅਸੀਂ ਸਮਝ ਸਕਦੇ ਹਾਂ ਕਿ ਇਸ ਆਰੀਅਨ ਅਵਤਾਰ ਨੇ ਕਿਸ ਢੰਗ ਨਾਲ਼ ਦਰਾਵਿੜ ਰਾਜ ਨੂੰ ਖਤਮ ਕਰਨ ਦਾ ਚਾਰਾ ਵਰਤਿਆ ਕਿ ਜੇ ਹੋ ਸਕੇ ਤਾਂ ਘਰ ਦੇ ਪਰਵਾਰ 'ਚੋਂ ਹੀ, ਸਵਾਰਥ ਸਿੱਧੀ ਲਈ ਬੰਦਾ ਤਿਆਰ ਕਰੋ। ਜੇ ਉਹ ਵੱਡੀ ਗੱਲ ਨਾ ਮੰਨੇ ਤਾਂ ਉਸ ਦੇ ਸਹਾਰੇ ਉਹ ਕੰਮ ਗੁਪਤ ਢੰਗ ਨਾਲ਼ ਆਪ ਕਰੋ ਕਿ ਪਤਾ ਵੀ ਨਾ ਲੱਗੇ ਤੇ ਕੰਮ ਵੀ ਹੋ ਜਾਵੇ।

ਕਿਉਂਕਿ ਨਰਸਿੰਘ ਨੇ ਆਪਣੇ ਜਥੇ ਨਾਲ਼ ਹਮਲਾ ਨਹੀਂ ਸੀ ਕੀਤਾ। ਜਥਿਆਂ ਦੇ ਹਮਲੇ ਏਥੇ ਕਾਰਗਰ ਸਾਬਤ ਨਹੀਂ ਹੋਏ ਤਾਂ ਉਸ ਨੇ ਇਕੱਲਿਆਂ ਦਾਅ ਖੇਡਿਆ ਸੀ। ਕਾਮਯਾਬੀ ਪਾਈ। ਪ੍ਰੰਤੂ ਉਹ ਰਾਜ ਭਾਗ ਨਾ ਸਾਂਭ ਸਕਿਆ। ਸਗੋਂ ਆਪਣੇ ਆਦਮੀ ਲੈ ਕੇ ਦੂਰ ਨਿੱਕਲ਼ ਗਿਆ। ਪ੍ਰਹਿਲਾਦ ਨੂੰ ਆਪਣੀ ਮੂਰਖਤਾ ਦੀ ਸਮਝ ਬਾਅਦ 'ਚ ਆਈ। ਲੋਕਾਂ ਨੇ ਆਰੀਅਨਾਂ ਨੂੰ ਦਵਿੱਜ ਭਾਵ ਉੱਤਮ ਕਹਿਣ ਦੀ ਥਾਂ, ਵਿਪਰ ਕਹਿਣਾ ਸ਼ੁਰੂ ਕਰ ਦਿੱਤਾ। ਜਿਸ ਦਾ ਅਰਥ ਹੈ ਧੋਖੇਬਾਜ, ਛਲੀਆ, ਵਿਸ਼ਵਾਸ-ਘਾਤੀ। (ਸ਼ਬਦ ਅਰਥ ਸਫਾ 25) ਜਿਸ ਦਾ ਮੂਲ ਸ਼ਬਦ ਵਿਪਰੀਆ ਹੈ।

**ਜੋਤੀ ਰਾਉ ਫੂਲੇ :** (ਵਿਪਰੀਓ) ਭਾਵ ਵਿਪਰਾਂ ਨੇ ਪ੍ਰਹਿਲਾਦ ਦਾ ਰਾਜ (ਕਿਉਂਕਿ ਪਿਤਾ ਦੇ ਮਰਨ ਉਪਰੰਤ ਉਹ ਹੀ ਗੱਦੀ 'ਤੇ ਬੈਠਿਆ ਸੀ) ਹੜੱਪਣ ਲਈ ਕਈ ਤਰ੍ਹਾਂ ਦੇ ਲੁਕੇ ਛੁਪੇ ਯਤਨ ਕੀਤੇ। ਪ੍ਰੰਤੂ ਉਹਨਾਂ ਨੂੰ ਇਸ ਕੰਮ ਵਿੱਚ ਕੋਈ ਕਾਮਯਾਬੀ ਨਹੀਂ ਮਿਲੀ। ਕਿਉਂਕਿ ਬਾਅਦ ਵਿੱਚ ਪ੍ਰਹਿਲਾਦ ਦੀਆਂ ਅੱਖਾਂ ਖੁੱਲ੍ਹ ਗਈਆਂ। ਉਸ ਨੂੰ ਵਿਪਰਾਂ ਦੀਆਂ ਕੁਟਲ ਨੀਤੀਆਂ ਦਾ ਸਪੱਸ਼ਟ ਰੂਪ ਦਿਖਾਈ ਦੇਣ ਲੱਗ ਪਿਆ।

**(ਚਲਦਾ)**



ਜਗਤਗੁਰੂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪਵਿੱਤਰ ਪ੍ਰਕਾਸ਼ ਉਤਸਵ ਦੀ ਸਮੂਹ ਸੰਗਤ ਨੂੰ ਲੱਖ-ਲੱਖ ਵਧਾਈ

# ਜਗਤਗੁਰੂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ
# 639ਵਾਂ ਪ੍ਰਕਾਸ਼ ਉਤਸਵ

**ON SUNDAY 6th MARCH 2016**
Timing : 11:00 am to 3:00 pm

**SHRI GURU RAVIDASS GURUGHAR**
5025 S. CHERRY AVE, FRESNO CA 93706

ਗੁਰੂ ਪਿਆਰੀ ਸਾਧ ਸੰਗਤ ਸੰਗਤ ਜੀਓ ਆਪ ਜੀ ਨੂੰ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਧੰਨ ਧੰਨ ਜਗਤਗੁਰੂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 639ਵਾਂ ਪ੍ਰਕਾਸ਼ ਪੁਰਬ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਿਤੀ 6 ਮਾਰਚ 2016 ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਗੁਰੂਘਰ 5025 S. CHERRY AVE FRESNO CA 93706 ਵਿਖੇ ਬੜੀ ਸ਼ਰਧਾਪੂਰਵਕ ਮਨਾਇਆ ਜਾ ਰਿਹਾ ਹੈ।
ਸੋ ਆਪ ਜੀ ਨੇ ਇਸ ਮੌਕੇ ਤੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ।

ਭਾਈ ਜਸਬੀਰ ਸਿੰਘ ਜੀ ਕੀਰਤਨ ਕਰਨਗੇ
March 2nd to 5th 7pm-8pm
March 6th 12pm-1pm

## ਮਿਤੀ 6 ਮਾਰਚ 2016 ਦਿਨ ਐਤਵਾਰ

ਭੋਗ ਉਪਰੰਤ ਸਵੇਰੇ11:00 ਵਜੇ ਤੋਂ ਦੁਪਹਿਰ 3:00 ਵਜੇ ਪ੍ਰਸਿੱਧ ਰਾਗੀ ਢਾਡੀ
ਅਤੇ ਕੀਰਤੀਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਨਗੇ ਅਤੇ
ਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਤੇ ਚਾਨਣਾ ਪਾਉਣਗੇ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ




ਮਿਤੀ 6 ਮਾਰਚ 2016 ਦਿਨ ਐਤਵਾਰ ਨੂੰ ਹੀ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਲਾਇਬ੍ਰੇਰੀ ਖੋਲ੍ਹੀ ਜਾਵੇਗੀ ਅਤੇ ਪੰਜਾਬੀ ਸਕੂਲ ਦਾ ਵੀ ਉਦਘਾਟਨ ਕੀਤਾ ਜਾਵੇਗਾ।

# SHRI GURU RAVIDASS GURUGHAR

5025 S. CHERRY AVE. FRESNO CA 93706, PH : 559-486-3091

: ਬੇਨਤੀ ਕਰਤਾ :

Chairman Rajinder Kumar Momi, President Kewal Chauhan, Genreal Sec. Santokh Virdi,
Asstt. Sec Jagtar Daroch, Stage Sec. Amar Daroch, Asstt Sec. Jaswant Mehmi,
Cashier Ranjit Cheema, Asstt. Cashier Prem Kumar Badhan




ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ 6 ਮਾਰਚ ਨੂੰ ਸ੍ਰੀ ਗੁਰੂ ਰਵਿਦਾਸ ਜੀ ਦਾ 639ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਮੋਮੀ ਪਰਿਵਾਰ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਅਤੇ ਪ੍ਰਬੰਧਕ ਕਮੇਟੀ ਨੂੰ

# ਲੱਖ ਲੱਖ ਵਧਾਈਆਂ

ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਗੁਰੂ ਘਰ ਹਾਜ਼ਰੀਆਂ ਲਗਾ ਕੇ ਜੀਵਨ ਸਫਲਾ ਕਰੀਏ ਅਤੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

DAYS INN | Holiday Inn EXPRESS HOTEL & SUITES | momi

ਧੰਨ ਧੰਨ
ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

ਕਮਿਊਨਿਟੀ ਦੇ ਨਿਸ਼ਕਾਮ ਸੇਵਕ,ਪੰਜਾਬੀ ਬੋਲੀ ਅਤੇ ਪੰਜਾਬੀ ਸਭਿਆਚਾਰ ਦੇ ਸੱਚੇ ਸੇਵਾਦਾਰ

**Holidayinn Express, DAYS INN ਅਤੇ MOMI HOSPITALITY INVESTMENT**
ਕੈਲੀਫੋਰਨੀਆ ਦੇ ਮਾਲਕ





# MOMI BROTHERS

# ਸਮੂਹ MOMI ਪਰਿਵਾਰ

# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ
































ਤਸਵੀਰਾਂ- ਪ੍ਰੇਮ ਚੁੰਬਰ (ਦੇਸ਼ ਦੁਆਬਾ)



# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ



























ਤਸਵੀਰਾਂ- ਪ੍ਰੇਮ ਢੁੱਬਰ (ਦੇਸ਼ ਦੁਆਬਾ)

